

ਜਨ-ਜਨ ਦੀ ਅਵਾਜ਼

Website:www.onlinejagran.com

ਜਲੰਧਰ ਤੋਂ ਪ੍ਰਕਾਸ਼ਿਤ

# ਜਨ ਜਾਗਰਣ

R.N.I No. PUNPUN/2011/44547

Email- janjagran1988@gmail.com

Daily Jan Jagran Punjab

ਜਨ ਜਾਗਰਣ ਟੀ. ਵੀ. ਪੰਜਾਬ ਦੇਖਣ ਲਈ ਹੇਠਾਂ ਦਿੱਤੇ ਫੇਸਬੁੱਕ ਅਕਾਊਂਟ 'ਤੇ ਜਾਓ

ਜਨ ਜਾਗਰਣ TV ਪੰਜਾਬ

Facebook.com/janjagranpunjab

ਸਾਲ : 16 ਅੰਕ : 44 ਦਿਨ : ਸ਼ਨੀਵਾਰ ਮਿਤੀ : 14 ਫਰਵਰੀ, 2026 ਮੁੱਲ : 2.00 ਰੁਪਏ ਫੋਨ : 099998-89104 ਕੁੱਲ ਸਫੇ =12


# ਲੋਕ ਸਭਾ ਦੀ ਕਾਰਵਾਈ 9 ਮਾਰਚ ਤੱਕ ਮੁਲਤਵੀ

## ਕੇਂਦਰੀ ਮੰਤਰੀ ਹਰਦੀਪ ਪੁਰੀ ਦੇ ਅਸਤੀਫੇ ਦੀ ਮੰਗ ਨੂੰ ਲੈ ਕੇ ਸਦਨ 'ਚ ਹੰਗਾਮਾ



ਨਵੀਂ ਦਿੱਲੀ, 13 ਫਰਵਰੀ (ਪੱਤਰ ਪ੍ਰੇਰਕ) ਲੋਕ ਸਭਾ ਬਜਟ ਸੈਸ਼ਨ ਵਿੱਚ ਹੋਏ ਹੰਗਾਮੇ ਤੋਂ ਬਾਅਦ ਸਦਨ ਦੀ ਕਾਰਵਾਈ 9 ਮਾਰਚ ਤੱਕ ਮੁਲਤਵੀ ਕਰ ਦਿੱਤੀ ਗਈ ਹੈ। ਇਸ ਤੋਂ ਪਹਿਲਾਂ ਸਦਨ ਵਿੱਚ ਵਿਰੋਧੀ ਧਿਰ ਦੇ ਮੈਂਬਰਾਂ ਨੇ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਦੇ ਅਸਤੀਫ਼ੇ ਦੀ ਮੰਗ ਕਰਦੇ ਹੋਏ ਹੰਗਾਮਾ ਕੀਤਾ ਅਤੇ ਨਾਅਰੇਬਾਜ਼ੀ ਕੀਤੀ। ਇਸ ਹੰਗਾਮੇ ਕਾਰਨ ਸਦਨ ਦੀ ਕਾਰਵਾਈ ਸ਼ੁਰੂ ਹੋਣ ਤੋਂ ਸਿਰਫ਼ ਪੰਜ ਮਿੰਟ ਬਾਅਦ ਦੁਪਹਿਰ 12 ਵਜੇ ਤੱਕ ਮੁਲਤਵੀ ਕਰ ਦਿੱਤੀ ਗਈ। ਜ਼ਿਕਰਯੋਗ ਹੈ ਕਿ ਸਦਨ ਦੀ ਕਾਰਵਾਈ ਸ਼ੁਰੂ ਹੁੰਦੇ ਸਾਰ ਹੀ ਪ੍ਰਧਾਨਗੀ ਚੇਅਰਪਰਸਨ ਸੰਧਿਆ ਰਾਏ ਨੇ ਸਦਨ ਨੂੰ ਸਾਬਕਾ ਸੰਸਦ ਮੈਂਬਰ ਡਾ. ਭਗਵਾਨ ਦਾਸ ਰਾਠੌਰ ਦੇ ਦੇਹਾਂਤ ਦੀ ਜਾਣਕਾਰੀ ਦਿੱਤੀ ਅਤੇ ਮੈਂਬਰਾਂ ਨੇ ਮ੍ਰਿਤਕ ਸਾਬਕਾ ਮੈਂਬਰ ਨੂੰ ਸ਼ਰਧਾਂਜਲੀ ਦੇਣ ਲਈ ਇੱਕ ਪਲ ਦਾ ਮੌਨ ਰੱਖਿਆ। ਇਸ ਤੋਂ ਬਾਅਦ ਜਿਵੇਂ ਹੀ ਪ੍ਰਧਾਨਗੀ ਚੇਅਰਮੈਨ ਨੇ ਪ੍ਰਸ਼ਨ ਕਾਲ ਸ਼ੁਰੂ ਕਰਵਾਇਆ, ਕਾਂਗਰਸ ਸਮੇਤ ਵਿਰੋਧੀ ਪਾਰਟੀਆਂ ਦੇ ਮੈਂਬਰ ਕੇਂਦਰੀ ਮੰਤਰੀ ਪੁਰੀ ਦੇ ਅਸਤੀਫ਼ੇ ਦੀ ਮੰਗ ਕਰਦਿਆਂ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ ਅਤੇ ਸਪੀਕਰ ਦੇ ਮੰਚ ਦੇ ਨੇੜੇ ਆ ਗਏ। ਇਸ ਦੌਰਾਨ ਕਾਂਗਰਸ ਸੰਸਦ ਮੈਂਬਰ ਉੱਜਵਲ ਰਮਨ ਸਿੰਘ ਨੇ ਆਪਣਾ ਪੂਰਕ ਸਵਾਲ ਪੁੱਛਿਆ, ਜਿਸ ਦਾ ਜਵਾਬ ਸਿਹਤ ਮੰਤਰੀ ਜੇ.ਪੀ. ਨੱਡਾ ਨੇ ਹੰਗਾਮੇ ਦੌਰਾਨ ਦਿੱਤਾ। ਵਧਦੇ ਹੰਗਾਮੇ ਨੂੰ ਦੇਖਦਿਆਂ ਪਹਿਲਾਂ ਕਾਰਵਾਈ 12 ਵਜੇ ਤੱਕ ਮੁਲਤਵੀ ਕੀਤੀ ਗਈ ਸੀ ਪਰ ਹੁਣ ਬਜਟ ਸੈਸ਼ਨ ਨੂੰ 9 ਮਾਰਚ ਤੱਕ ਮੁਲਤਵੀ ਕਰ ਦਿੱਤਾ ਗਿਆ ਹੈ।

## ਬਾਰ੍ਹਵੀਂ ਜਮਾਤ: ਉਤਰ ਪੱਤਰੀਆਂ ਦੇ ਅੰਕਾਂ ਦਾ ਜੋੜ ਨਹੀਂ ਹੋਵੇਗਾ ਗਲਤ: ਸੀਬੀਐਸਸੀ

ਚੰਡੀਗੜ੍ਹ, 13 ਫਰਵਰੀ (ਪੱਤਰ ਪ੍ਰੇਰਕ)– ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ (ਸੀਬੀਐਸਈ) ਨੇ ਕਿਹਾ ਹੈ ਕਿ ਇਸ ਸਾਲ ਤੋਂ ਬਾਰ੍ਹਵੀਂ ਜਮਾਤ ਦੀਆਂ ਉਤਰ ਪੱਤਰੀਆਂ ਦੀ ਕੰਪਿਊਟਰ 'ਤੇ ਜਾਂਚ ਹੋਣ ਤੋਂ ਬਾਅਦ ਅੰਕਾਂ ਦਾ ਮੁਲਾਂਕਣ ਨਹੀਂ ਹੋਵੇਗਾ ਕਿਉਂਕਿ ਬੋਰਡ ਇਨ੍ਹਾਂ ਜਮਾਤਾਂ ਦੇ ਨਤੀਜੇ ਆਨ ਸਕਰੀਨ ਤਿਆਰ ਕਰੇਗਾ। ਇਹ ਜਾਣਕਾਰੀ ਸੀਬੀਐਸਈ ਅਧਿਕਾਰੀਆਂ ਨੇ ਅੱਜ ਲਾਈਵ ਵੈਬਕਾਸਟ ਜ਼ਰੀਏ ਸਾਂਝੀ ਕੀਤੀ ਤੇ ਇਸ ਸਾਲ ਤੋਂ ਕੀਤੇ ਗਏ ਤਿੰਨ ਮੁੱਖ ਬਦਲਾਅ ਬਾਰੇ ਵੀ ਦੱਸਿਆ। ਜਾਣਕਾਰੀ ਅਨੁਸਾਰ ਇਸ ਦੌਰਾਨ ਬੋਰਡ ਦੇ ਪ੍ਰੀਖਿਆਵਾਂ ਕੰਟਰੋਲਰ ਸੰਯਮ ਭਾਰਦਵਾਜ ਨੇ ਦਸਵੀਂ ਤੇ ਬਾਰ੍ਹਵੀਂ ਜਮਾਤ ਦੀਆਂ ਪ੍ਰੀਖਿਆਵਾਂ ਦੌਰਾਨ ਕੀਤੇ ਗਏ ਬਦਲਾਅ ਬਾਰੇ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਕਿਹਾ ਕਿ ਬਾਰ੍ਹਵੀਂ ਜਮਾਤ ਦੇ ਨਤੀਜਿਆਂ ਤੋਂ ਬਾਅਦ ਅੰਕਾਂ ਦੀ ਵੈਰੀਫਿਕੇਸ਼ਨ ਦੀ ਲੋੜ ਨਹੀਂ ਪਵੇਗੀ ਕਿਉਂਕਿ ਕੰਪਿਊਟਰ 'ਤੇ ਪੇਪਰ ਚੈਕ ਹੋਣ ਕਾਰਨ ਅੰਕਾਂ ਦਾ ਜੋੜ ਵੀ ਗਲਤ ਨਹੀਂ ਹੋਵੇਗਾ।

# ਕੈਪਟਨ ਅਮਰਿੰਦਰ ਨੂੰ ਤਲਬ ਕਰਨ ਵਾਲੇ ਈ ਡੀ ਅਧਿਕਾਰੀ ਦਾ ਤਬਾਦਲਾ



ਚੰਡੀਗੜ੍ਹ, 13 ਫਰਵਰੀ (ਪੱਤਰ ਪ੍ਰੇਰਕ)– ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਉਨ੍ਹਾਂ ਦੇ ਪੁੱਤਰ ਰਣਇੰਦਰ ਸਿੰਘ ਨੂੰ ਤਲਬ ਕਰਨ ਵਾਲੇ ਐਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਦੇ ਵਧੀਕ ਨਿਰਦੇਸ਼ਕ ਰਵੀ ਤਿਵਾੜੀ ਦਾ ਤਬਾਦਲਾ ਕਰ ਦਿੱਤਾ ਗਿਆ ਹੈ। ਤਿਵਾੜੀ ਦੀ ਥਾਂ ਹੁਣ ਵਧੀਕ ਨਿਰਦੇਸ਼ਕ ਵਜੋਂ ਦਿਨੇਸ਼ ਪਚੌਰੀ ਦੀ ਤਾਇਨਾਤੀ ਕੀਤੀ ਗਈ ਹੈ। ਉੱਚ ਅਧਿਕਾਰੀ ਇਸ ਨੂੰ ਰੁਟੀਨ ਦਾ ਤਬਾਦਲਾ ਦੱਸਿਆ ਹੈ ਪ੍ਰੰਤੂ ਕੈਪਟਨ ਪਰਿਵਾਰ ਦੀ ਤਲਬੀ ਮੌਕੇ ਇਹ ਤਬਾਦਲਾ ਕਈ ਤਰ੍ਹਾਂ ਦੇ ਸ਼ੰਕੇ ਜ਼ਾਹਿਰ ਕਰਦਾ ਹੈ। ਐਨਫੋਰਸਮੈਂਟ ਡਾਇਰੈਕਟੋਰੇਟ ਤਰਫ਼ੋਂ ਕੈਪਟਨ ਅਮਰਿੰਦਰ ਸਿੰਘ ਅਤੇ ਰਣਇੰਦਰ ਸਿੰਘ ਨੂੰ ਵਿਦੇਸ਼ੀ ਮੁਦਰਾ ਪ੍ਰਬੰਧਨ ਐਕਟ ਦੀ ਕਥਿਤ ਉਲੰਘਣਾ ਦੇ ਮਾਮਲੇ 'ਚ ਸੰਮਨ ਕੀਤਾ ਗਿਆ ਸੀ ਪ੍ਰੰਤੂ ਦੋਵੇਂ ਪਿਤਾ ਪੁੱਤਰ ਈ ਡੀ ਕੋਲ ਪੇਸ਼ ਹੋਣ 'ਚ ਅਸਫਲ ਰਹੇ। ਕੈਪਟਨ ਅਮਰਿੰਦਰ ਸਿੰਘ ਇਸ ਵੇਲੇ ਹਸਪਤਾਲ 'ਚ ਹਨ ਜਿਨ੍ਹਾਂ ਦੇ ਗੋਡਿਆਂ ਦਾ ਇਲਾਜ ਚੱਲ ਰਿਹਾ ਹੈ। ਇਸੇ ਦੌਰਾਨ ਈ ਡੀ ਅਧਿਕਾਰੀ ਤਿਵਾੜੀ ਦਾ ਤਬਾਦਲਾ ਹੋਇਆ ਹੈ ਜੋ ਸਤੰਬਰ 2023 'ਚ ਜਲੰਧਰ ਵਿਖੇ ਤਾਇਨਾਤ ਹੋਏ ਸਨ। ਈ ਡੀ ਇੱਕ ਪੁਰਾਣੇ ਮਾਮਲੇ ਦੀ ਜਾਂਚ ਕਰ ਰਹੀ ਹੈ ਜੋ ਰਣਇੰਦਰ ਸਿੰਘ ਨਾਲ ਜੁੜੀ ਹੋਈ ਹੈ। ਈ ਡੀ ਪਹਿਲਾਂ ਵੀ ਰਣਇੰਦਰ ਸਿੰਘ ਤੋਂ ਸਵਿਟਜ਼ਰਲੈਂਡ ਵਿੱਚ ਫ਼ੰਡਾਂ ਦੀ ਕਥਿਤ ਹੇਰਾਫੇਰੀ ਅਤੇ 'ਜੈਕਾਰੰਡਾ ਟਰੱਸਟ' ਦੇ ਗਠਨ ਨੂੰ ਲੈ ਕੇ ਪੁੱਛਗਿੱਛ ਕਰ ਚੁੱਕੀ ਹੈ। ਕੈਪਟਨ ਅਮਰਿੰਦਰ ਦੇ ਪੁੱਤਰ ਰਣਇੰਦਰ ਸਿੰਘ ਨੂੰ ਪਹਿਲੀ ਵਾਰ ਜੁਲਾਈ 2016 ਵਿੱਚ ਈ ਡੀ ਵੱਲੋਂ ਤਲਬ ਕੀਤਾ ਗਿਆ ਸੀ। ਉਨ੍ਹਾਂ ਤੋਂ ਸਵਿਟਜ਼ਰਲੈਂਡ ਵਿੱਚ ਫੰਡਾਂ ਦੀ ਕਥਿਤ ਮੂਵਮੈਂਟ ਅਤੇ 'ਜੈਕਾਰੰਡਾ ਟ੍ਰਸਟ' ਬਣਾਉਣ ਬਾਰੇ ਪੁੱਛਗਿੱਛ ਕੀਤੀ ਗਈ ਸੀ। ਉਹ ਦੁਬਾਰਾ ਨਵੰਬਰ 2020 ਵਿੱਚ ਈ ਡੀ ਸਾਹਮਣੇ ਪੇਸ਼ ਹੋਏ ਸਨ। ਉਨ੍ਹਾਂ ਦੇ ਖ਼ਿਲਾਫ਼ ਈ ਡੀ ਦੀ ਜਾਂਚ ਕਥਿਤ ਤੌਰ 'ਤੇ ਇਨਕਮ ਟੈਕਸ ਵਿਭਾਗ ਦੇ ਉਨ੍ਹਾਂ ਨਤੀਜਿਆਂ ਨਾਲ ਜੁੜੀ ਹੋਈ ਸੀ ਕਿ ਉਨ੍ਹਾਂ ਦੁਆਰਾ ਵਿਦੇਸ਼ਾਂ ਵਿੱਚ ਹਾਸਲ ਕੀਤੀਆਂ ਕੁਝ ਜਾਇਦਾਦਾਂ ਦਾ ਖੁਲਾਸਾ ਨਹੀਂ ਕੀਤਾ ਗਿਆ ਸੀ। ਈਡੀ ਦੇ ਸੂਤਰਾਂ ਨੇ ਦੱਸਿਆ ਕਿ ਕੈਪਟਨ ਅਮਰਿੰਦਰ ਨੂੰ ਭੇਜਿਆ ਸੰਮਨ ਵੀ ਇਸੇ ਸਬੰਧ ਵਿੱਚ ਸੀ।

# ਮੁੜ ਪਾਕਿਸਤਾਨੀ ਪਤੀ ਦੇ ਘਰ ਪਹੁੰਚੀ ਸਰਬਜੀਤ ਕੌਰ ਉਰਫ਼ ਨੂਰ ਹੁਸੈਨ, ਨਹੀਂ ਆਵੇਗੀ ਭਾਰਤ ਵਾਪਸ !



ਚੰਡੀਗੜ੍ਹ, 13 ਫਰਵਰੀ (ਪੱਤਰ ਪ੍ਰੇਰਕ)–ਭਾਰਤ ਸਿੱਖ ਜਥੇ ਨਾਲ ਪਾਕਿਸਤਾਨ ਜਾ ਕੇ ਵਿਆਹ ਕਰਵਾਉਣ ਵਾਲੀ ਸਰਬਜੀਤ ਕੌਰ ਉਰਫ਼ ਨੂਰ ਫਾਤਿਮਾ ਹੁਸੈਨ ਬੀਤੇ ਦਿਨ ਆਪਣੇ ਪਾਕਿਸਤਾਨੀ ਪਤੀ ਨਾਸਿਰ ਹੁਸੈਨ ਦੇ ਘਰ ਪਹੁੰਚ ਗਈ ਹੈ। ਹਾਲਾਂਕਿ ਪਿਛਲੇ ਕੁੱਝ ਸਮੇਂ ਤੋਂ ਸਰਬਜੀਤ ਕੌਰ ਦੇ ਭਾਰਤ ਵਾਪਸ ਆਉਣ ਦੇ ਕਿਆਸ ਲਾਏ ਜਾ ਰਹੇ ਸਨ। ਪਾਕਿਸਤਾਨ ਦੇ ਮਹਿਲਾ ਸ਼ੈਲਟਰ ਹੋਮ ਤੋਂ ਰਿਹਾਈ ਤੋਂ ਬਾਅਦ ਸਾਹਮਣੇ ਆਈਆਂ ਵੀਡੀਓਜ਼ ਵਿੱਚ ਉਸ ਦੀ ਖੁਸ਼ੀ ਵੱਖਰੀ ਹੀ ਦਿਖਾਈ ਦੇ ਰਹੀ ਸੀ। ਉਸਨੇ ਪਾਕਿਸਤਾਨੀ ਮੀਡੀਆ ਨਾਲ ਗੱਲਬਾਤ ਕਰਦਿਆਂ ਆਪਣੀਆਂ ਭਾਵਨਾਵਾਂ ਸਾਂਝੀਆਂ ਕੀਤੀਆਂ। ਇਸ ਦੌਰਾਨ ਉਸਦੇ ਨਾਲ ਉਸਦਾ ਪਤੀ ਨਾਸਿਰ ਹੁਸੈਨ ਵੀ ਮੌਜੂਦ ਸੀ, ਜਿਸ ਨੇ ਕਿਹਾ ਕਿ ਉਹ ਬਹੁਤ ਖੁਸ਼ ਹਨ। ਪਾਕਿਸਤਾਨੀ ਮੀਡੀਆ ਨਾਲ ਗੱਲਬਾਤ ਕਰਦਿਆਂ ਸਰਬਜੀਤ ਕੌਰ ਉਰਫ਼ ਨੂਰ ਫਾਤਿਮਾ ਨੇ ਕਿਹਾ ਕਿ ਜੇ ਸੱਚਾ ਪਿਆਰ ਹੋਵੇ ਤਾਂ ਦਿਲ ਵਿੱਚ ਇਹ ਅਹਿਸਾਸ ਰਹਿੰਦਾ ਹੈ ਕਿ ਅਸੀਂ ਇਕ–ਦੂਜੇ ਨੂੰ ਜ਼ਰੂਰ ਮਿਲਾਂਗੇ। ਉਸ ਨੇ ਕਿਹਾ ਕਿ ਉਹਨਾਂ ਦਾ ਪਿਆਰ ਅੱਜ ਦਾ ਨਹੀਂ, ਸਗੋਂ ਪਿਛਲੇ ਅੱਠ ਸਾਲਾਂ ਤੋਂ ਕਾਇਮ ਹੈ। ਉਸ ਨੇ ਕਿਹਾ, "ਜੇ ਉਸ ਦੇ ਮੂੰਹ ਵਿੱਚ ਦੰਦ ਵੀ ਨਾ ਰਹਿੰਦੇ, ਤਾਂ ਵੀ ਉਹ ਪਾਕਿਸਤਾਨ ਜ਼ਰੂਰ ਆਉਂਦੀ।" ਸਰਬਜੀਤ ਕੌਰ ਉਰਫ਼ ਨੂਰ ਹੁਸੈਨ ਨੇ ਕਿਹਾ ਕਿ ਹੁਣ ਉਹ ਆਪਣੀ ਬਾਕੀ ਜ਼ਿੰਦਗੀ ਪਾਕਿਸਤਾਨ ਵਿੱਚ ਖੁਸ਼ੀ–ਖੁਸ਼ੀ ਬਿਤਾਉਣੀ ਚਾਹੁੰਦੀ ਹੈ। ਇਸ ਤੋਂ ਸਾਫ਼ ਜ਼ਾਹਿਰ ਹੈ ਕਿ ਹੁਣ ਸਰਬਜੀਤ ਕੌਰ ਉਰਫ਼ ਨੂਰ ਹੁਸੈਨ ਭਾਰਤ ਵਾਪਸ ਨਹੀਂ ਆਵੇਗੀ। ਹਾਲਾਂਕਿ ਕੁੱਝ ਸਮਾਂ ਪਹਿਲਾਂ ਇੱਕ ਵੀਡੀਓ ਵਾਇਰਲ ਹੋਈ ਸੀ ਜਿਸ ਵਿੱਚ ਕਥਿਤ ਤੌਰ 'ਤੇ ਉਕਤ ਮਹਿਲਾ ਆਪਣੇ ਭਾਰਤੀ ਪਤੀ ਨਾਲ ਗੱਲ ਕਰਦਿਆਂ ਭਾਰਤ ਆਉਣ ਲਈ ਅਪੀਲ ਕਰ ਰਹੀ ਸੀ। ਇਸ ਤੋਂ ਪਹਿਲਾਂ ਰਿਪੋਰਟਾਂ ਵਿੱਚ ਕਿਹਾ ਜਾ ਰਿਹਾ ਸੀ ਕਿ ਸਰਬਜੀਤ ਕੌਰ ਨੂੰ ਭਾਰਤ ਡਿਪੋਰਟ ਕੀਤਾ ਜਾ ਸਕਦਾ ਹੈ ਪਰ ਅਖੀਰ ਉਸ ਨੂੰ ਪਾਕਿਸਤਾਨੀ ਪਤੀ ਦੇ ਘਰ ਜਾਣ ਦੀ ਇਜਾਜ਼ਤ ਦਿੱਤੀ ਗਈ ਹੈ। ਇੱਥੇ ਦੱਸਣਾ ਬਣਦਾ ਹੈ ਕਪੂਰਥਲਾ ਦੀ ਰਹਿਣ ਵਾਲੀ 52 ਸਾਲਾ ਸਰਬਜੀਤ ਨਵੰਬਰ 2025 ਵਿੱਚ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਪੁਰਬ ਮੌਕੇ 1,900 ਤੋਂ ਵੱਧ ਸਿੱਖ ਸ਼ਰਧਾਲੂਆਂ ਨਾਲ ਵਾਹਗਾ–ਅਟਾਰੀ ਸਰਹੱਦ ਪਾਰ ਕਰਕੇ ਪਾਕਿਸਤਾਨ ਗਈ ਸੀ। ਇਹ ਜਥਾ 10 ਦਿਨਾਂ ਦੇ ਦੌਰੇ ਮਗਰੋਂ 13 ਨਵੰਬਰ ਨੂੰ ਭਾਰਤ ਪਰਤਿਆ ਸੀ, ਪਰ ਸਰਬਜੀਤ ਕੌਰ ਉਨ੍ਹਾਂ ਦੇ ਨਾਲ ਵਾਪਸ ਨਹੀਂ ਆਈ ਸੀ।

## ਪੰਜਾਬ ਵਿੱਚ ਪਹਿਲਾ ਐਂਟੀ-ਗੈਂਗਸਟਰ ਟਾਸਕ ਫੋਰਸ ਪੁਲੀਸ ਸਟੇਸ਼ਨ ਤਿਆਰ

ਪਟਿਆਲਾ, 13 ਫਰਵਰੀ (ਪੱਤਰ ਪ੍ਰੇਰਕ)–ਪੰਜਾਬ ਸਰਕਾਰ ਨੇ ਅਪਰਾਧਾਂ ਵਿਰੁੱਧ ਕਾਰਵਾਈ ਤੇਜ਼ ਕਰਨ ਲਈ ਪਟਿਆਲਾ ਜ਼ਿਲ੍ਹੇ ਦੇ ਰਾਜਪੁਰਾ ਵਿੱਚ ਪਹਿਲਾ ਐਂਟੀ–ਗੈਂਗਸਟਰ ਟਾਸਕ ਫੋਰਸ ਪੁਲੀਸ ਸਟੇਸ਼ਨ ਸਥਾਪਤ ਕਰਨ ਨੂੰ ਹਰੀ ਝੰਡੀ ਦੇ ਦਿੱਤੀ ਹੈ। ਗਜ਼ਟ ਨੋਟੀਫਿਕੇਸ਼ਨ ਅਨੁਸਾਰ, ਇਹ ਨਵਾਂ ਪੁਲੀਸ ਸਟੇਸ਼ਨ ਪੂਰੇ ਪੰਜਾਬ ਵਿੱਚ ਕੰਮ ਕਰੇਗਾ। ਇਹ ਕਦਮ ਪੰਜਾਬ ਪੁਲੀਸ ਵੱਲੋਂ 'ਅਪਰੇਸ਼ਨ ਪ੍ਰਹਾਰ' ਤਹਿਤ ਵਿੱਢੀ ਗਈ ਮੁਹਿੰਮ ਦੌਰਾਨ ਚੁੱਕਿਆ ਗਿਆ ਹੈ। ਹਾਲਾਂਕਿ ਗੈਂਗਸਟਰ ਨੈੱਟਵਰਕਾਂ ਅਤੇ ਉਨ੍ਹਾਂ ਦੇ ਸਹਿਯੋਗੀ ਪ੍ਰਣਾਲੀਆਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਰਾਜ ਵਿਆਪੀ ਛਾਪੇਮਾਰੀ ਅਤੇ ਗ੍ਰਿਫਤਾਰੀਆਂ ਦੇ ਦੋ ਪੜਾਅ ਪਹਿਲਾਂ ਹੀ ਮੁਕੰਮਲ ਕੀਤੇ ਜਾ ਚੁੱਕੇ ਹਨ। ਡਾਇਰੈਕਟਰ ਜਨਰਲ ਆਫ਼ ਪੁਲੀਸ ਗੌਰਵ ਯਾਦਵ ਨੇ 2026 ਨੂੰ "ਗੈਂਗਸਟਰਾਂ ਵਿਰੁੱਧ ਸਾਲ" ਵਜੋਂ ਐਲਾਨਿਆ ਹੈ।

# ਪਤਨੀ ਅਤੇ ਪੁੱਤਰ ਨੂੰ ਗੋਲੀ ਮਾਰਨ ਤੋਂ ਬਾਅਦ ਖੁਦ ਨੂੰ ਮਾਰੀ ਗੋਲੀ; ਤਿੰਨਾਂ ਦੀ ਹਾਲਤ ਨਾਜ਼ੁਕ



ਫਿਰੋਜ਼ਪੁਰ, 13 ਫਰਵਰੀ (ਪੱਤਰ ਪ੍ਰੇਰਕ) ਫਿਰੋਜ਼ਪੁਰ ਨੇੜਲੇ ਪਿੰਡ ਬਜੀਦਪੁਰ ਵਿਚ ਅੱਜ ਉਸ ਵੇਲੇ ਦਹਿਸ਼ਤ ਦਾ ਮਾਹੌਲ ਬਣ ਗਿਆ, ਜਦੋਂ ਪਰਿਵਾਰ ਮੁਖੀ ਨੇ ਆਪਣੀ ਪਤਨੀ ਤੇ ਪੁੱਤਰ ਨੂੰ ਗੋਲੀ ਮਾਰਨ ਤੋਂ ਬਾਅਦ ਆਪਣੇ ਆਪ ਨੂੰ ਗੋਲੀ ਮਾਰ ਲਈ। ਇਸ ਵੇਲੇ ਤਿੰਨਾਂ ਦੀ ਹਾਲਤ ਗੰਭੀਰ ਹੈ ਤੇ ਉਨ੍ਹਾਂ ਨੂੰ ਲੁਧਿਆਣਾ ਦੇ ਡੀਐਮਸੀ ਹਸਪਤਾਲ ਰੈਫਰ ਕੀਤਾ ਗਿਆ ਹੈ। ਇਹ ਪਤਾ ਲੱਗਿਆ ਹੈ ਕਿ ਜਦੋਂ ਪਰਿਵਾਰ ਮੁਖੀ ਨੇ ਗੋਲੀਆਂ ਚਲਾਈਆਂ ਤਾਂ ਉਨ੍ਹਾਂ ਦਾ ਵੱਡਾ ਬੱਚਾ ਸਕੂਲ ਗਿਆ ਹੋਇਆ ਸੀ ਜਿਸ ਕਾਰਨ ਉਸ ਦਾ ਬਚਾਅ ਹੋ ਗਿਆ। ਡਾਕਟਰਾਂ ਨੇ ਕਿਹਾ ਕਿ ਉਹ ਮਰੀਜ਼ਾਂ ਦੀ ਨਿਗਰਾਨੀ ਕਰ ਰਹੇ ਹਨ ਤੇ ਹਾਲਤ ਇਸ ਵੇਲੇ ਗੰਭੀਰ ਬਣੀ ਹੋਈ ਹੈ। ਜਾਣਕਾਰੀ ਅਨੁਸਾਰ ਪਿੰਡ ਦੇ ਇੱਕ ਕਿਸਾਨ ਜਗਜੀਤ ਸਿੰਘ ਪੁੱਤਰ ਗੁਰਮੇਜ ਸਿੰਘ ਨੇ ਕਥਿਤ ਤੌਰ 'ਤੇ ਆਪਣੀ ਲਾਇਸੰਸੀ ਰਿਵਾਲਵਰ ਨਾਲ ਆਪਣੀ 35 ਸਾਲਾ ਪਤਨੀ ਨਵਨੀਤ ਕੌਰ ਅਤੇ 4 ਸਾਲਾ ਮਾਸੂਮ ਪੁੱਤਰ ਵਾਰਿਸਦੀਪ ਸਿੰਘ ਨੂੰ ਗੋਲੀ ਮਾਰ ਦਿੱਤੀ। ਪਰਿਵਾਰ 'ਤੇ ਗੋਲੀਆਂ ਚਲਾਉਣ ਤੋਂ ਬਾਅਦ ਕਿਸਾਨ ਨੇ ਉਸੇ ਰਿਵਾਲਵਰ ਨਾਲ ਖੁਦ ਨੂੰ ਵੀ ਗੋਲੀ ਮਾਰ ਕੇ ਖੁਦਕੁਸ਼ੀ ਦੀ ਕੋਸ਼ਿਸ਼ ਕੀਤੀ। ਗੋਲੀਆਂ ਦੀ ਆਵਾਜ਼ ਸੁਣ ਕੇ ਇਲਾਕੇ ਵਿੱਚ ਸਹਿਮ ਫੈਲ ਗਿਆ। ਇਸ ਖੂਨੀ ਘਟਨਾ ਵਿੱਚ ਪਰਿਵਾਰ ਦੇ ਤਿੰਨੋਂ ਮੈਂਬਰ ਗੰਭੀਰ ਜ਼ਖਮੀ ਹੋ ਗਏ। ਉਨ੍ਹਾਂ ਨੂੰ ਤੁਰੰਤ ਫਿਰੋਜ਼ਪੁਰ ਦੇ ਇੱਕ ਨਿੱਜੀ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ, ਪਰ ਹਾਲਤ ਜ਼ਿਆਦਾ ਚਿੰਤਾਜਨਕ ਹੋਣ ਕਾਰਨ ਡਾਕਟਰਾਂ ਨੇ ਮੁੱਢਲੀ ਸਹਾਇਤਾ ਤੋਂ ਬਾਅਦ ਉਨ੍ਹਾਂ ਨੂੰ ਲੁਧਿਆਣਾ ਦੇ ਵੱਡੇ ਹਸਪਤਾਲ ਲਈ ਰੈਫਰ ਕਰ ਦਿੱਤਾ ਹੈ। ਫਿਲਹਾਲ ਤਿੰਨਾਂ ਦੀ ਹਾਲਤ ਬੇਹੱਦ ਨਾਜ਼ੁਕ ਦੱਸੀ ਜਾ ਰਹੀ ਹੈ। ਘਟਨਾ ਦੀ ਸੂਚਨਾ ਮਿਲਦੇ ਹੀ ਡੀਐੱਸਪੀ ਸਬ–ਡਿਵੀਜ਼ਨ ਫਿਰੋਜ਼ਪੁਰ ਕਰਨ ਸ਼ਰਮਾ ਪੁਲੀਸ ਫੋਰਸ ਸਮੇਤ ਮੌਕੇ 'ਤੇ ਪਹੁੰਚੇ। ਪੁਲੀਸ ਵੱਲੋਂ ਇਸ ਘਟਨਾ ਦੇ ਅਸਲ ਕਾਰਨਾਂ ਦਾ ਪਤਾ ਲਗਾਇਆ ਜਾ ਰਿਹਾ ਹੈ। ਪੁਲੀਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ ਕਿ ਕਿਸਾਨ ਨੇ ਮਾਨਸਿਕ ਪ੍ਰੇਸ਼ਾਨੀ ਕਾਰਨ ਇਹ ਕਦਮ ਚੁੱਕਿਆ ਜਾਂ ਕੋਈ ਹੋਰ ਕਾਰਨ ਹੈ। ਫਿਲਹਾਲ ਪੁਲੀਸ ਕਿਸੇ ਵੀ ਨਤੀਜੇ 'ਤੇ ਪਹੁੰਚਣ ਤੋਂ ਪਹਿਲਾਂ ਸਾਰੇ ਤੱਥਾਂ ਨੂੰ ਖੰਗਾਲ ਰਹੀ ਹੈ। ਪਿੰਡ ਦੇ ਲੋਕਾਂ ਅਨੁਸਾਰ ਜਗਜੀਤ ਸਿੰਘ ਇਕ ਖੁਸ਼ਹਾਲ ਕਿਸਾਨ ਹੈ। ਉਸ ਕੋਲ ਆਪਣੀ ਜ਼ਮੀਨ ਹੈ ਅਤੇ ਉਹ ਠੇਕੇ 'ਤੇ ਜ਼ਮੀਨ ਲੈ ਕੇ ਵੀ ਖੇਤੀਬਾੜੀ ਕਰਦਾ ਸੀ। ਗੁਆਂਢੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਕਦੇ ਵੀ ਜਗਜੀਤ ਸਿੰਘ ਨੂੰ ਕਿਸੇ ਪ੍ਰੇਸ਼ਾਨੀ ਜਾਂ ਤਣਾਅ ਵਿਚ ਨਹੀਂ ਦੇਖਿਆ। ਇਸ ਤਰ੍ਹਾਂ ਦੇ ਸੁਖੀ ਪਰਿਵਾਰ ਵਿਚ ਅਚਾਨਕ ਵਾਪਰੀ ਇਸ ਘਟਨਾ ਨੇ ਸਭ ਨੂੰ ਹੈਰਾਨੀ ਵਿੱਚ ਪਾ ਦਿੱਤਾ ਹੈ।

# ਪ੍ਰਧਾਨ ਮੰਤਰੀ ਮੋਦੀ ਵਲੋਂ 'ਸੇਵਾ ਤੀਰਥ' ਦਾ ਉਦਘਾਟਨ



ਨਵੀਂ ਦਿੱਲੀ 13 ਫਰਵਰੀ (ਪੱਤਰ ਪ੍ਰੇਰਕ) : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੁਕਰਵਾਰ ਨੂੰ ਅਪਣੇ ਨਵੇਂ ਦਫ਼ਤਰ 'ਸੇਵਾ ਤੀਰਥ' ਦਾ ਉਦਘਾਟਨ ਕੀਤਾ। ਦਫ਼ਤਰ ਦੀ ਇਹ ਬਦਲੀ ਉਸੇ ਦਿਨ 13 ਫ਼ਰਵਰੀ ਹੋਈ ਜਦੋਂ ਨਵੀਂ ਦਿੱਲੀ ਨੂੰ ਭਾਰਤ ਦੀ ਰਾਜਧਾਨੀ ਐਲਾਨ ਹੋਏ 95 ਸਾਲ ਪੂਰੇ ਹੋਏ। ਰਾਇਸੀਨਾ ਹਿੱਲ ਸਥਿਤ ਬਸਤੀਵਾਦ ਦੌਰ ਦੇ ਸਾਊਥ ਬਲਾਕ ਤੋਂ ਦਫ਼ਤਰ ਬਦਲ ਕੇ, ਮੋਦੀ ਨੇ ਨਵੇਂ ਕੰਪਲੈਕਸ ਦਾ ਉਦਘਾਟਨ ਕੀਤਾ ਜਿਸ ਵਿਚ ਪ੍ਰਧਾਨ ਮੰਤਰੀ ਦਫ਼ਤਰ (ਪੀ.ਐਮ.ਓ.), ਕੈਬਿਨੇਟ ਸਚਿਵਾਲਾ ਅਤੇ ਕੌਮੀ ਸੁਰੱਖਿਆ ਕੌਂਸਲ ਸਕੱਤਰੇਤ ਸ਼ਾਮਲ ਹਨ। ਉਦਘਾਟਨ ਸਮੇਂ ਮੋਦੀ ਨੇ ਗਣੇਸ਼ ਜੀ ਦੀ ਮੂਰਤੀ ਨੂੰ ਮਾਲਾ ਪਾਈ ਅਤੇ ਪਹਿਲੇ ਹੀ ਦਿਨ ਕਈ ਮਹੱਤਵਪੂਰਨ ਫ਼ੈਸਲੇ ਕੀਤੇ। ਇਨ੍ਹਾਂ ਵਿਚ ਪੀ.ਐਮ. ਰਾਹਤ ਯੋਜਨਾ ਸ਼ੁਰੂ ਕਰਨ ਦੀ ਮਨਜ਼ੂਰੀ ਸ਼ਾਮਲ ਹੈ, ਜਿਸ ਅਧੀਨ ਹਾਦਸਿਆਂ ਦੇ ਪੀੜਤਾਂ ਨੂੰ ਰੁਪਏ 1.5 ਲੱਖ ਤਕ ਕੈਸ਼ਲੈੱਸ ਇਲਾਜ ਮਿਲੇਗਾ। ਇਸ ਨਾਲ ਜ਼ਿੰਦਗੀਆਂ ਬਚਾਉਣ ਵਿਚ ਵੱਡੀ ਮਦਦ ਹੋਵੇਗੀ। ਇਸ ਤੋਂ ਇਲਾਵਾ, ਸਰਕਾਰ ਨੇ ਲੱਖਪਤੀ ਦਿਦੀਆਂ ਦੀ ਗਿਣਤੀ ਤਿੰਨ ਕਰੋੜ ਤੋਂ ਵਧਾ ਕੇ ਛੇ ਕਰੋੜ ਕਰਨ ਦਾ ਟੀਚਾ 2029 ਤਕ ਰੱਖਿਆ ਹੈ। ਕਿਸਾਨਾਂ ਲਈ ਖੇਤੀ ਬੁਨਿਆਦੀ ਢਾਂਚਾ ਫੰਡ ਨੂੰ ਦੁੱਗੁਣਾ ਕਰ ਕੇ ਰੁਪਏ 2 ਲੱਖ ਕਰੋੜ ਕੀਤਾ ਗਿਆ ਹੈ। ਨਵੀਂ ਸੋਚ ਨੂੰ ਉਤਸ਼ਾਹਿਤ ਕਰਨ ਲਈ, ਮੋਦੀ ਨੇ ਸਟਾਰਟਅਪ ਇੰਡੀਆ ਫੰਡ ਆਫ਼ ਫੰਡਸ 2.0 ਨੂੰ ਰੁਪਏ 10,000 ਕਰੋੜ ਦੇ ਕੋਰਪਸ ਨਾਲ ਮਨਜ਼ੂਰੀ ਦਿਤੀ। ਇਹ ਡੀਪ ਟੈਕ, ਉੱਨਤ ਨਿਰਮਾਣ ਅਤੇ ਨਵੀਂ ਤਕਨਾਲੋਜੀ ਨੂੰ ਮਜ਼ਬੂਤ ਕਰਨ ਲਈ ਹੈ। ਸੇਵਾ ਤੀਰਥ ਦੇ ਕੰਪਲੈਕਸ ਉਤੇ ਨਾਗਰਿਕ ਦੇਵੋ ਭਵ (ਨਾਗਰਿਕ ਹੀ ਭਗਵਾਨ ਹੈ) ਦਾ ਮੋਟੋ ਲਿਖਿਆ ਗਿਆ ਹੈ। ਇਹ ਕਦਮ ਮੋਦੀ ਸਰਕਾਰ ਦੀ ਉਸ ਨੀਤੀ ਦਾ ਹਿੱਸਾ ਹੈ ਜਿਸ ਅਧੀਨ ਬਸਤੀਵਾਦੀ ਪ੍ਰਤੀਕਾਂ ਤੋਂ ਦੂਰ ਹੋ ਕੇ ਲੋਕ–ਕੇਂਦਰਿਤ ਪ੍ਰਸ਼ਾਸਨਿਕ ਢਾਂਚਾ ਬਣਾਇਆ ਜਾ ਰਿਹਾ ਹੈ। ਇਹ ਉਦਘਾਟਨ ਭਾਰਤ ਦੇ ਪ੍ਰਸ਼ਾਸਨਿਕ ਢਾਂਚੇ ਵਿਚ ਇਕ ਇਤਿਹਾਸਕ ਮੋੜ ਹੈ, ਜੋ ਆਧੁਨਿਕ, ਪ੍ਰਭਾਵਸ਼ਾਲੀ ਅਤੇ ਨਾਗਰਿਕ–ਕੇਂਦਰਿਤ ਸ਼ਾਸਨ ਦੀ ਦਿਸ਼ਾ ਵਲ ਵੱਡਾ ਕਦਮ ਹੈ।

# ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਸੀ ਪੀ ਡਬਲਯੂ ਡੀ ਦਾ ਐਕਸੀਅਨ ਨਾਮਜ਼ਦ

ਅੰਮ੍ਰਿਤਸਰ, 13 ਫਰਵਰੀ (ਪੱਤਰ ਪ੍ਰੇਰਕ)–ਕੇਂਦਰੀ ਲੋਕ ਨਿਰਮਾਣ ਵਿਭਾਗ ਦੇ ਐਕਸੀਅਨ ਨਿਤੀਸ਼ ਕੁਮਾਰ ਵਿਰੁੱਧ ਕੇਂਦਰੀ ਜਾਂਚ ਬਿਊਰੋ ਨੇ ਭ੍ਰਿਸ਼ਟਾਚਾਰ ਰੋਕੂ ਐਕਟ ਤਹਿਤ ਐੱਫ ਆਈ ਆਰ ਦਰਜ ਕੀਤੀ। ਉਨ੍ਹਾਂ ਵਿਰੁੱਧ ਇਹ ਮਾਮਲਾ ਇੱਥੋਂ ਦੀ ਡ੍ਰੀਮ ਸਿਟੀ ਕਲੋਨੀ ਦੇ ਨਵਜੋਤ ਸੈਣੀ ਵੱਲੋਂ ਦਿੱਤੀ ਗਈ ਸ਼ਿਕਾਇਤ ਤੋਂ ਬਾਅਦ ਦਰਜ ਕੀਤਾ ਗਿਆ ਹੈ। ਇਸ ਮਾਮਲੇ ਦੀ ਜਾਂਚ ਇੱਕ ਐੱਸ ਆਈ ਰੈਂਕ ਦੇ ਅਧਿਕਾਰੀ ਨੂੰ ਸੌਂਪੀ ਗਈ ਸੀ, ਜਿਸ ਨੇ ਦੋਸ਼ਾਂ ਨੂੰ ਸਹੀ ਪਾਇਆ। ਪੰਜਾਬ ਸਰਕਾਰ ਤੋਂ ਲੋੜੀਂਦੀ ਇਜਾਜ਼ਤ ਲੈਣ ਤੋਂ ਬਾਅਦ 10 ਫਰਵਰੀ ਨੂੰ ਸੀ ਬੀ ਆਈ ਵੱਲੋਂ ਭ੍ਰਿਸ਼ਟਾਚਾਰ ਰੋਕੂ ਐਕਟ ਦੀ ਧਾਰਾ 7 ਤਹਿਤ ਮਾਮਲਾ ਦਰਜ ਕੀਤਾ ਗਿਆ ਸੀ। ਇਸ ਤੋਂ ਬਾਅਦ ਅਗਲੇਰੀ ਜਾਂਚ ਲਈ ਇਹ ਮਾਮਲਾ ਇੰਸਪੈਕਟਰ ਰੈਂਕ ਦੇ ਅਧਿਕਾਰੀ ਨੂੰ ਮਾਰਕ ਕੀਤਾ ਗਿਆ। ਨਵਦੀਪ ਸੈਣੀ ਨੇ 4 ਫਰਵਰੀ ਨੂੰ ਡੀ ਆਈ ਜੀ, ਸੀ ਬੀ ਆਈ ਕੋਲ ਸ਼ਿਕਾਇਤ ਦਰਜ ਕਰਵਾਈ ਸੀ। ਆਪਣੀ ਸ਼ਿਕਾਇਤ ਵਿੱਚ ਉਸ ਨੇ ਦੋਸ਼ ਲਾਇਆ ਕਿ ਉਹ ਮੈਸਰਜ਼ ਪਰਮ ਇਨਫਰਾ ਪ੍ਰਾਈਵੇਟ ਲਿਮਟਿਡ ਦੇ ਪੰਜਾਬ ਖੇਤਰ ਦੇ ਪ੍ਰਸ਼ਾਸਨਿਕ ਮੁਖੀ ਵਜੋਂ ਕੰਮ ਕਰ ਰਿਹਾ ਸੀ। ਫਰਮ ਨੂੰ ਆਈ.ਆਈ.ਐਮ. ਅੰਮ੍ਰਿਤਸਰ ਦੇ ਨਿਰਮਾਣ ਲਈ 72 ਕਰੋੜ ਰੁਪਏ ਦਾ ਨਿਰਮਾਣ ਕਾਰਜ ਦਾ ਠੇਕਾ ਦਿੱਤਾ ਗਿਆ ਸੀ। ਉਸ ਨੇ ਕਿਹਾ ਕਿ ਇਕਰਾਰਨਾਮੇ ਅਨੁਸਾਰ ਕੰਮ ਦੇ ਖਾਸ ਹਿੱਸੇ ਪੂਰੇ ਹੋਣ ਤੋਂ ਬਾਅਦ, ਅਦਾਇਗੀ ਲਈ ਰਨਿੰਗ ਬਿੱਲ ਸੀ ਪੀ ਡਬਲਯੂ ਡੀ ਨੂੰ ਜਮ੍ਹਾਂ ਕਰਵਾਏ ਜਾਣੇ ਸਨ ਅਤੇ ਵੈਰੀਫਿਕੇਸ਼ਨ ਤੋਂ ਬਾਅਦ ਇਹੀ ਬਿੱਲ ਭੁਗਤਾਨ ਦੀ ਕਲੀਅਰੈਂਸ ਲਈ ਐਕਸੀਅਨ ਨਿਤੀਸ਼ ਕੁਮਾਰ ਨੂੰ ਭੇਜੇ ਜਾਣੇ ਸਨ। ਉਸ ਨੇ ਦੋਸ਼ ਲਾਇਆ ਕਿ 25 ਕਰੋੜ ਰੁਪਏ ਦੇ ਬਿੱਲ ਜਮ੍ਹਾਂ ਕਰਵਾਏ ਗਏ ਸਨ ਅਤੇ ਭੁਗਤਾਨ ਜਾਰੀ ਕੀਤੇ ਗਏ ਸਨ, ਪਰ ਕੁਝ ਮਾਮਲਿਆਂ ਵਿੱਚ ਐਕਸੀਅਨ ਪੱਧਰ 'ਤੇ ਭੁਗਤਾਨ ਜਾਰੀ ਕਰਨ ਵਿੱਚ ਬੇਲੋੜੀ ਦੇਰੀ ਕੀਤੀ ਗਈ ਸੀ।

## ਪੁਲੀਸ ਕਾਰਵਾਈ ਨਾ ਹੋਣ 'ਤੇ ਪੀੜਤ ਪਰਿਵਾਰ ਵੱਲੋਂ ਨੈਸ਼ਨਲ ਹਾਈਵੇਅ ਜਾਮ ਸੜਕ ਹਾਦਸੇ ਵਿੱਚ ਦੋ ਬੱਚਿਆਂ ਦੀ ਹੋਈ ਸੀ ਮੌਤ

ਗੁਰਦਾਸਪੁਰ, 13 ਫਰਵਰੀ (ਪੱਤਰ ਪ੍ਰੇਰਕ)– ਬਟਾਲਾ ਰੋਡ ਸਥਿਤ ਪਿੰਡ ਝਾਵਰ ਨੇੜੇ ਵੀਰਵਾਰ ਦੇਰ ਸ਼ਾਮ ਮੋਟਰਸਾਈਕਲ ਅਤੇ ਟਰੈਕਟਰ ਟਰਾਲੀ ਦੀ ਟੱਕਰ ਦੌਰਾਨ ਦੋ ਚਚੇਰੇ ਭਰਾਵਾਂ ਮਨਪ੍ਰੀਤ ਸਿੰਘ (8) ਅਤੇ ਹਰਪ੍ਰੀਤ ਸਿੰਘ (9) ਦੀ ਮੌਤ ਹੋ ਗਈ ਸੀ। ਜਾਣਕਾਰੀ ਅਨੁਸਾਰ ਮਨਜਿੰਦਰ ਸਿੰਘ ਘਰੋਂ ਕੁਝ ਸਾਮਾਨ ਲੈਣ ਲਈ ਆਪਣੇ ਲੜਕੇ ਮਨਪ੍ਰੀਤ ਸਿੰਘ ਅਤੇ ਭਤੀਜੇ ਹਰਪ੍ਰੀਤ ਸਿੰਘ ਨਾਲ ਮੋਟਰਸਾਈਕਲ 'ਤੇ ਜਾ ਰਿਹਾ ਸੀ ਕਿ ਉਸ ਦੀ ਟੱਕਰ ਟਰੈਕਟਰ ਟਰਾਲੀ ਨਾਲ ਹੋ ਗਈ। ਹਾਦਸੇ ਵਿੱਚ ਮਨਪ੍ਰੀਤ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦ ਕਿ ਹਰਪ੍ਰੀਤ ਸਿੰਘ ਨੇ ਹਸਪਤਾਲ ਜਾਂਦਿਆਂ ਰਾਹ ਵਿੱਚ ਹੀ ਦਮ ਤੋੜ ਦਿੱਤਾ। ਹਾਲਾਂਕਿ ਪੁਲਿਸ ਨੇ ਹਾਦਸੇ ਦੀ ਜਾਂਚ ਸ਼ੁਰੂ ਕਰ ਦਿੱਤੀ ਸੀ ਪਰ ਪਰਿਵਾਰ ਅਤੇ ਇਲਾਕਾ ਵਾਸੀਆਂ ਨੇ ਪੁਲੀਸ 'ਤੇ ਢਿੱਲੀ ਕਾਰਵਾਈ ਦਾ ਦੋਸ਼ ਲਗਾਉਂਦੇ ਹੋਏ ਬੱਬਰੀ ਬਾਈਪਾਸ 'ਤੇ ਅੰਮ੍ਰਿਤਸਰ–ਪਠਾਨਕੋਟ ਨੈਸ਼ਨਲ ਹਾਈਵੇਅ ਜਾਮ ਕਰ ਦਿੱਤਾ।




# ਡੇਅਰੀ, ਕਰਿਆਨਾ ਅਤੇ ਮਠਿਆਈਆਂ ਦੀਆਂ ਦੁਕਾਨਾਂ 'ਤੇ ਛਾਪੇ



ਜ਼ੀਰਾ, 13 ਫਰਵਰੀ (ਪੱਤਰ ਪ੍ਰੇਰਕ)-ਭਾਰਤੀ ਕਿਸਾਨ ਯੂਨੀਅਨ (ਕਾਦੀਆਂ) ਵੱਲੋਂ ਮਿਲਾਵਟਖੋਰੀ ਕਰਨ ਵਾਲਿਆਂ ਵਿਰੁੱਧ ਮੁਹਿੰਮ ਚਲਾਈ ਗਈ। ਇਸ ਦੌਰਾਨ ਜਥੇਬੰਦੀ ਦੇ ਆਗੂਆਂ ਵੱਲੋਂ ਜ਼ਿਲ੍ਹਾ ਅਫ਼ਸਰ ਡਾ. ਅਮਰਵੀਰ ਸਿੰਘ ਅਤੇ ਜ਼ਿਲ੍ਹਾ ਸੇਫ਼ਟੀ ਅਫ਼ਸਰ ਡਾ. ਸਰਬਜੀਤ ਕੌਰ ਨੂੰ ਮੱਲਾਂਵਾਲਾ ਰੋਡ 'ਤੇ ਸਥਿਤ ਮੈਸਰਜ਼ ਕ੍ਰਿਸ਼ਨਾ ਡੇਅਰੀ 'ਤੇ ਦੇਸੀ ਘਿਉ, ਮੱਖਣ ਅਤੇ ਪਨੀਰ ਦੇ ਸੈਂਪਲ ਭਰਵਾਏ ਗਏ। ਮਗਰੋਂ ਕਰਿਆਨੇ ਦੀਆਂ 7 ਦੇ ਕਰੀਬ ਦੁਕਾਨਾਂ 'ਤੇ ਦੇਸੀ ਘਿਉ ਦੇ ਸੈਂਪਲ ਭਰੇ। ਮਗਰੋਂ ਸ਼ਹਿਰ ਦੀ ਰੇਲਵੇ ਰੋਡ 'ਤੇ ਸਥਿਤ ਬਹੁਤ ਪੁਰਾਣੀ ਦੁਕਾਨ ਮੈਸਰਜ਼ ਕਰਮ ਚੰਦ ਸਵੀਟਸ ਦੇ ਸਟੋਰ ਵਿੱਚੋਂ ਵੀ ਸੈਂਪਲ ਭਰੇ ਗਏ। ਇਸ ਦੌਰਾਨ ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੇ ਸੂਬਾ ਕਾਰਜਕਾਰੀ ਮੈਂਬਰ ਦਰਸ਼ਨ ਸਿੰਘ ਮੀਹਾਂਸਿੰਘ ਵਾਲਾ, ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਪ੍ਰੀਤਮ ਸਿੰਘ ਨੇ ਕਿਹਾ ਕਿ ਇਸ ਸਬੰਧੀ ਸ਼ਿਕਾਇਤਾਂ ਮਿਲ ਰਹੀਆਂ ਸਨ। ਆਗੂਆਂ ਨੇ ਮੁੱਖ ਮੰਤਰੀ ਤੋਂ ਮੰਗ ਕੀਤੀ ਕਿ ਮਿਲਾਵਟਖੋਰਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ। ਜ਼ਿਲ੍ਹਾ ਸੇਫ਼ਟੀ ਅਫਸਰ ਡਾ. ਸਰਬਜੀਤ ਕੌਰ ਨੇ ਦੱਸਿਆ ਕਿ ਮਿਲਾਵਟਖੋਰ ਦੁਕਾਨਦਾਰਾਂ ਦੇ ਖ਼ਿਲਾਫ਼ ਜਲਦ ਹੀ ਬਣਦੀ ਕਾਰਵਾਈ ਕੀਤੀ ਜਾਵੇਗੀ।

## ਮੋਬਾਈਲ ਵਿਕਰੇਤਾ ਤੋਂ ਫ਼ਿਰੌਤੀ ਮੰਗਣ ਵਾਲੇ ਚਾਰ ਜਣੇ ਕਾਬੂ

ਮੋਗਾ, 13 ਫਰਵਰੀ (ਪੱਤਰ ਪ੍ਰੇਰਕ)-ਇਥੇ ਥਾਣਾ ਸਿਟੀ ਦੱਖਣੀ ਪੁਲੀਸ ਨੇ ਮੋਬਾਈਲ ਫੋਨ ਵਿਕਰੇਤਾ ਤੋਂ 50 ਲੱਖ ਦੀ ਫ਼ਿਰੌਤੀ ਮੰਗਣ ਵਾਲੇ 5 ਮੈਂਬਰੀ ਗਰੋਹ ਨੂੰ ਬੇਨਕਾਬ ਕਰਕੇ ਚਾਰ ਮੁਲਜ਼ਮਾਂ ਨੂੰ ਕਾਬੂ ਕੀਤਾ ਹੈ। ਡੀ ਐੱਸ ਪੀ ਸਿਟੀ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਸਥਾਨਕ ਫੋਨ ਵਿਕਰੇਤਾ ਹਾਰਦਿਕ ਅਰੋੜਾ ਉਰਫ਼ ਗੋਲ਼ੀ ਨੇ ਦੱਸਿਆ ਸੀ ਕਿ ਉਸ ਦੀ ਸਥਾਨਕ ਸ਼ਹਿਰ ਦੇ ਮੁੱਖ ਬਾਜ਼ਾਰ ਵਿੱਚ ਮੋਬਾਈਲ ਫੋਨਾਂ ਦੀ ਦੁਕਾਨ ਹੈ। ਉਨ੍ਹਾਂ ਦੱਸਿਆ ਕਿ 5 ਜਨਵਰੀ ਨੂੰ ਸਵੇਰੇ ਉਸ ਦੇ ਮੋਬਾਈਲ ਫੋਨ 'ਤੇ ਵਿਦੇਸ਼ੀ ਨੰਬਰ ਤੋਂ ਫੋਨ ਆਇਆ ਅਤੇ ਕਿਹਾ ਕਿ ਉਹ ਮੱਖਣ ਅੰਮ੍ਰਿਤਸਰੀ ਬੋਲ ਰਿਹਾ ਹੈ ਅਤੇ 50 ਲੱਖ ਰੁਪਏ ਫ਼ਿਰੌਤੀ ਦੀ ਮੰਗ ਕੀਤੀ ਗਈ। ਉਸ ਨੂੰ ਜਾਨ ਤੋਂ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ ਗਈਆਂ। ਪੁਲੀਸ ਮੁਤਾਬਕ ਇਸ ਦੌਰਾਨ ਮੋਬਾਈਲ ਫੋਨ ਵਿਕਰੇਤਾ ਤੇ ਜਾਣਕਾਰ ਨੇ ਉਸ ਨੂੰ ਮਿਲੀ ਫ਼ਿਰੌਤੀ ਦੀ ਧਮਕੀ ਬਾਰੇ ਪੁੱਛਿਆ ਅਤੇ ਬਾਅਦ ਵਿਚ ਦੁਕਾਨਦਾਰ ਕੋਲੋਂ 4-ਆਈਫੋਨ 17 ਪ੍ਰੋਮੈਕਸ ਨਾਲ ਸੈਟਿੰਗ ਕਰਵਾਉਣ ਦੀ ਗੱਲ ਆਖੀ। ਦੁਕਾਨਦਾਰ ਨੂੰ ਇਸ 'ਤੇ ਸ਼ੱਕ ਹੋ ਗਿਆ। ਇਸ ਮਾਮਲੇ ਵਿਚ ਪੁਲੀਸ ਨੇ ਸਖ਼ਤੀ ਨਾਲ ਕਾਰਵਾਈ ਕਰਦਿਆਂ 5 ਮੁਲਜ਼ਮਾਂ ਵਿਚੋਂ ਚਾਰ ਜਸਕਰਨ ਸਿੰਘ ਉਰਫ਼ ਕਰਨ, ਜਸਵਿੰਦਰ ਸਿੰਘ ਉਰਫ਼ ਜੱਸਾ, ਰਵਿੰਦਰ ਸਿੰਘ ਉਰਫ਼ ਹੈਰੀ, ਜਸਕਰਨ ਸਿੰਘ ਸਾਰੇ ਵਾਸੀ ਪਿੰਡ ਮਹਿਰੋਂ ਨੂੰ ਕਾਬੂ ਕਰ ਲਿਆ ਹੈ। ਗਰੋਹ ਦੇ 5ਵੇਂ ਮੈਂਬਰ ਲਖਵਿੰਦਰ ਸਿੰਘ ਉਰਫ਼ ਲਾਡਾ ਦੀ ਗ੍ਰਿਫ਼ਤਾਰੀ ਲਈ ਪੁਲੀਸ ਵੱਲੋਂ ਛਾਪੇ ਮਾਰੇ ਜਾ ਰਹੇ ਹਨ।

# 'ਆਪ' ਵੱਲੋਂ ਵਪਾਰ ਸਮਝੌਤੇ ਖ਼ਿਲਾਫ਼ ਮੰਗ ਪੱਤਰ



ਫਿਰੋਜ਼ਪੁਰ, 13 ਫਰਵਰੀ (ਪੱਤਰ ਪ੍ਰੇਰਕ)-ਆਮ ਆਦਮੀ ਪਾਰਟੀ ਜ਼ਿਲ੍ਹਾ ਫਿਰੋਜ਼ਪੁਰ ਵੱਲੋਂ ਅੱਜ ਕੇਂਦਰ ਦੀ ਮੋਦੀ ਸਰਕਾਰ ਦੀਆਂ ਆਰਥਿਕ ਨੀਤੀਆਂ ਵਿਰੁੱਧ ਪ੍ਰਦਰਸ਼ਨ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਨੂੰ ਮੰਗ ਪੱਤਰ ਸੌਂਪਿਆ ਗਿਆ। ਇਹ ਮੰਗ ਪੱਤਰ ਜ਼ਿਲ੍ਹਾ ਪ੍ਰਧਾਨ ਹਰਜਿੰਦਰ ਸਿੰਘ ਘਾਂਗਾ ਦੀ ਅਗਵਾਈ ਹੇਠ ਦਿੱਤਾ ਗਿਆ। ਇਸ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਬਾਹਰਲੇ ਮੁਲਕਾਂ ਨਾਲ ਕੀਤੇ ਜਾ ਰਹੇ ਕਿਸਾਨ ਅਤੇ ਵਪਾਰ ਵਿਰੋਧੀ ਸਮਝੌਤਿਆਂ ਨੂੰ ਤੁਰੰਤ ਰੋਕਣ ਦੀ ਮੰਗ ਕੀਤੀ ਗਈ ਹੈ। ਮੰਗ ਪੱਤਰ ਵਿੱਚ ਪਾਰਟੀ ਆਗੂਆਂ ਨੇ ਕਿਹਾ ਕਿ ਪਿਛਲੇ ਕੁਝ ਸਮੇਂ ਤੋਂ ਪ੍ਰਧਾਨ ਮੰਤਰੀ ਵੱਲੋਂ ਵੱਖ-ਵੱਖ ਦੇਸ਼ਾਂ ਦੇ ਮੰਤਰੀਆਂ ਨਾਲ ਅਜਿਹੇ ਵਪਾਰਕ ਸਮਝੌਤੇ ਕੀਤੇ ਜਾ ਰਹੇ ਹਨ, ਜਿਨ੍ਹਾਂ ਵਿੱਚ ਭਾਰਤ ਦੇ ਮੁੱਖ ਹਿੱਤਧਾਰਕਾਂ, ਕਿਸਾਨਾਂ ਅਤੇ ਵਪਾਰੀਆਂ ਦੀ ਸਹਿਮਤੀ ਨਹੀਂ ਲਈ ਗਈ। ਉਨ੍ਹਾਂ ਕਿਹਾ ਕਿ ਇਨ੍ਹਾਂ ਸਮਝੌਤਿਆਂ ਨਾਲ ਭਾਰਤ ਦੇ ਘਰੇਲੂ ਬਾਜ਼ਾਰ ਅਤੇ ਖੇਤੀਬਾੜੀ ਸੈਕਟਰ ਨੂੰ ਵੱਡਾ ਆਰਥਿਕ ਨੁਕਸਾਨ ਝੱਲਣਾ ਪਵੇਗਾ। ਉਨ੍ਹਾਂ ਕਿਹਾ ਕਿ ਜੇ ਸਰਕਾਰ ਨੇ ਜਲਦ ਹੀ ਇਨ੍ਹਾਂ ਸਮਝੌਤਿਆਂ ਨੂੰ ਰੱਦ ਨਾ ਕੀਤਾ ਤਾਂ ਆਮ ਆਦਮੀ ਪਾਰਟੀ ਸਮੂਹ ਕਿਸਾਨਾਂ ਅਤੇ ਵਪਾਰੀਆਂ ਨੂੰ ਨਾਲ ਲੈ ਕੇ ਪੂਰੇ ਭਾਰਤ ਵਿੱਚ ਵੱਡੇ ਪੱਧਰ 'ਤੇ ਰੋਸ ਪ੍ਰਦਰਸ਼ਨ ਕਰਨ ਲਈ ਮਜਬੂਰ ਹੋਵੇਗੀ। ਇਸ ਮੌਕੇ ਵਿਧਾਇਕ ਨਰੇਸ਼ ਕਟਾਰੀਆ, ਪਾਰਟੀ ਦੇ ਸੀਨੀਅਰ ਆਗੂ ਸ਼ਮਿੰਦਰ ਖਿੰਡਾ, ਸੁਖਦੇਵ ਸਿੰਘ ਜੋਸਨ, ਸਰਪੰਚ ਪਰਮਜੀਤ ਸਿੰਘ ਹਾਜ਼ਰ ਸਨ। ਪਾਰਟੀ ਨੇ ਸਪੱਸ਼ਟ ਕੀਤਾ ਕਿ ਉਹ ਹਰ ਮੋੜ 'ਤੇ ਦੇਸ਼ ਦੇ ਅੰਨਦਾਤਾ ਅਤੇ ਵਪਾਰੀ ਵਰਗ ਦੇ ਨਾਲ ਖੜ੍ਹੀ ਹੈ ਅਤੇ ਕਿਸੇ ਵੀ ਕੀਮਤ 'ਤੇ ਉਨ੍ਹਾਂ ਦੇ ਹਿੱਤਾਂ ਨਾਲ ਖਿਲਵਾੜ ਨਹੀਂ ਹੋਣ ਦਿੱਤਾ ਜਾਵੇਗਾ।

# ਅੰਗਰੇਜ਼ੀ ਵਿਸ਼ੇ 'ਚ ਸਪੈੱਲ ਵਿਜ਼ਾਰਡ ਮੁਕਾਬਲੇ ਕਰਵਾਏ



ਬਠਿੰਡਾ, 13 ਫਰਵਰੀ (ਪੱਤਰ ਪ੍ਰੇਰਕ)-ਜ਼ਿਲ੍ਹਾ ਸਿੱਖਿਆ ਦਫ਼ਤਰ ਬਠਿੰਡਾ ਅਤੇ ਭਾਰਤੀ ਏਅਰਟੈੱਲ ਫਾਊਂਡੇਸ਼ਨ ਦੇ ਸਾਂਝੇ ਉੱਦਮ ਨਾਲ ਜ਼ਿਲ੍ਹਾ ਪੱਧਰੀ ਅੰਗਰੇਜ਼ੀ ਵਿਸ਼ੇ ਦੇ ਸਪੈੱਲ ਵਿਜ਼ਾਰਡ ਮੁਕਾਬਲੇ ਸਥਾਨਕ ਟੀਚਰਜ਼ ਹੋਮ ਬਠਿੰਡਾ ਵਿੱਚ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਜ਼ਿਲ੍ਹੇ ਦੇ 130 ਤੋਂ ਵੱਧ ਸਰਕਾਰੀ ਸਕੂਲਾਂ ਦੇ ਲਗਪਗ 4000 ਤੋਂ ਵੱਧ ਨੌਵੀਂ ਜਮਾਤ ਦੇ ਵਿਦਿਆਰਥੀਆਂ ਨੇ ਸਕੂਲ ਅਤੇ ਬਲਾਕ ਪੱਧਰ 'ਤੇ ਹਿੱਸਾ ਲਿਆ। ਸੱਤ ਬਲਾਕਾਂ ਵਿੱਚੋਂ ਹਰ ਬਲਾਕ ਦੇ ਪਹਿਲੇ ਤਿੰਨ ਸਥਾਨ ਹਾਸਲ ਕਰਨ ਵਾਲੇ ਕੁੱਲ 21 ਵਿਦਿਆਰਥੀਆਂ ਨੇ ਜ਼ਿਲ੍ਹਾ ਪੱਧਰ 'ਤੇ ਆਪਣੀ ਪ੍ਰਤਿਭਾ ਦਿਖਾਈ। ਮੁਕਾਬਲਿਆਂ ਦੌਰਾਨ ਸਹੀ ਸਪੈਲਿੰਗ ਚੋਣ, ਤਸਵੀਰ ਪਛਾਣ ਅਤੇ ਸਕ੍ਰੈਂਬਲ ਸ਼ਬਦ ਵਰਗੇ ਦਿਲਚਸਪ ਰਾਊਂਡ ਕਰਵਾਏ ਗਏ। ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ ਸਿੱ) ਚਮਕੌਰ ਸਿੰਘ ਸਿੱਧੂ ਨੇ ਕਿਹਾ ਕਿ ਅਜਿਹੇ ਅਕਾਦਮਿਕ ਮੁਕਾਬਲੇ ਵਿਦਿਆਰਥੀਆਂ ਵਿੱਚ ਸਿੱਖਣ ਦੀ ਰੁਚੀ ਅਤੇ ਆਤਮ-ਵਿਸ਼ਵਾਸ ਵਧਾਉਂਦੇਹਨ। ਜ਼ਿਲ੍ਹਾ ਪੱਧਰ ਮੁਕਾਬਲੇ ਵਿੱਚ ਪਹਿਲਾ ਸਥਾਨ ਰਾਮਪੁਰਾ ਫੂਲ ਬਲਾਕ (ਸ ਸ ਸ ਮੰਡੀ ਕਲਾਂ (ਕੁ), ਸ ਹ ਸ ਖੋਖਰ ਅਤੇ ਸ ਸ ਸ ਅਲੀਕੇ), ਦੂਜਾ ਸਥਾਨ ਬਲਾਕ ਗੋਨਿਆਣਾ ਮੰਡੀ (ਸ ਹ ਸ ਹਰਰਾਏਪੁਰ, ਸ ਹ ਸ ਪੂਹਲੀ ਅਤੇ ਪੀ ਐਮ ਸ੍ਰੀ ਸ ਸ ਸ ਗੋਨਿਆਣਾ ਮੰਡੀ (ਕੁ)) ਅਤੇ ਤੀਜਾ ਸਥਾਨ ਬਲਾਕ ਭਗਤਾ ਭਾਈਕਾ (ਸ ਹ ਸ ਰਾਜਗੜ੍ਹ, ਸ ਹ ਸ ਭੈਣੀ ਅਤੇ ਸ ਸ ਸ ਸ ਭਾਈ ਰੂਪਾ (ਕੁ) ਨੇ ਹਾਸਲ ਕੀਤਾ। ਇਸ ਮੌਕੇ ਜ਼ਿਲ੍ਹਾ ਰਿਸੋਰਸ ਕੁਆਰਡੀਨੇਟਰ ਬਾਲ ਕ੍ਰਿਸ਼ਨ, ਬਲਾਕ ਕੁਆਰਡੀਨੇਟਰ ਜਤਿਨ, ਹੈੱਡਮਾਸਟਰ ਕੁਲਵਿੰਦਰ ਸਿੰਘ ਕਟਾਰੀਆ, ਹੈੱਡਮਾਸਟਰ ਸੰਜੀਵ ਕੁਮਾਰ, ਹੈੱਡਮਿਸਟ੍ਰੈਸ ਹੀਨੂੰ ਬਾਂਸਲ, ਜ਼ਿਲ੍ਹਾ ਰੁਜ਼ਗਾਰ ਦਫ਼ਤਰ ਤੋਂ ਵਿਸ਼ਾਲ ਚਾਵਲਾ ਕਰੀਅਰ ਕਾਊਂਸਲਰ ਤੇ ਭਾਰਤੀ ਏਅਰਟੈੱਲ ਫਾਊਂਡੇਸ਼ਨ ਤੋਂ ਪ੍ਰਾਜੈਕਟ ਕੁਆਰਡੀਨੇਟਰ ਗੌਰਵ ਮੱਗੂ ਹਾਜ਼ਰ ਸਨ।

# ਵਜ਼ੀਫ਼ਾ ਘਪਲਾ: ਵਿਸ਼ੇਸ਼ ਜਾਂਚ ਟੀਮ ਦੇ ਹੱਥ ਨਾ ਲੱਗਾ ਰਿਕਾਰਡ

## ਐੱਸ ਸੀ ਕਮਿਸ਼ਨ ਅਤੇ ਐੱਸ ਐੱਸ ਪੀ ਮਾਲੇਰਕੋਟਲਾ ਦੀਆਂ ਪੜਤਾਲਾਂ ਵੀ ਨਤੀਜੇ 'ਤੇ ਨਾ ਪੁੱਜੀਆਂ



ਮਾਲੇਰਕੋਟਲਾ, 13 ਫਰਵਰੀ (ਪੱਤਰ ਪ੍ਰੇਰਕ)-ਡਿਪਟੀ ਕਮਿਸ਼ਨਰ ਮਾਲੇਰਕੋਟਲਾ ਦੇ ਆਦੇਸ਼ਾਂ 'ਤੇ ਐੱਸ ਡੀ ਐੱਮ ਅਹਿਮਦਗੜ੍ਹ ਵੱਲੋਂ ਕਾਇਮ ਕੀਤੀ ਗਈ ਚਾਰ ਮੈਂਬਰੀ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਵੀ ਸੰਤ ਅਤਰ ਸਿੰਘ ਖਾਲਸਾ ਕਾਲਜ ਸੰਦੌੜ 'ਚ ਪੜ੍ਹਦੇ ਐੱਸ ਸੀ ਵਿਦਿਆਰਥੀਆਂ ਦੇ ਲੱਖਾਂ ਰੁਪਏ ਦੀ ਵਜ਼ੀਫ਼ਾ ਰਾਸ਼ੀ ਦੇ ਕਥਿਤ ਘਪਲ਼ੇ ਨਾਲ ਸਬੰਧਤ ਰਿਕਾਰਡ ਪ੍ਰਾਪਤ ਨਹੀਂ ਕਰ ਸਕੀ। ਇਸ ਤੋਂ ਪਹਿਲਾਂ ਇਸ ਮਾਮਲੇ ਵਿੱਚ ਪੰਜਾਬ ਰਾਜ ਐੱਸ ਸੀ ਕਮਿਸ਼ਨ ਅਤੇ ਐੱਸ ਐੱਸ ਪੀ ਮਾਲੇਰਕੋਟਲਾ ਦੀਆਂ ਪੜਤਾਲਾਂ ਵੀ ਐੱਸ ਸੀ ਵਿਦਿਆਰਥੀਆਂ ਲਈ ਸਕਾਲਰਸ਼ਿੱਪ ਰਾਸ਼ੀ ਦੇ ਕਾਲਜ ਅਕਾਊਂਟ ਵਿੱਚ ਆਏ ਲੱਖਾਂ ਰੁਪਏ ਦੀ ਕੋਈ ਉੱਘ ਸੁੱਘ ਨਹੀਂ ਲੈ ਸਕੀਆਂ। ਜਾਣਕਾਰੀ ਅਨੁਸਾਰ ਡੀ ਸੀ ਮਾਲੇਰਕੋਟਲਾ ਦੇ ਹੁਕਮਾਂ 'ਤੇ ਐੱਸ ਡੀ ਐੱਮ ਅਹਿਮਦਗੜ੍ਹ ਵੱਲੋਂ 9 ਮਈ 2025 ਨੂੰ ਇਸ ਮਾਮਲੇ ਦੀ ਜਾਂਚ ਲਈ ਸਰਕਾਰੀ ਬੀ ਐਡ ਕਾਲਜ ਮਾਲੇਰਕੋਟਲਾ ਦੇ ਪ੍ਰਿੰਸੀਪਲ ਡਾ. ਇਰਫ਼ਾਨ ਫਾਰੂਕੀ ਦੀ ਅਗਵਾਈ ਹੇਠ ਪ੍ਰੋ. ਅਰਵਿੰਦਰ ਕੌਰ ਮੰਡ ਸਰਕਾਰੀ ਕਾਲਜ ਮਾਲੇਰਕੋਟਲਾ, ਡਾ. ਤੇਜਿੰਦਰ ਸਿੰਘ ਗੌਰਮਿੰਟ ਕਾਲਜ ਅਮਰਗੜ੍ਹ ਅਤੇ ਡਾ. ਅਮਨਦੀਪ ਬਾਤਿਸ਼ ਗੌਰਮਿੰਟ ਕਾਲਜ ਅਮਰਗੜ੍ਹ 'ਤੇ ਆਧਾਰਿਤ ਚਾਰ ਐੱਸ ਆਈ ਟੀ ਗਠਿਤ ਕੀਤੀ ਗਈ ਸੀ। ਜਾਣਕਾਰੀ ਮੁਤਾਬਕ ਕਲਰਕ-ਕਮ-ਕੈਸ਼ੀਅਰ ਵਜੋਂ ਸੇਵਾ ਕਰਦੇ ਰਹੇ ਖਾਲਸਾ ਕਾਲਜ ਸੰਦੌੜ ਦੇ ਮੁਅੱਤਲ ਦਰਜਾ ਚਾਰ ਕਰਮਚਾਰੀ ਹਾਕਮ ਸਿੰਘ ਨੇ ਚੇਅਰਮੈਨ ਪੰਜਾਬ ਰਾਜ ਐੱਸ ਸੀ ਕਮਿਸ਼ਨ ਅਤੇ ਵੱਖ-ਵੱਖ ਅਧਿਕਾਰੀਆਂ ਨੂੰ ਲਿਖਤੀ ਸ਼ਿਕਾਇਤਾਂ ਭੇਜ ਕੇ ਦੋਸ਼ ਲਾਇਆ ਸੀ ਕਿ ਕਾਲਜ ਪ੍ਰਬੰਧਕਾਂ ਵੱਲੋਂ ਐੱਸ ਸੀ ਵਿਦਿਆਰਥੀਆਂ ਕੋਲੋਂ ਦਾਖ਼ਲੇ ਮੌਕੇ ਜਮ੍ਹਾਂ ਕਰਵਾਈ ਫੀਸ ਪੰਜਾਬ ਸਰਕਾਰ ਦੁਆਰਾ ਕਾਲਜ ਨੂੰ ਐੱਸ ਸੀ ਸਕਾਲਰਸ਼ਿਪ ਦੀ ਰਾਸ਼ੀ ਭੇਜਣ ਦੇ ਬਾਵਜੂਦ ਐੱਸ ਸੀ ਵਿਦਿਆਰਥੀਆਂ ਵਾਪਸ ਨਹੀਂ ਕੀਤੀ ਜਾਂਦੀ। ਸ਼ਿਕਾਇਤਕਰਤਾ ਮੁਤਾਬਕ ਐੱਸ ਸੀ ਵਿਦਿਆਰਥੀਆਂ ਕੋਲੋਂ ਪ੍ਰਾਪਤ ਕੀਤੀਆਂ ਫੀਸਾਂ ਅਤੇ ਸਰਕਾਰ ਵੱਲੋਂ ਭੇਜੀ ਗਈ ਵਜ਼ੀਫ਼ਾ ਰਾਸ਼ੀ ਸਬੰਧੀ ਸੂਚਨਾ ਅਧਿਕਾਰ ਕਾਨੂੰਨ ਤਹਿਤ ਮੰਗੀ ਜਾਣਕਾਰੀ ਵੀ ਕਾਲਜ ਪ੍ਰਬੰਧਕਾਂ ਨੇ ਮੁਹੱਈਆ ਨਹੀਂ ਕਰਵਾਈ। ਜਾਂਚ ਟੀਮ ਵੱਲੋਂ ਵੱਖ-ਵੱਖ ਸਮੇਂ 'ਤੇ ਕਾਲਜ ਦੇ ਪ੍ਰਿੰਸੀਪਲ, ਸਾਬਕਾ ਪਿੰਸੀਪਲ ਅਤੇ ਪ੍ਰਬੰਧਕਾਂ ਨੂੰ ਸਬੰਧਤ ਰਿਕਾਰਡ ਸਮੇਤ ਤਲਬ ਕੀਤਾ ਗਿਆ ਪ੍ਰੰਤੂ ਉਨ੍ਹਾਂ ਵੱਲੋਂ ਕੁਝ ਕੁ ਦਸਤਾਵੇਜ਼ਾਂ ਤੋਂ ਬਗੈਰ ਹੋਰ ਪੁਖਤਾ ਰਿਕਾਰਡ ਜਾਂਚ ਟੀਮ ਸਾਹਮਣੇ ਪੇਸ਼ ਨਹੀਂ ਕੀਤਾ ਗਿਆ। ਸ਼ਿਕਾਇਤਕਰਤਾ ਹਾਕਮ ਸਿੰਘ ਨੇ ਦੱਸਿਆ ਕਿ ਕਾਲਜ ਪ੍ਰਬੰਧਕ ਸਕਾਲਰਸ਼ਿਪ ਰਾਸ਼ੀ ਦਾ ਸਾਰਾ ਭਾਂਡਾ ਸੇਵਾਮੁਕਤ ਪ੍ਰਿੰਸੀਪਲ ਸਿਰ ਭੰਨ੍ਹ ਕੇ ਖੁਦ ਅਣਜਾਣ ਬਣ ਗਏ ਹਨ ਅਤੇ ਬਹਾਨੇ ਬਣਾ ਕੇ ਨਾ ਜਾਂਚ ਟੀਮ ਸਾਹਮਣੇ ਰਿਕਾਰਡ ਪੇਸ਼ ਕਰ ਰਹੇ ਹਨ ਅਤੇ ਨਾ ਹੀ ਸੂਚਨਾ ਅਧਿਕਾਰ ਕਾਨੂੰਨ ਤਹਿਤ ਕੋਈ ਜਾਣਕਾਰੀ ਦੇ ਰਹੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਕਾਲਜ ਪ੍ਰਬੰਧਕਾਂ ਨੇ 522 ਐੱਸ ਸੀ ਵਿਦਿਆਰਥੀਆਂ ਦੇ ਸਕਾਲਰਸ਼ਿੱਪ ਦੇ ਲੱਖਾਂ ਰੁਪਏ ਕਥਿਤ ਤੌਰ 'ਤੇ ਖੁਰਦ ਬੁਰਦ ਕਰ ਦਿੱਤੇ ਹਨ। ਉਨ੍ਹਾਂ ਦੱਸਿਆ ਕਿ ਜਾਂਚ ਟੀਮ ਨੇ ਇਸ ਪੜਤਾਲ ਤੋਂ ਹੱਥ ਖੜ੍ਹੇ ਕਰਦਿਆਂ ਇਸ ਮਾਮਲੇ ਦੀ ਜਾਂਚ ਲਈ ਸਕਲਰਸ਼ਿੱਪ ਵਿਭਾਗ ਨਾਲ ਸਬੰਧਤ ਅਧਿਕਾਰੀਆਂ ਦੀ ਕਮੇਟੀ ਗਠਿਤ ਕਰਨ ਦੀ ਸਿਫਾਰਸ਼ ਕੀਤੀ ਹੈ। ਕਾਲਜ ਪ੍ਰਿੰਸੀਪਲ ਬਚਿੱਤਰ ਸਿੰਘ, ਪ੍ਰਧਾਨ ਸਤਵੰਤ ਸਿੰਘ ਅਤੇ ਸਕੱਤਰ ਕਰਮਜੀਤ ਸਿੰਘ ਨਾਲ ਸੰਪਰਕ ਕਰਨ 'ਤੇ ਇਸ ਮਾਮਲੇ ਸਬੰਧੀ ਕੋਈ ਵੀ ਜਾਣਕਾਰੀ ਹੋਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਉਹ ਤਾਂ ਹਾਲੇ ਨਵੇਂ ਨਿਯੁਕਤ ਹੋਏ ਹਨ। ਹਾਲਾਂਕਿ ਉਕਤ ਪ੍ਰਬੰਧਕ ਜਾਂਚ ਟੀਮ ਸਾਹਮਣੇ ਕਾਲਜ ਪ੍ਰਿੰਸੀਪਲ ਅਤੇ ਪ੍ਰਬੰਧਕ ਪੇਸ਼ ਹੁੰਦੇ ਰਹੇ ਹਨ। ਆਰ ਟੀ ਓ ਮਾਲੇਰਕੋਟਲਾ ਗੁਰਮੀਤ ਕੁਮਾਰ ਬਾਂਸਲ ਜਿਨ੍ਹਾਂ ਕੋਲ ਐੱਸ ਡੀ ਐੱਮ ਅਹਿਮਦਗੜ੍ਹ ਦਾ ਵਾਧੂ ਚਾਰਜ ਵੀ ਹੈ, ਨੇ ਖਾਲਸਾ ਕਾਲਜ ਸੰਦੌੜ ਦੇ ਐੱਸ ਸੀ ਵਿਦਿਆਰਥੀਆਂ ਦੀ ਵਜ਼ੀਫ਼ਾ ਰਾਸ਼ੀ ਦੇ ਕਿਸੇ ਵੀ ਮਸਲੇ ਸਬੰਧੀ ਜਾਣਕਾਰੀ ਤੋਂ ਅਣਜਾਣਤਾ ਪ੍ਰਗਟ ਕੀਤੀ ਹੈ। ਉਨ੍ਹਾਂ ਕਿਹਾ ਕਿ ਮਾਮਲੇ ਦੀ ਫਾਇਲ ਦੇਖੇ ਬਗ਼ੈਰ ਕੋਈ ਟਿੱਪਣੀ ਨਹੀਂ ਕਰ ਸਕਦੇ।

# ਸਬਜ਼ੀਆਂ ਦੀ ਕਾਸ਼ਤ ਬਾਰੇ ਸਿਖਲਾਈ ਕੋਰਸ



ਸੰਗਰੂਰ, 13 ਫਰਵਰੀ (ਪੱਤਰ ਪ੍ਰੇਰਕ)-ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ ਵੱਲੋਂ ਸਬਜ਼ੀਆਂ ਦੀ ਪਨੀਰੀ ਅਤੇ ਸੁਰੱਖਿਅਤ ਖੇਤੀ ਵਿਸ਼ੇ 'ਤੇ ਪੰਜ ਦਿਨਾ ਕਿੱਤਾਮੁਖੀ ਸਿਖਲਾਈ ਕੋਰਸ ਕਰਵਾਇਆ ਗਿਆ। ਪਹਿਲੇ ਦਿਨ ਡਾ. ਮਨਦੀਪ ਸਿੰਘ ਇੰਚਾਰਜ, ਕ੍ਰਿਸ਼ੀ ਵਿਗਆਨ ਕੇਂਦਰ ਨੇ ਸਿਖਿਆਰਥੀਆਂ ਦਾ ਸਵਾਗਤ ਕੀਤਾ ਅਤੇ ਉਨ੍ਹਾਂ ਨੂੰ ਆਪਣੀ ਆਮਦਨ ਵਧਾਉਣ ਲਈ ਸਬਜ਼ੀਆਂ ਦੀ ਪਨੀਰੀ ਸਹਾਇਕ ਕਿੱਤੇ ਵਜੋਂ ਅਪਣਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਸਿਖਿਆਰਥੀਆਂ ਨੂੰ ਕ੍ਰਿਸ਼ੀ ਵਿਗਿਆਨ ਕੇਂਦਰ ਦੀਆਂ ਵੱਖ-ਵੱਖ ਕਿਸਾਨ ਭਲਾਈ ਸਕੀਮਾਂ ਬਾਰੇ ਵੀ ਜਾਣਕਾਰੀ ਦਿੱਤੀ। ਸਹਾਇਕ ਪ੍ਰੋਫੈਸਰ ਡਾ. ਰਵਿੰਦਰ ਕੌਰ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਸਬਜ਼ੀਆਂ ਦੀਆਂ ਸਿਫਾਰਸ਼ ਕਿਸਮਾਂ ਸਬੰਧੀ ਜਾਣਕਾਰੀ ਦਿੱਤੀ। ਉਨ੍ਹਾਂ ਸਬਜ਼ੀਆਂ ਦੀਆਂ ਸੁਰੱਖਿਅਤ ਖੇਤੀ ਤਕਨੀਕਾਂ ਜਿਵੇਂ ਨੀਵੀਂ ਸੁਰੰਗ ਵਿਧੀ ਵਿੱਚ ਬਿਜਾਈ ਅਤੇ ਸਾਂਭ ਸੰਭਾਲ ਪੌਲੀ ਨੈੱਟ ਅਤੇ ਨੈੱਟ ਹਾਊਸ ਵਿੱਚ ਬੀਜੀਆਂ ਸਬਜ਼ੀਆਂ ਦੀ ਕਾਸ਼ਤ ਤਕਨੀਕਾਂ ਬਾਰੇ ਵੀ ਦੱਸਿਆ। ਸਿਖਿਆਰਥੀਆਂ ਨੂੰ ਅਕਾਲ ਸੀਡ ਫਾਰਮ, ਮਸਤੂਆਣਾ ਸਾਹਿਬ ਦਾ ਦੌਰਾ ਕਰਵਾਇਆ ਗਿਆ ਜਿੱਥੇ ਡਾ. ਬੂਟਾ ਸਿੰਘ ਰੋਮਾਣਾ ਨੇ ਸਬਜ਼ੀਆਂ ਅਤੇ ਪਨੀਰੀਆਂ ਬਾਰੇ ਚਾਨਣਾ ਪਾਇਆ। ਡਿਪਟੀ ਡਾਇਰੈਕਟਰ ਡਾ. ਹਰਦੀਪ ਸਿੰਘ ਨੇ ਬਾਗਬਾਨੀ ਵਿਭਾਗ ਦੀਆਂ ਕਿਸਾਨਾਂ ਦੀਆਂ ਭਲਾਈ ਸਕੀਮਾਂ ਬਾਰੇ ਸਾਂਝ ਪਾਈ।

## ਰਿਸ਼ਵਤ ਦੇ ਦੋਸ਼ ਹੇਠ ਨਾਇਬ ਕੋਰਟ ਕਾਬੂ

ਸ੍ਰੀ ਮੁਕਤਸਰ ਸਾਹਿਬ, 13 ਫਰਵਰੀ (ਪੱਤਰ ਪ੍ਰੇਰਕ)-ਥਾਣਾ ਸਿਟੀ ਦਾ ਨਾਇਬ ਕੋਰਟ ਸ਼ਰਨਜੀਤ ਸਿੰਘ ਅਦਾਲਤ ਵਿੱਚੋਂ ਜ਼ਮਾਨਤ ਬਾਰੇ ਜਾਣਕਾਰੀ ਦੇਣ ਬਦਲੇ 4 ਹਜ਼ਾਰ ਰੁਪਏ ਰਿਸ਼ਵਤ ਲੈਂਦਾ ਰੰਗੇ ਹੱਥੀ ਗ੍ਰਿਫਤਾਰ ਕੀਤਾ ਗਿਆ। ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਮੁਕਤਸਰ ਵਾਸੀ ਬਬਲੀ ਅਤੇ ਉਸ ਦੀ ਨੂੰਹ ਸੁਨੇਹਾ 'ਤੇ ਨਸ਼ੇ ਦਾ ਕਥਿਤ ਤੌਰ 'ਤੇ ਝੂਠਾ ਕੇਸ ਥਾਣਾ ਸਿਟੀ ਵਿੱਚ ਦਰਜ ਸੀ। ਇਸ ਦੀ ਸੁਣਵਾਈ 12 ਜਨਵਰੀ ਨੂੰ ਸੀ। ਜਦੋਂ ਬਬਲੀ ਹੋਰੀਂ ਆਪਣੀ ਤਰੀਕ 'ਤੇ ਅਦਾਲਤ ਵਿੱਚ ਪੁੱਜੀਆਂ ਤਾਂ ਉਸ ਦੇ ਵਕੀਲ ਨੇ ਜ਼ਮਾਨਤ ਦਾ ਸਟੇਟਸ ਦੱਸਣ ਤੋਂ ਨਾਂਹ ਕਰ ਦਿੱਤੀ ਤਾਂ ਉਸ ਨੇ ਸ਼ਰਨਜੀਤ ਸਿੰਘ ਨਾਇਬ ਕੋਰਟ ਨਾਲ ਸੰਪਰਕ ਕੀਤਾ ਜਿਸ ਨੇ 4 ਹਜ਼ਾਰ ਰੁਪਏ ਦੀ ਮੰਗ ਕੀਤੀ। ਉਸ ਨੇ ਸਾਰਾ ਮਾਮਲਾ ਚੌਕਸੀ ਵਿਭਾਗ ਦੇ ਧਿਆਨ ਵਿੱਚ ਲਿਆਂਦਾ।

## ਸਰਕਾਰ ਨਸ਼ਿਆਂ ਦੇ ਖ਼ਾਤਮੇ ਲਈ ਦ੍ਰਿੜ: ਬਾਜ਼ੀਗਰ

ਪਾਤੜਾਂ, 13 ਫਰਵਰੀ (ਪੱਤਰ ਪ੍ਰੇਰਕ)-ਨਸ਼ਿਆਂ ਵਿਰੁੱਧ ਯੁੱਧ ਮੁਹਿੰਮ ਤਹਿਤ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਐੱਸ ਡੀ ਐੱਮ ਦਫ਼ਤਰ ਪਾਤੜਾਂ ਵਿਚ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਇਸ ਮੀਟਿੰਗ ਵਿਚ ਐੱਸ ਡੀ ਐੱਮ ਅਸ਼ੋਕ ਕੁਮਾਰ ਅਤੇ ਡੀ ਐਸ ਪੀ ਇੰਦਰਪਾਲ ਸਿੰਘ ਚੌਹਾਨ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਪਹਿਰੇਦਾਰ ਸ਼ਾਮਲ ਹੋਏ। ਹਲਕਾ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨਸ਼ਿਆਂ ਦੇ ਖਾਤਮੇ ਲਈ ਜ਼ਮੀਨੀ ਪੱਧਰ ਉੱਤੇ ਕਾਰਵਾਈ ਨੂੰ ਹੋਰ ਮਜ਼ਬੂਤ ਕਰਨ ਲਈ ਚਰਚਾ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਨਸ਼ੇ ਖਤਮ ਕਰਨ ਲਈ ਸਰਕਾਰ ਵੱਲੋਂ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਸਰਕਾਰ ਨਸ਼ਿਆਂ ਦੇ ਖਾਤਮੇ ਲਈ ਦ੍ਰਿੜ ਹੈ। ਸਰਕਾਰ ਦੀਆਂ ਕੋਸ਼ਿਸ਼ਾਂ ਨੂੰ ਭਰਪੂਰ ਹੁੰਗਾਰਾ ਮਿਲ ਰਿਹਾ ਹੈ। ਪਿੰਡਾਂ ਤੇ ਸ਼ਹਿਰਾਂ ਵਿੱਚ ਨਸ਼ਾ ਵਿਰੋਧੀ ਮੁਹਿੰਮ ਵਿੱਚ ਲੋਕ ਆਪ ਮੁਹਾਰੇ ਜੁੜ ਰਹੇ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਸਰਕਾਰ ਦੀਆਂ ਨਸ਼ੇ ਰੋਕਣ ਦੀਆਂ ਕੋਸ਼ਿਸ਼ਾਂ ਨਾਲ-ਨਾਲ ਲੋਕਾਂ ਦਾ ਫਰਜ਼ ਬਣਦਾ ਹੈ ਕਿ ਉਹ ਰੰਗਲਾ ਪੰਜਾਬ ਬਣਾਉਣ ਲਈ ਸਰਕਾਰ ਨਾਲ ਸਹਿਯੋਗ ਕਰਨ।

# ਭਾਰਤ ਬੰਦ ਦੇ ਕੌਮੀ ਸੱਦੇ 'ਤੇ ਬਰਨਾਲਾ ਵਿੱਚ ਕਿਰਤੀਆਂ ਨੇ ਕੱਢੀ ਰੋਸ ਰੈਲੀ



ਬਰਨਾਲਾ, 13 ਫਰਵਰੀ (ਪੱਤਰ ਪ੍ਰੇਰਕ)-ਕੇਂਦਰੀ ਟਰੇਡ ਯੂਨੀਅਨਾਂ ਤੇ ਫੈਡਰੇਸ਼ਨਾਂ ਦੇ ਕੌਮੀ ਸੱਦੇ 'ਤੇ ਜ਼ਿਲ੍ਹੇ ਦੀਆਂ ਮਜ਼ਦੂਰ, ਕਿਸਾਨ ਤੇ ਮੁਲਾਜ਼ਮ ਜਥੇਬੰਦੀਆਂ ਵੱਲੋਂ ਬਰਨਾਲਾ ਦੇ ਬਾਲਮੀਕੀ ਚੌਂਕ ਵਿਚਾਲੇ ਕੇਂਦਰ ਸਰਕਾਰ ਖ਼ਿਲਾਫ ਰੋਸ ਰੈਲੀ ਕੀਤੀ ਗਈ। ਉਪਰੰਤ ਸਥਾਨਕ ਰੇਲਵੇ ਸਟੇਸ਼ਨ ਤੱਕ ਮਾਰਚ ਵੀ ਕੱਢਿਆ ਗਿਆ। ਰੈਲੀ ਨੂੰ ਵੱਖ ਆਗੂਆਂ ਨੇ ਸੰਬੋਧਨ ਕੀਤਾ ਜਿਨ੍ਹਾਂ ਵਿੱਚ ਏਕਟ ਦੇ ਆਗੂ ਕਾ. ਖੁਸ਼ੀਆ ਸਿੰਘ, ਸੀਟੂ ਦੇ ਸੂਬਾ ਆਗੂ ਸ਼ੇਰ ਸਿੰਘ ਫਰਵਾਹੀ, ਏਕਟੂ ਦੇ ਗੁਰਪ੍ਰੀਤ ਰੂੜੇਕੇ, ਸੂਬਾਈ ਮੁਲਾਜ਼ਮ ਆਗੂ ਕਰਮਜੀਤ ਬੀਹਲਾ, ਬੀਕੇਯੂ ਉਗਰਾਹਾਂ ਦੇ ਚਮਕੌਰ ਸਿੰਘ ਨੈਣੇਵਾਲ, ਟੀਯੂਸੀਆਈ ਦੇ ਲਾਭ ਸਿੰਘ ਅਕਲੀਆ, ਬੀਕੇਯੂ ਡਕੌਂਦਾ ਧਨੇਰ ਦੇ ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ ਤੇ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਪਵਿੱਤਰ ਲਾਲੀ ਆਦਿ ਸ਼ਾਮਲ ਸਨ। ਆਗੂਆਂ ਨੇ ਕਿਹਾ ਕਿ ਭਾਜਪਾ ਦੀ ਸਰਕਾਰ ਦੇਸ਼ ਨੂੰ ਮੁੱਠੀ ਭਰ ਚਹੇਤੇ ਕਾਰਪੋਰੇਟ ਘਰਾਣਿਆਂ ਨੂੰ ਵੇਚਣ 'ਤੇ ਤੁਲੀ ਹੋਈ ਹੈ। ਜਨਤਕ ਅਦਾਰਿਆਂ ਨੂੰ ਪ੍ਰਾਈਵੇਟ ਕਰਕੇ ਆਮ ਲੋਕਾਂ ਤੋਂ ਸਹੂਲਤਾਂ ਖੋਹ ਰਹੀ ਹੈ। ਇਥੋਂ ਤੱਕ ਕਿ ਸੰਵਿਧਾਨ ਨੂੰ ਖਤਮ ਕਰਕੇ ਮਨੂੰ ਸਮ੍ਰਿਤੀ ਨੂੰ ਲਾਗੂ ਕਰਨਾ ਚਾਹੁੰਦੀ ਹੈ। ਬੁਲਾਰਿਆਂ ਨੇ ਕਿਹਾ ਕਿ ਮੋਦੀ ਹਕੂਮਤ ਨੇ ਲੰਘੇ ਦਿਨੀਂ ਬਿਜਲੀ ਸੋਧ ਬਿਲ 2025, ਮਨਰੇਗਾ ਕਾਨੂੰਨ ਨੂੰ ਖ਼ਤਮ ਕਰਕੇ 'ਵੀ.ਬੀ. ਜੀ ਰਾਮ ਜੀ' ਲਿਆਉਣ ਤੇ ਚਾਰ ਲੇਬਰ ਕੋਡ ਵਰਗੇ ਨਵੇਂ ਕਾਨੂੰਨ ਲਿਆ ਕੇ ਵੱਡੇ ਪੂੰਜੀਪਤੀਆਂ ਨੂੰ ਖ਼ੁਸ਼ ਕੀਤਾ ਜਾ ਰਿਹਾ ਹੈ। ਆਗੂਆਂ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਲੋਕ ਮਾਰੂ ਬਿੱਲ ਰੱਦ ਨਾ ਕੀਤੇ ਤਾਂ ਦੇਸ਼ ਭਰ ਦੇ ਸਮੂਹ ਕਿਰਤੀ ਪਹਿਲਾਂ ਵਾਂਗ ਦਿੱਲੀ ਵੱਲ ਕੂਚ ਕਰਨ ਲਈ ਮਜ਼ਬੂਰ ਹੋਣਗੇ। ਆਗੂਆਂ ਨੇ ਮੰਗ ਕੀਤੀ ਕਿ ਮੋਦੀ ਸਰਕਾਰ ਪਬਲਿਕ ਅਦਾਰਿਆਂ ਨੂੰ ਵੇਚਣਾ ਬੰਦ ਕਰੇ, ਘੱਟੋ ਘੱਟ ਹਰ ਕਿਰਤੀ ਦੀ ਪੈਨਸ਼ਨ ਦਸ ਹਜ਼ਾਰ ਮਹੀਨਾ ਕਰੇ, ਠੇਕੇਦਾਰੀ ਪ੍ਰਬੰਧ ਬੰਦ ਕਰੇ, ਕੱਚੇ ਕਾਮਿਆਂ ਨੂੰ ਪੱਕਾ ਕਰੇ ਆਦਿ। ਦੂਜੇ ਪਾਸੇ ਉਨ੍ਹਾਂ ਪੰਜਾਬ ਸਰਕਾਰ 'ਤੇ ਵੀ ਦੋਸ਼ ਲਗਾਉਂਦਿਆਂ ਕਿਹਾ ਕਿ ਕੇਂਦਰ ਸਰਕਾਰ ਦੀ ਤਰਾਂ ਪੰਜਾਬ ਦੀ 'ਆਪ' ਸਰਕਾਰ ਨੇ ਵੀ ਕੀਤੇ ਵਾਅਦਿਆਂ ਵਿਚੋਂ ਇੱਕ ਵੀ ਵਾਅਦਾ ਪੂਰਾ ਨਹੀਂ ਕੀਤਾ। ਇਸ ਮੌਕੇ ਇਨਕਲਾਬੀ ਕੇਂਦਰ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਡਾ. ਰਜਿੰਦਰ ਪਾਲ, ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਜਗਰਾਜ ਰਾਮਾ ਤੋਂ ਇਲਾਵਾ ਨਛੱਤਰ ਸਿੰਘ ਰਾਮ ਨਗਰ,ਮਾਨ ਸਿੰਘ ਗੁਰਮਾ, ਹਰਜੀਤ ਸਿੰਘ ਖਿਆਲੀ, ਆਂਗਣਵਾੜੀ ਵਰਕਰਾਂ ਯੂਨੀਅਨ ਵੱਲੋਂ ਬਲਰਾਜ ਕੌਰ, ਆਸ਼ਾ ਵਰਕਰ ਯੂਨੀਅਨ ਆਗੂ ਸੰਦੀਪ ਕੌਰ ਪੱਤੀ ਅਤੇ ਮੋਹਣ ਸਿੰਘ ਰੂੜੇਕੇ ਆਦਿ ਆਗੂ ਵੀ ਸ਼ਾਮਲ ਸਨ।

# ਹੜਤਾਲ ਨੂੰ ਰਲਵਾਂ-ਮਿਲਵਾਂ ਹੁੰਗਾਰਾ



ਸਿਰਸਾ, 13 ਫਰਵਰੀ (ਪੱਤਰ ਪ੍ਰੇਰਕ)-ਟਰੇਡ ਯੂਨੀਅਨ ਤੇ ਸੰਯੁਕਤ ਕਿਸਾਨ ਮੋਰਚਾ ਦੇ ਸੱਦੇ 'ਤੇ ਦੇਸ਼ਿਵਆਪੀ ਹੜਤਾਲ ਨੂੰ ਇੱਥੇ ਰਲਵਾਂ ਮਿਲਵਾਂ ਹੁੰਗਾਰਾ ਮਿਲਿਆ। ਕਰਮਚਾਰੀਆਂ ਤੋਂ ਇਲਾਵਾ ਸੰਯੁਕਤ ਕਿਸਾਨ ਮੋਰਚਾ ਤੇ ਮਜ਼ਦੂਰ ਯੂਨੀਅਨਾਂ ਨੇ ਵੱਖ-ਵੱਖ ਥਾਈਂ ਪ੍ਰਦਰਸ਼ਨ ਕਰਕੇ ਕੇਂਦਰ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਗਈ। ਹਰਿਆਣਾ ਰੋਡਵੇਜ਼ ਕਰਮਚਾਰੀ ਸੰਯੁਕਤ ਮੋਰਚਾ ਨੇ ਕੇਂਦਰ ਅਤੇ ਰਾਜ ਸਰਕਾਰਾਂ ਦੀਆਂ ਕਰਮਚਾਰੀ ਵਿਰੋਧੀ, ਮਜ਼ਦੂਰ ਵਿਰੋਧੀ ਅਤੇ ਵਿਭਾਗ ਵਿਰੋਧੀ ਨੀਤੀਆਂ ਵਿਰੁੱਧ ਵਿਰੋਧ ਪ੍ਰਦਰਸ਼ਨ ਕੀਤਾ। ਸਿਰਸਾ ਤੋਂ ਇਲਾਵਾ ਰਾਣੀਆਂ 'ਚ ਵੀ ਵਿਰੋਧ ਪ੍ਰਦਰਸ਼ਨ ਕੀਤੇ ਗਏ। ਇਸ ਮੌਕੇ ਕੁੱਲ ਹਿੰਦ ਕਿਸਾਨ ਸਭਾ ਹਰਿਆਣਾ ਦੇ ਸਰਪ੍ਰਸਤ ਕਾ. ਸੁਵਰਨ ਸਿੰਘ ਵਿਰਕ, ਬਲਰਾਜ ਬਣੀ ਅਤੇ ਰਘੁਬੀਰ ਸਿੰਘ ਨਕੌੜਾ ਨੇ ਸਰਕਾਰਾਂ ਨੂੰ ਚਿਤਾਵਨੀ ਦਿੱਤੀ ਕਿ ਜੇ ਖੇਤੀ ਅਤੇ ਡੇਅਰੀ ਖੇਤਰ ਨੂੰ ਵਪਾਰ ਸਮਝੌਤੇ ਵਿੱਚ ਸ਼ਾਮਲ ਕੀਤਾ ਤਾਂ ਦੇਸ਼ ਭਰ 'ਚ ਕਿਸਾਨ ਮਜ਼ਦੂਰ ਤਿੱਖਾ ਅੰਦੋਲਨ ਕਰਨ ਲਈ ਮਜਬੂਰ ਹੋਣਗੇ।

ਸ਼ਹਿਣਾ (ਪੱਤਰ ਪ੍ਰੇਰਕ)-ਕੇਂਦਰੀ ਟਰੇਡ ਯੂਨੀਅਨਾਂ ਦੇ ਸਾਂਝੇ ਫੋਰਮ ਦੇ ਸੱਦੇ 'ਤੇ ਅੱਜ ਇਲਾਕੇ ਭਰ ਵਿੱਚ ਹੜਤਾਲ ਰਹੀ। ਪੀ ਆਰ ਟੀ ਸੀ ਦੀਆਂ ਬੱਸਾਂ ਨਾ ਆਉਣ ਕਾਰਨ ਲੋਕਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਮਗਨਰੇਗਾ ਮਜ਼ਦੂਰ ਯੂਨੀਅਨ ਨੇ ਇਕੱਠੇ ਹੋ ਕੇ ਜ਼ਿਲ੍ਹਾ ਪੱਧਰੀ ਰੈਲੀ ਵਿੱਚ ਸ਼ਮੂਲੀਅਤ ਕੀਤੀ। ਇਸ ਦੇਸ਼ ਵਿਆਪੀ ਹੜਤਾਲ ਕਾਰਨ ਟਰਾਂਸਪੋਰਟ, ਗੈਸ ਸਪਲਾਈ ਆਦਿ ਸੇਵਾਵਾਂ ਪ੍ਰਭਾਵਿਤ ਹੋਈਆਂ।

ਤਪਾ ਮੰਡੀ (ਪੱਤਰ ਪ੍ਰੇਰਕ)-ਨਗਰ ਕੌਂਸਲ ਤਪਾ ਵਿੱਚ ਦੇਸ਼ ਵਿਆਪੀ ਹੜਤਾਲ ਦੇ ਸੱਦੇ ਦੇ ਮੱਦੇਨਜ਼ਰ ਸਫਾਈ ਸੇਵਕਾਂ ਵੱਲੋਂ ਪੂਰਨ ਹੜਤਾਲ ਕੀਤੀ ਗਈ। ਇਸ ਦੌਰਾਨ ਸਫਾਈ ਕਰਮਚਾਰੀਆਂ ਨੇ ਸ਼ਹਿਰ ਦਾ ਸਾਰਾ ਕੰਮਕਾਜ ਬੰਦ ਰੱਖਦਿਆਂ ਆਪਣੀਆਂ ਲੰਬੇ ਸਮੇਂ ਤੋਂ ਲਟਕਦੀਆਂ ਮੰਗਾਂ ਨੂੰ ਲੈ ਕੇ ਸਰਕਾਰ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ। ਸਫਾਈ ਸੇਵਕ ਯੂਨੀਅਨ ਦੇ ਪ੍ਰਧਾਨ ਰਾਜ ਕੁਮਾਰ ਰਫੀ ਨੇ ਦੱਸਿਆ ਕਿ ਮੰਗਾਂ ਨਾ ਮੰਨਣ ਕਾਰਨ ਇਹ ਹੜਤਾਲ ਕੀਤੀ ਗਈ ਹੈ। ਯੂਨੀਅਨ ਨੇ ਪੰਜਾਬ ਪੱਧਰ 'ਤੇ ਇਕਜੁੱਟ ਹੋ ਕੇ ਸੰਘਰਸ਼ ਜਾਰੀ ਰੱਖਣ ਦਾ ਐਲਾਨ ਕੀਤਾ। ਹੜਤਾਲ ਕਾਰਨ ਦਿਨ ਭਰ ਸਫਾਈ ਨਾ ਹੋਣ ਨਾਲ ਸ਼ਹਿਰ ਵਿੱਚ ਕੂੜੇ ਦੇ ਢੇਰ ਲੱਗ ਗਏ ਅਤੇ ਗੰਦਗੀ ਫੈਲ ਗਈ, ਜਿਸ ਕਾਰਨ ਨਾਗਰਿਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਯੂਨੀਅਨ ਨੇ ਚਿਤਾਵਨੀ ਦਿੱਤੀ ਕਿ ਜੇ ਮੰਗਾਂ ਜਲਦ ਨਾ ਮੰਨੀਆਂ ਗਈਆਂ ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ।

ਭੁੱਚੋ ਮੰਡੀ (ਪੱਤਰ ਪ੍ਰੇਰਕ)-ਗੁਰੂ ਹਰਗੋਬਿੰਦ ਸਾਹਿਬ ਥਰਮਲ ਪਲਾਂਟ ਲਹਿਰਾ ਮੁਹੱਬਤ ਦੇ ਬਿਜਲੀ ਮੁਲਾਜ਼ਮਾਂ ਨੇ ਟੈਕਨੀਕਲ ਸਰਵਿਸ ਯੂਨੀਅਨ ਦੀ ਅਗਵਾਈ ਹੇਠ ਦੇਸ਼ ਦੀਆਂ 10 ਟਰੇਡ ਯੂਨੀਅਨ ਵੱਲੋਂ ਅੱਜ ਹੜਤਾਲ ਦੇ ਦਿੱਤੇ ਸੱਦੇ ਤਹਿਤ ਥਰਮਲ ਦੇ ਮੁੱਖ ਗੇਟ ਅੱਗੇ ਰੈਲੀ ਕੀਤੀ ਅਤੇ ਸਰਕਾਰਾਂ ਦੀਆਂ ਲੋਕ ਮਾਰੂ ਨੀਤੀਆਂ ਖ਼ਿਲਾਫ ਨਾਅਰੇਬਾਜ਼ੀ ਕੀਤੀ। ਇਸ ਮੌਕੇ ਪ੍ਰਧਾਨ ਅਮਰਜੀਤ ਸਿੰਘ ਮੰਗਲੀ, ਪ੍ਰਚਾਰ ਸਕੱਤਰ ਪਿਆਰਾ ਸਿੰਘ ਅਤੇ ਖਜ਼ਾਨਚੀ ਵਰਿੰਦਰ ਸਿੰਘ ਪਰਮਾਰ ਨੇ ਸਰਕਾਰਾਂ ਤੋਂ ਮੰਗਾਂ ਮੰਨਣ ਦੀ ਅਪੀਲ ਕੀਤੀ। ਰੈਲੀ ਵਿੱਚ ਸ਼ਾਮਲ ਜੀ ਐੱਚ ਟੀ ਪੀ ਕੰਟਰੈਕਟ ਵਰਕਰਜ਼ ਯੂਨੀਅਨ ਏਟਕ ਦੇ ਪ੍ਰਧਾਨ ਸੁਖਵਿੰਦਰ ਸਿੰਘ, ਕਨਵੀਨਰ ਗੁਰਸੇਵਕ ਸਿੰਘ, ਜਰਨਲ ਸਕੱਤਰ ਰਜਿੰਦਰ ਪਾਲ ਸਿੰਘ ਨੇ ਥਰਮਲ ਪਲਾਂਟ ਲਹਿਰਾ ਮੁਹੱਬਤ ਵਿੱਚ ਠੇਕੇਦਾਰੀ ਸਿਸਟਮ ਤਹਿਤ ਕੰਮ ਕਰਦੇ ਕੱਚੇ ਮੁਲਾਜ਼ਮਾਂ ਨੂੰ ਬਿਨਾਂ ਸ਼ਰਤ ਪੱਕਾ ਕਰਨ ਦੀ ਮੰਗ ਕੀਤੀ।

# ਕੌਂਸਲ ਨੇ ਪੁਲੀਸ ਦੀ ਮਦਦ ਨਾਲ ਨਾਜਾਇਜ਼ ਕਬਜ਼ਾ ਹਟਵਾਇਆ



ਤਪਾ ਮੰਡੀ, 13 ਫਰਵਰੀ (ਪੱਤਰ ਪ੍ਰੇਰਕ)-ਨਗਰ ਕੌਂਸਲ ਵੱਲੋਂ ਪੁਲੀਸ ਦੇ ਸਹਿਯੋਗ ਨਾਲ ਕਾਰਵਾਈ ਕਰਦਿਆਂ ਬਾਬਾ ਮੱਠ ਨੇੜੇ ਨਾਜਾਇਜ਼ ਕਬਜ਼ਾ ਹਟਵਾਇਆ ਗਿਆ। ਨਗਰ ਕੌਂਸਲ ਦੇ ਕਾਰਜ ਸਾਧਕ ਅਫਸਰ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਕਮੇਟੀ ਹਾਊਸ ਦੀ ਮੀਟਿੰਗ 15 ਜਨਵਰੀ ਨੂੰ ਨਗਰ ਕੌਂਸਲ ਤਪਾ ਵਿੱਚ ਹੋਈ ਸੀ। ਇਸ ਵਿਚ ਬਾਬਾ ਮੱਠ ਨਜ਼ਦੀਕ ਸਥਿਤ ਕਮੇਟੀ ਦੀ ਜਗ੍ਹਾ 'ਤੇ ਪਾਣੀ ਵਾਲੀ ਟੈਂਕੀ ਬਣਾਉਣ ਦਾ ਮਤਾ ਨੰਬਰ (87) ਪਾਸ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਨਗਰ ਕੌਂਸਲ ਦੀ ਥਾਂ ਉੱਪਰ ਪਹਿਲਾਂ ਵੀ ਟਿਊਬਵੈਲ ਲੱਗਿਆ ਹੋਇਆ ਹੈ ਅਤੇ ਇਸ ਥਾਂ 'ਤੇ ਪਿਛਲੇ ਕਾਫ਼ੀ ਸਮੇਂ ਤੋਂ ਕੁਝ ਵਾਹਨ ਚਾਲਕਾਂ ਵੱਲੋਂ ਨਾਜਾਇਜ਼ ਕਬਜ਼ਾ ਕੀਤਾ ਹੋਇਆ ਸੀ। ਇਨ੍ਹਾਂ ਨੂੰ ਵਾਰ-ਵਾਰ ਕੌਂਸਲ ਵੱਲੋਂ ਜਗ੍ਹਾ ਖਾਲੀ ਕਰਨ ਲਈ ਕਿਹਾ ਗਿਆ ਪ੍ਰੰਤੂ ਇਨ੍ਹਾਂ ਵਿਅਕਤੀਆਂ ਨੇ ਇਸ ਵੱਲ ਕੋਈ ਧਿਆਨ ਨਹੀਂ ਦਿੱਤਾ। ਇਸ 'ਤੇ ਅੱਜ ਨਗਰ ਕੌਂਸਲ ਤਪਾ ਨੇ ਥਾਣਾ ਤਪਾ ਦੇ ਮੁਖੀ ਸ਼ਰੀਫ਼ ਖਾਨ ਦੀ ਅਗਵਾਈ ਹੇਠ ਪੁਲੀਸ ਦੇ ਸਹਿਯੋਗ ਨਾਲ ਜਗ੍ਹਾ ਨੂੰ ਖਾਲੀ ਕਰਵਾਇਆ ਅਤੇ ਕੰਡਿਆਲੀ ਤਾਰ ਲਗਾ ਕੇ ਕਵਰ ਕਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਇਸ ਜਗ੍ਹਾ 'ਤੇ ਪਾਣੀ ਵਾਲੀ ਟੈਂਕੀ ਬਣਨ ਨਾਲ ਲੋਕਾਂ ਨੂੰ ਗਰਮੀਆਂ ਦੇ ਦਿਨਾਂ 'ਚ ਪਾਣੀ ਨਾਲ ਵੱਡੀ ਰਾਹਤ ਮਿਲੇਗੀ। ਇਸ ਮੌਕੇ ਕੌਂਸਲ ਦੇ ਅਮਨਦੀਪ ਸ਼ਰਮਾ,ਹਰਦੀਪ ਸਿੰਘ ਦੀਪਾ, ਦੀਪ ਸਿੰਘ, ਨਰਿੰਦਰ ਸਿੰਘ, ਤਰਸੇਮ ਚੰਦ ਖਿੱਲੂ ਅਤੇ ਕ੍ਰਿਸ਼ਨ ਸ਼ਰਮਾ ਅਤੇ ਪੁਲੀਸ ਮੁਲਾਜ਼ਮ ਮੌਜੂਦ ਸਨ।

# ਪੁਲੀਸ ਵੱਲੋਂ 23 ਜਣੇ ਨਸ਼ੀਲੇ ਪਦਾਰਥਾਂ ਸਣੇ ਕਾਬੂ

ਮਾਨਸਾ, 13 ਫਰਵਰੀ (ਪੱਤਰ ਪ੍ਰੇਰਕ)-ਮਾਨਸਾ ਪੁਲੀਸ ਨੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਕਾਰਵਾਈ ਕਰਦੇ ਹੋਏ ਵੱਖ-ਵੱਖ ਮਾਮਲਿਆਂ 'ਚ 23 ਵਿਅਕਤੀਆਂ ਨੂੰ ਕਾਬੂ ਕਰਕੇ ਉਨ੍ਹਾਂ ਕੋਲੋਂ 19 ਗ੍ਰਾਮ ਹੈਰੋਇਨ, 300 ਲਿਟਰ ਲਾਹਣ, 300 ਕੈਪਸੂਲ ਸਿਗਨੇਚਰ, 18 ਬੋਤਲਾਂ ਸ਼ਰਾਬ ਬਰਾਮਦ ਕੀਤੀਆਂ। ਸੀਨੀਅਰ ਕਪਤਾਨ ਪੁਲੀਸ ਭਾਗੀਰਥ ਸਿੰਘ ਮੀਨਾ ਨੇ ਦੱਸਿਆ ਕਿ ਪੁਲੀਸ ਪਾਰਟੀ ਵੱਲੋਂ ਗਸ਼ਤ ਦੌਰਾਨ ਸੈਂਟੀ ਵਾਸੀ ਵਾਰਡ ਨੰ. 11 ਬੁਢਲਾਡਾ ਕੋਲੋਂ 7 ਗ੍ਰਾਮ ਹੈਰੋਇਨ, ਇੰਦਰਜੀਤ ਸਿੰਘ ਵਾਸੀ ਝੁਨੀਰ, ਬਲਕਾਰ ਸਿੰਘ ਵਾਸੀ ਦਲੇਲਵਾਲਾ ਕੋਲੋਂ 6 ਗ੍ਰਾਮ ਹੈਰੋਇਨ ਅਤੇ ਜਗਤਾਰ ਸਿੰਘ ਵਾਸੀ ਦੂਲੋਵਾਲ ਨੂੰ 6 ਗ੍ਰਾਮ ਹੈਰੋਇਨ ਸਣੇ ਕਾਬੂ ਕੀਤਾ ਗਿਆ। ਪੀਲਾ ਸਿੰਘ ਵਾਸੀ ਕਿਸ਼ਨਗੜ੍ਹ ਫਰਮਾਹੀ ਕੋਲ 200 ਲਿਟਰ ਲਾਹਣ, ਸੰਤੋਖ ਸਿੰਘ ਵਾਸੀ ਸੰਘਾ ਕੋਲੋਂ 9 ਬੋਤਲਾਂ ਸ਼ਰਾਬ ਠੇਕਾ ਹਰਿਆਣਾ, ਗੁਰਪਸ ਸਿੰਘ ਵਾਸੀ ਤਾਮਕੋਟ ਕੋਲੋਂ 100 ਲਿਟਰ ਲਾਹਣ, ਦਰਸ਼ਨ ਸਿੰਘ ਵਾਸੀ ਕੋਰਟ ਦਾ ਟਿੱਬਾ ਮਾਨਸਾ ਕੋਲੋਂ 9 ਬੋਤਲਾਂ ਸ਼ਰਾਬ ਦੀ ਬਰਾਮਦਗੀ ਕੀਤੀ ਗਈ ਹੈ। ਇਸੇ ਤਰ੍ਹਾਂ ਪੁਲੀਸ ਨੇ ਵਿੱਕੀ ਸਿੰਘ ਵਾਸੀ ਖੀਵਾ ਖੁਰਦ ਕੋਲੋਂ ਗਸ਼ਤ ਦੌਰਾਨ 75 ਸਿਗਨੇਚਰ ਕੈਪਸੂਲ, ਗੋਪੀ ਰਾਮ, ਸੰਦੀਪ ਵਾਸੀ ਵਾ. ਨੰ. 3 ਸਰਦੂਲਗੜ੍ਹ ਕੋਲੋਂ 90 ਸਿਗਨੇਚਰ ਕੈਪਸੂਲ, ਸੁਖਮਨ ਸਿੰਘ ਵਾਸੀ ਕੱਲੋ ਕੋਲੋਂ 45 ਸਿਗਨੇਚਰ ਕੈਪਸੂਲ, ਰਾਂਝਾ, ਬਿੰਦਰ, ਜਸਪਾਲ ਰਾਮ ਵਾਸੀ ਭੱਠਾ ਬਸਤੀ ਮਾਨਸਾ ਕੋਲੋਂ 90 ਸਿਗਨੇਚਰ ਕੈਪਸੂਲ ਬਰਾਮਦ ਕੀਤੇ ਗਏ ਹਨ। ਗਸ਼ਤ ਦੌਰਾਨ ਜਗਸੀਰ ਸਿੰਘ ਵਾਸੀ ਟਾਡੀਆਂ, ਕੁਲਦੀਪ ਸਿੰਘ ਵਾਸੀ ਗਾਮੀਵਾਲਾ, ਵਿੱਕੀ ਸਿੰਘ, ਅਮਨਦੀਪ ਸਿੰਘ ਵਾਸੀ ਕੋਰਟ ਦਾ ਟਿੱਬਾ ਮਾਨਸਾ, ਮਨਦੀਪ ਸਿੰਘ ਵਾਸੀ ਜਵਾਹਰਕੇ ਚੂੰਗੀ ਮਾਨਸਾ, ਰਮਨਦੀਪ ਸ਼ਰਮਾ, ਜਗਤਾਰ ਸਿੰਘ ਵਾਸੀ ਭੀਖੀ, ਅਕਾਸ਼ਦੀਪ ਸਿੰਘ ਵਾਸੀ ਆਹਲੂਪੁਰ, ਨੂੰ ਗਸ਼ਤ ਦੌਰਾਨ ਕਾਬੂ ਕਰਕੇ ਡੋਪ ਟੈਸਟ ਕਰਵਾਉਣ 'ਤੇ ਡੋਪ ਪਾਜ਼ੇਟਿਵ ਆਉਣ 'ਤੇ ਕੇਸ ਦਰਜ ਕੀਤੇ ਗਏ ਹਨ।

# ਪੰਚਾਇਤੀ ਇਕੱਠ ਦੌਰਾਨ ਹੀ ਨਸ਼ਾ ਵੇਚਣ ਦਾ ਐਲਾਨ

## ਪਿੰਡ ਬੱਲੂਆਣਾ ਵਾਸੀਆਂ ਨੇ ਪੁਲੀਸ ਨੂੰ ਸ਼ਿਕਾਇਤ ਕੀਤੀ



ਜਲਾਲਾਬਾਦ, 13 ਫਰਵਰੀ (ਪੱਤਰ ਪ੍ਰੇਰਕ)-ਨਜ਼ਦੀਕੀ ਪਿੰਡ ਬੱਲੂਆਣਾ ਵਿੱਚ ਅੱਜ ਨਸ਼ਾ ਵਿਰੁੱਧ ਮਤਾ ਪਾਉਣ ਲਈ ਪੰਚਾਇਤ ਇਕੱਠੀ ਹੋਈ ਸੀ। ਇਸ ਦੌਰਾਨ ਤਸਕਰਾਂ ਨੇ ਕਹਿ ਦਿੱਤਾ ਕਿ ਅਸੀਂ ਨਸ਼ਾ ਵੇਚਣਾ ਬੰਦ ਨਹੀਂ ਕਰਾਂਗੇ। ਪਿੰਡ ਦੇ ਸਾਬਕਾ ਸਰਪੰਚ ਨੇ ਦੱਸਿਆ ਕਿ ਪਿਛਲੇ ਕੁਝ ਸਮੇਂ ਤੋਂ 10 ਦੇ ਕਰੀਬ ਮੌਤਾਂ ਪਿੰਡ ਵਿੱਚ ਨਸ਼ਾ ਕਰਨ ਕਾਰਨ ਹੋ ਚੁੱਕੀਆਂ ਹਨ ਅਤੇ ਪਿਛਲੇ ਸ਼ੁਕਰਵਾਰ ਵੀ ਪਿੰਡ ਦੇ ਵਿਅਕਤੀ ਦੀ ਮੌਤ ਹੋ ਗਈ। ਕੱਲ੍ਹ ਉਸ ਦੇ ਭੋਗ ਮਗਰੋਂ ਪਿੰਡ ਵਾਸੀਆਂ ਨੇ ਇਸ ਦੇ ਵਿਰੁੱਧ ਇੱਕਜੁਟ ਹੋ ਕੇ ਪਿੰਡ ਵਿੱਚੋਂ ਨਸ਼ਾ, ਜੂਆ ਸੱਟਾ ਅਤੇ ਹੋਰ ਬੁਰਾਈਆਂ ਖਤਮ ਕਰਨ ਦਾ ਸੱਦਾ ਦਿੱਤਾ। ਇਸ ਲਈ ਅੱਜ ਸਵੇਰੇ 10 ਵਜੇ ਪਿੰਡ ਵਿੱਚ ਸਾਰੇ ਪਿੰਡ ਵਾਸੀਆਂ ਦਾ ਇਕੱਠ ਹੋਇਆ। ਇਸ ਮੌਕੇ ਮੋਹਤਵਰਾਂ ਨੇ ਨਸ਼ਿਆਂ ਵਿਰੁੱਧ ਇਕੱਠੇ ਹੋਣ ਦੀ ਗੱਲ ਕਹੀ ਤਾਂ ਦੋ ਵਿਅਕਤੀ ਅਤੇ ਇੱਕ ਔਰਤ ਪਿੰਡ ਵਾਲਿਆਂ ਨੂੰ ਚੁਣੌਤੀ ਦੇਣ ਲੱਗੇ ਕਿ ਉਹ ਨਸ਼ਾ ਵੇਚਦੇ ਹਨ ਅਤੇ ਵੇਚਦੇ ਰਹਿਣਗੇ ਸਾਨੂੰ ਕੋਈ ਨਹੀਂ ਰੋਕ ਸਕਦਾ। ਮਗਰੋਂ ਪਿੰਡ ਵਾਸੀਆਂ ਨੇ ਸਬੰਧਤ ਨਸ਼ਾ ਤਸਕਰਾਂ ਦੇ ਵਿਰੁੱਧ ਸ਼ਿਕਾਇਤ ਥਾਣਾ ਸਿਟੀ ਜਲਾਲਾਬਾਦ ਨੂੰ ਦਿੱਤੀ ਅਤੇ ਨਸ਼ਾ ਤਸਕਰਾਂ ਵਿਰੁੱਧ ਕਾਰਵਾਈ ਕਰਨ ਦੀ ਮੰਗ ਕੀਤੀ। ਥਾਣਾ ਸਿਟੀ ਮੁਖੀ ਅੰਗਰੇਜ਼ ਕੁਮਾਰ ਨੇ ਦੱਸਿਆ ਕਿ ਪਿੰਡ ਵਾਲਿਆਂ ਦੀ ਸ਼ਿਕਾਇਤ ਤੋਂ ਬਾਅਦ ਸਬੰਧਤ ਵਿਅਕਤੀਆਂ ਦੇ ਘਰ ਪੁਲੀਸ ਨੇ ਛਾਪਾ ਮਾਰਿਆ ਪਰ ਉਹ ਘਰਾਂ ਨੂੰ ਜਿੰਦਰੇ ਲਾ ਕੇ ਫ਼ਰਾਰ ਹੋ ਚੁੱਕੇ ਸਨ।

# ਬੱਸ ਕਾਮਿਆਂ ਦੀ ਹੜਤਾਲ, ਸਵਾਰੀਆਂ ਪ੍ਰੇਸ਼ਾਨ

ਬਠਿੰਡਾ, 13 ਫਰਵਰੀ (ਪੱਤਰ ਪ੍ਰੇਰਕ)-ਪੰਜਾਬ ਰੋਡਵੇਜ਼ ਪਨਬੱਸ, ਪੀ ਆਰ ਟੀ ਸੀ ਕੰਟਰੈਕਟ ਵਰਕਰਜ਼ ਯੂਨੀਅਨ ਨੇ ਆਪਣੀਆਂ ਮੰਗਾਂ ਲਈ ਪੀ ਆਰ ਟੀ ਸੀ ਡਿੱਪੂ ਬਠਿੰਡਾ ਦੇ ਅੱਗੇ ਅੱਜ ਇੱਥੇ ਗੇਟ ਰੈਲੀ ਕੀਤੀ। ਠੇਕਾ ਮੁਲਾਜ਼ਮਾਂ ਦੀ ਹੜਤਾਲ ਕਾਰਨ ਵੱਡੀ ਗਿਣਤੀ 'ਚ ਸਰਕਾਰੀ ਬੱਸਾਂ ਸੜਕਾਂ 'ਤੇ ਨਹੀਂ ਆਈਆਂ। ਇਸ ਦੌਰਾਨ ਰੈਗੂਲਰ ਡਰਾਈਵਰਾਂ, ਕੰਡਕਟਰਾਂ ਨੇ ਆਮ ਦਿਨਾਂ ਵਾਂਗ ਡਿਊਟੀ ਕਰਦਿਆਂ, ਲਾਰੀਆਂ ਨੂੰ ਸੜਕਾਂ 'ਤੇ ਦੌੜਾਇਆ। ਬੱਸਾਂ ਦੀ ਕਮੀ ਹੋਣ ਕਾਰਨ ਯਾਤਰੀਆਂ ਨੂੰ ਪ੍ਰੇਸ਼ਾਨੀ ਝੱਲਣੀ ਪਈ। ਇੱਥੇ ਸੂਬਾਈ ਆਗੂ ਸਰਬਜੀਤ ਭੁੱਲਰ, ਹਰਤਾਰ ਸ਼ਰਮਾ, ਅੰਗਰੇਜ਼ ਸਿੱਧੂ, ਬਲਕਾਰ ਗਿੱਲ, ਹਰਬੰਸ ਭੋਲਾ, ਅਜਮੇਰ ਸਿੰਘ, ਸੁਖਦੇਵ ਸਿੰਘ, ਬਖਤੌਰ ਸਿੰਘ, ਮਹਿੰਦਰ ਧੋਨੀ, ਕਮਲਜੀਤ ਸਿੰਘ ਅਤੇ ਗੁਰਮੀਤ ਸਿੰਘ ਨੇ ਪੰਜਾਬ ਸਰਕਾਰ 'ਤੇ ਦੋਸ਼ ਲਾਇਆ ਕਿ ਸਰਕਾਰ ਠੇਕੇ ਅਤੇ ਆਊਟਸੋਰਸ 'ਤੇ ਕੰਮ ਕਰਦੇ ਮੁਲਾਜ਼ਮਾਂ ਨੂੰ ਸਪੈਸ਼ਲ ਕਾਡਰ ਪਾਲਸੀ 2023 ਵਿੱਚ ਫਸਾਉਣ ਲੱਗੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ 'ਤੇ ਟਰਾਂਸਪੋਰਟ ਵਿਭਾਗ ਨੂੰ ਚਲਾਉਣ ਵਿੱਚ ਫੇਲ੍ਹ ਸਾਬਤ ਹੋ ਚੁੱਕੀ ਹੈ ਅਤੇ ਆਪਣੀ ਨਾਕਾਮੀ ਨੂੰ ਛੁਪਾਉਣ ਲਈ ਪੁਲੀਸ ਪ੍ਰਸ਼ਾਸਨ ਦੀ ਵਰਤੋਂ ਕਰਕੇ ਲੋਕਾਂ ਦੀ ਅਵਾਜ਼ ਦਬਾਉਣ ਵਿੱਚ ਲੱਗੀ ਹੋਈ ਹੈ ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਸਰਕਾਰ ਕਿਲੋਮੀਟਰ ਸਕੀਮ ਬੱਸਾਂ ਦੇ ਟੈਂਡਰ ਲੈ ਕੇ ਆਈ ਸੀ, ਜਿਸ ਦਾ ਵਿਰੋਧ ਕਰਦੀਆਂ ਜਥੇਬੰਦੀਆਂ ਦੇ ਵਰਕਰਾਂ ਨੂੰ ਪੁਲੀਸ ਨੇ ਘਰਾਂ ਅਤੇ ਧਰਨਿਆਂ ਤੋਂ ਚੁੱਕ ਕੇ 307 ਵਰਗੀਆਂ ਧਾਰਾਵਾਂ ਲਾ ਕੇ ਜੇਲ੍ਹਾਂ ਵਿੱਚ ਬੰਦ ਕਰ ਦਿੱਤਾ। ਉਨ੍ਹਾਂ ਕਿਹਾ ਕਿ ਕਰੀਬ ਦੋ ਮਹੀਨਿਆਂ ਤੋਂ ਸਰਕਾਰ ਮੀਟਿੰਗਾਂ ਕਰਕੇ ਮੁਲਾਜ਼ਮਾਂ ਦੀ ਰਿਹਾਈ ਦਾ ਭਰੋਸਾ ਦਿੰਦੀ ਆ ਰਹੀ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇ ਮੁਲਾਜ਼ਮਾਂ ਦੀ ਰਿਹਾਈ ਸਣੇ ਹੋਰ ਮੰਗਾਂ ਸਰਕਾਰ ਨੇ ਛੇਤੀ ਨਾ ਮੰਨੀਆਂ ਤਾਂ ਤਿੱਖਾ ਸੰਘਰਸ਼ ਕੀਤਾ ਜਾਵੇਗਾ।

# ਜੀਐਮਐਸਐਚ-16 'ਚ ਖੋਲ੍ਹੇ ਗਏ ਨਸ਼ਾ ਛੁਡਾਊ ਅਤੇ ਇਲਾਜ ਕੇਂਦਰ ਦਾ ਸਿਹਤ ਸਕੱਤਰ ਨੇ ਨਿਰੀਖਣ ਕੀਤਾ



**ਚੰਡੀਗੜ੍ਹ, 13 ਫਰਵਰੀ (ਜਨ ਜਾਗਰਣ ਰਿਪੋਰਟਰ)** : ਸਰਕਾਰੀ ਮਲਟੀ-ਸਪੈਸ਼ਲਿਟੀ ਹਸਪਤਾਲ, ਸੈਕਟਰ 16, ਚੰਡੀਗੜ੍ਹ ਵਿਖੇ ਨਸ਼ਾ ਛੁਡਾਊ ਅਤੇ ਇਲਾਜ ਕੇਂਦਰ (44"3), ਜੋ ਕਿ 27 ਜਨਵਰੀ, 2026 ਨੂੰ ਦੁਬਾਰਾ ਖੋਲ੍ਹਿਆ ਗਿਆ ਸੀ, ਦਾ ਅੱਜ ਸਿਹਤ ਸਕੱਤਰ, ਯੂਟੀ ਚੰਡੀਗੜ੍ਹ, ਸ਼੍ਰੀ ਮਨਦੀਪ ਸਿੰਘ ਬਰਾੜ ਦੁਆਰਾ ਨਿਰੀਖਣ ਕੀਤਾ ਗਿਆ। ਉਨ੍ਹਾਂ ਨੇ ਨਸ਼ਾ ਛੁਡਾਊ ਇਲਾਜ ਲਈ ਪ੍ਰਦਾਨ ਕੀਤੀਆਂ ਜਾ ਰਹੀਆਂ ਸਹੂਲਤਾਂ ਅਤੇ ਸੇਵਾਵਾਂ ਦਾ ਜਾਇਜ਼ਾ ਲਿਆ। ਇਹ ਕੇਂਦਰ 10 ਬਿਸਤਰਿਆਂ ਦੀ ਸਮਰੱਥਾ ਨਾਲ ਕੰਮ ਕਰਦਾ ਹੈ, ਜਿਸ ਵਿੱਚ ਔਰਤਾਂ ਅਤੇ ਵਿਸ਼ੇਸ਼ ਸ਼੍ਰੇਣੀ ਦੇ ਮਰੀਜ਼ਾਂ ਲਈ ਦੋ ਵਾਧੂ ਬਿਸਤਰੇ ਰਾਖਵੇਂ ਹਨ। ਇਹ ਕੇਂਦਰ ਹੁਣ ਨਸ਼ਾ ਛੁਡਾਊ ਅਤੇ ਪਦਾਰਥਾਂ ਦੀ ਨਿਰਭਰਤਾ ਤੋਂ ਠੀਕ ਹੋਣ ਦੀ ਇੱਛਾ ਰੱਖਣ ਵਾਲੇ ਵਿਅਕਤੀਆਂ ਨੂੰ ਦੁਬਾਰਾ ਦਾਖਲ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ। ਨਿਰੀਖਣ ਦੌਰਾਨ ਡਾਇਰੈਕਟਰ ਸਿਹਤ ਸੇਵਾਵਾਂ, ਡਾ. ਸੁਮਨ ਸਿੰਘ ਅਤੇ ਸਿਹਤ ਵਿਭਾਗ ਦੇ ਹੋਰ ਅਧਿਕਾਰੀ ਮੌਜੂਦ ਸਨ। ਕੇਂਦਰ ਵਿੱਚ ਦਾਖਲਾ ਪ੍ਰਕਿਰਿਆ ਸਰਲ ਅਤੇ ਸਹਿਯੋਗੀ ਹੈ। ਮਰੀਜ਼ਾਂ ਦੀ ਪਹਿਲਾਂ ਬਾਹਰੀ ਮਰੀਜ਼ ਵਿਭਾਗ ਵਿੱਚ ਮਨੋਵਿਗਿਆਨੀਆਂ ਦੁਆਰਾ ਜਾਂਚ ਕੀਤੀ ਜਾਂਦੀ ਹੈ ਤਾਂ ਜੋ ਇਲਾਜ ਲਈ ਉਨ੍ਹਾਂ ਦੀ ਤਿਆਰੀ ਅਤੇ ਪ੍ਰੇਰਣਾ ਦਾ ਮੁਲਾਂਕਣ ਕੀਤਾ ਜਾ ਸਕੇ। ਦਾਖਲਾ ਸਵੈਇੱਛਤ ਹੈ, ਅਤੇ ਮਰੀਜ਼ ਅਤੇ ਉਨ੍ਹਾਂ ਦੇ ਪਰਿਵਾਰ ਤੋਂ ਲਿਖਤੀ ਸਹਿਮਤੀ ਲਈ ਜਾਂਦੀ ਹੈ। ਇਲਾਜ ਦੀ ਮਿਆਦ ਦੌਰਾਨ ਪਰਿਵਾਰ ਦੇ ਇੱਕ ਮੈਂਬਰ ਨੂੰ ਮਰੀਜ਼ ਦੇ ਨਾਲ ਰਹਿਣਾ ਚਾਹੀਦਾ ਹੈ ਤਾਂ ਜੋ ਨਿਰੰਤਰ ਭਾਵਨਾਤਮਕ ਸਹਾਇਤਾ ਅਤੇ ਉਤਸ਼ਾਹ ਪ੍ਰਦਾਨ ਕੀਤਾ ਜਾ ਸਕੇ। ਵਾਰਡ ਦਾ ਵਾਤਾਵਰਣ ਸਾਫ਼, ਸੰਗਠਿਤ ਅਤੇ ਸਵਾਗਤਯੋਗ ਹੈ। ਸਫਾਈ ਦੇ ਉੱਚ ਮਿਆਰਾਂ ਦੀ ਪਾਲਣਾ ਕੀਤੀ ਜਾਂਦੀ ਹੈ, ਜੋ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਇੱਕ ਸੁਰੱਖਿਅਤ ਅਤੇ ਸਕਾਰਾਤਮਕ ਵਾਤਾਵਰਣ ਨੂੰ ਯਕੀਨੀ ਬਣਾਉਂਦਾ ਹੈ। ਰਾਤ 10:00 ਵਜੇ ਲਾਈਟ-ਆਊਟ ਨਿਯਮ ਸਮੇਤ ਇੱਕ ਨਿਰਧਾਰਤ ਰੋਜ਼ਾਨਾ ਰੁਟੀਨ, ਮਰੀਜ਼ਾਂ ਨੂੰ ਅਨੁਸ਼ਾਸਨ ਅਤੇ ਸਿਹਤਮੰਦ ਆਦਤਾਂ ਵਿਕਸਤ ਕਰਨ ਵਿੱਚ ਮਦਦ ਕਰਦੀ ਹੈ। ਸਮੂਹ ਥੈਰੇਪੀ, ਕਾਉਂਸਲਿੰਗ ਸੈਸ਼ਨ, ਅਤੇ ਹੋਰ ਇਲਾਜ ਸੰਬੰਧੀ ਗਤੀਵਿਧੀਆਂ ਪੁਨਰਵਾਸ ਪ੍ਰੋਗਰਾਮ ਦਾ ਅਨਿੱਖੜਵਾਂ ਅੰਗ ਹਨ। ਇਸ ਤੋਂ ਇਲਾਵਾ, ਮਰੀਜ਼ਾਂ ਨੂੰ ਸਕਾਰਾਤਮਕ ਤੌਰ 'ਤੇ ਰੁਝੇ ਰੱਖਣ ਲਈ ਮਨੋਰੰਜਨ ਸਹੂਲਤਾਂ ਜਿਵੇਂ ਕਿ ਅਖ਼ਬਾਰਾਂ, ਕਿਤਾਬਾਂ, ਟੈਲੀਵਿਜ਼ਨ ਅਤੇ ਅੰਦਰੂਨੀ ਖੇਡ ਉਪਕਰਣ ਪ੍ਰਦਾਨ ਕੀਤੇ ਜਾਂਦੇ ਹਨ। ਵਾਰਡ ਦੇ ਅਹਾਤੇ ਵਿੱਚ ਦਵਾਈਆਂ, ਇਲੈਕਟ੍ਰਾਨਿਕ ਯੰਤਰ ਅਤੇ ਬਾਹਰੀ ਭੋਜਨ ਦੀ ਸਖ਼ਤ ਮਨਾਹੀ ਹੈ। ਅਨੁਸ਼ਾਸਨ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਨਿਯਮਤ ਜਾਂਚ ਕੀਤੀ ਜਾਂਦੀ ਹੈ। ਨਿਰੀਖਣ ਦੌਰਾਨ, ਸਿਹਤ ਸਕੱਤਰ ਨੇ ਸੁਝਾਅ ਦਿੱਤਾ ਕਿ ਮਰੀਜ਼ਾਂ ਨੂੰ ਉਨ੍ਹਾਂ ਦੇ ਠਹਿਰਨ ਦੌਰਾਨ ਪ੍ਰੇਰਣਾਦਾਇਕ ਅਤੇ ਵਿਦਿਅਕ ਅਧਿਐਨ ਸਮੱਗਰੀ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਨਿਰਦੇਸ਼ ਦਿੱਤਾ ਕਿ ਅਜਿਹੇ ਸਰੋਤ ਤੁਰੰਤ ਉਪਲਬਧ ਕਰਵਾਏ ਜਾਣ। ਡੀਐਮਸੀ ਦਾ ਮੁੜ ਖੁੱਲ੍ਹਣਾ ਨਸ਼ਾ ਛੁਡਾਊ ਪ੍ਰਤੀ ਪ੍ਰਸ਼ਾਸਨ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ, ਜਿਸ ਵਿੱਚ ਸੰਵੇਦਨਸ਼ੀਲ ਦੇਖਭਾਲ, ਢਾਂਚਾਗਤ ਪੁਨਰਵਾਸ ਅਤੇ ਪਰਿਵਾਰਕ ਸ਼ਮੂਲੀਅਤ 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ ਹੈ। ਢੁਕਵੀਂ ਡਾਕਟਰੀ ਦੇਖਭਾਲ, ਭਾਵਨਾਤਮਕ ਸਹਾਇਤਾ ਅਤੇ ਇੱਕ ਸਕਾਰਾਤਮਕ ਵਾਤਾਵਰਣ ਰਾਹੀਂ, ਕੇਂਦਰ ਮਰੀਜ਼ਾਂ ਨੂੰ ਇੱਕ ਸਿਹਤਮੰਦ ਜੀਵਨ ਵਿੱਚ ਇੱਕ ਨਵੀਂ ਸ਼ੁਰੂਆਤ ਦਾ ਮੌਕਾ ਪ੍ਰਦਾਨ ਕਰੇਗਾ।

# ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਲਈ ਸਮਾਵੇਸ਼ੀ ਸਾਲਾਨਾ ਖੇਡ ਮੁਕਾਬਲੇ ਦਾ ਆਯੋਜਨ





**ਚੰਡੀਗੜ੍ਹ, 13 ਫਰਵਰੀ (ਜਨ ਜਾਗਰਣ ਰਿਪੋਰਟਰ)** : ਸਮਾਗਰਾ ਸਿੱਖਿਆ, ਚੰਡੀਗੜ੍ਹ ਨੇ 12 ਅਤੇ 13 ਫਰਵਰੀ, 2026 ਨੂੰ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, ਸੈਕਟਰ 23-ਏ ਵਿਖੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਲਈ ਸਮਾਵੇਸ਼ੀ ਸਾਲਾਨਾ ਖੇਡ ਮੁਕਾਬਲੇ ਦਾ ਆਯੋਜਨ ਕੀਤਾ। ਸਿੱਖਿਆ ਸਕੱਤਰ ਸ਼੍ਰੀਮਤੀ ਪ੍ਰੇਰਨਾ ਪੁਰੀ ਅਤੇ ਸਕੂਲ ਸਿੱਖਿਆ ਵਿਭਾਗ ਦੇ ਡਾਇਰੈਕਟਰ ਸ਼੍ਰੀ ਨਿਤੀਸ਼ ਸਿੰਗਲਾ ਨੇ ਸਮਾਗਮ ਸਥਾਨ ਦਾ ਦੌਰਾ ਕੀਤਾ ਅਤੇ ਵਿਦਿਆਰਥੀਆਂ ਨੂੰ ਉਤਸ਼ਾਹਿਤ ਕੀਤਾ। ਵਿਦਿਆਰਥੀਆਂ ਨੂੰ ਭਾਗੀਦਾਰੀ ਦੇ ਵੱਧ ਤੋਂ ਵੱਧ ਮੌਕੇ ਪ੍ਰਦਾਨ ਕਰਨ ਲਈ ਇਹ ਮੁਕਾਬਲਾ ਸਕੂਲ ਪੱਧਰ, ਸਮੂਹ ਪੱਧਰ ਅਤੇ ਰਾਜ ਪੱਧਰ 'ਤੇ ਪੜਾਵਾਂ ਵਿੱਚ ਆਯੋਜਿਤ ਕੀਤਾ ਗਿਆ ਸੀ। ਚੰਡੀਗੜ੍ਹ ਦੇ ਵੱਖ-ਵੱਖ ਸਰਕਾਰੀ ਸਕੂਲਾਂ ਦੇ ਵਿਸ਼ੇਸ਼ ਲੋੜਾਂ ਵਾਲੇ ਕੁੱਲ 171 ਵਿਦਿਆਰਥੀਆਂ ਨੇ ਬੈਡਮਿੰਟਨ, ਕ੍ਰਿਕਟ, ਫੁੱਟਬਾਲ ਅਤੇ ਸਾਫਟਬਾਲ ਮੁਕਾਬਲਿਆਂ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ। 13 ਫਰਵਰੀ, 2026 ਨੂੰ ਹੋਏ ਫਾਈਨਲ ਮੈਚਾਂ ਵਿੱਚ, ਕੁੱਲ 92 ਭਾਗੀਦਾਰਾਂ ਨੇ ਵੱਖ-ਵੱਖ ਸ਼੍ਰੇਣੀਆਂ ਵਿੱਚ ਆਪਣੀ ਸ਼ਾਨਦਾਰ ਪ੍ਰਤਿਭਾ, ਉਤਸ਼ਾਹ ਅਤੇ ਖੇਡ ਭਾਵਨਾ ਦਾ ਪ੍ਰਦਰਸ਼ਨ ਕੀਤਾ। ਇਹ ਸਮਾਗਮ ਸਫਲਤਾਪੂਰਵਕ ਸਮਾਪਤ ਹੋਇਆ, ਜੋ ਸਿੱਖਿਆ ਵਿਭਾਗ ਦੀ ਸਮਾਵੇਸ਼ੀ ਸਿੱਖਿਆ ਅਤੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਹਰੇਕ ਮੁਕਾਬਲੇ ਵਿੱਚ ਪਹਿਲੇ, ਦੂਜੇ ਅਤੇ ਤੀਜੇ ਸਥਾਨ ਦੇ ਜੇਤੂਆਂ ਨੂੰ 26 ਫਰਵਰੀ, 2026 ਨੂੰ ਸਪੋਰਟਸ ਕੰਪਲੈਕਸ, ਸੈਕਟਰ 7 ਵਿਖੇ ਹੋਣ ਵਾਲੇ ਸਾਲਾਨਾ ਐਥਲੈਟਿਕਸ ਖੇਡਾਂ ਦੇ ਸਮਾਪਤੀ ਸਮਾਰੋਹ ਵਿੱਚ ਸਨਮਾਨਿਤ ਕੀਤਾ ਜਾਵੇਗਾ।

## ਸੰਖੇਪ ਖਬਰਾਂ

### PSEB ਬੋਰਡ ਜਮਾਤਾਂ ਦੀਆਂ ਉਤਰ-ਪੱਤਰੀਆਂ ਦੀ ਕੰਪਿਊਟਰ 'ਤੇ ਜਾਂਚ ਕਰੇਗਾ



**ਚੰਡੀਗੜ੍ਹ, 13 ਫਰਵਰੀ (ਜਨ ਜਾਗਰਣ ਰਿਪੋਰਟਰ)** : ਸੂਬਾ ਸਰਕਾਰ ਬੋਰਡ ਪ੍ਰੀਖਿਆਵਾਂ ਦੇ ਮੁਲਾਂਕਣ ਦੀ ਪ੍ਰਕਿਰਿਆ ਵਿੱਚ ਵੱਡਾ ਸੁਧਾਰ ਕਰਨ ਜਾ ਰਹੀ ਹੈ, ਜਿਸ ਤਹਿਤ ਪੰਜਾਬ ਸਕੂਲ ਸਿੱਖਿਆ ਬੋਰਡ ਮਾਰਚ 2026 ਦੀਆਂ ਪ੍ਰੀਖਿਆਵਾਂ ਲਈ 'ਆਨ-ਸਕ੍ਰੀਨ ਮਾਰਕਿੰਗ ਸਿਸਟਮ' ਲਾਗੂ ਕਰਨ ਦੀ ਤਿਆਰੀ ਕਰ ਰਿਹਾ ਹੈ। ਇਸ ਪਹਿਲਕਦਮੀ ਦਾ ਐਲਾਨ ਕਰਦਿਆਂ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਪੰਜਾਬ ਦੇਸ਼ ਦੇ ਉਨ੍ਹਾਂ ਪਹਿਲੇ ਸੂਬਾਈ ਬੋਰਡਾਂ ਵਿੱਚੋਂ ਇੱਕ ਬਣ ਜਾਵੇਗਾ ਜੋ ਮੁਕੰਮਲ ਡਿਜੀਟਲ ਮੁਲਾਂਕਣ ਪ੍ਰਣਾਲੀ ਨੂੰ ਅਪਣਾਉਣਗੇ, ਜੋ ਕਿ ਉੱਤਰ-ਪੱਤਰੀਆਂ ਦੀ ਜਾਂਚ ਦੇ ਤਰੀਕੇ ਵਿੱਚ ਇੱਕ ਕ੍ਰਾਂਤੀਕਾਰੀ ਤਬਦੀਲੀ ਹੋਵੇਗੀ। ਪ੍ਰੋਜੈਕਟ ਦੇ ਵੇਰਵੇ ਸਾਂਝੇ ਕਰਦਿਆਂ ਬੈਂਸ ਨੇ ਕਿਹਾ, "ਇਹ ਡਿਜੀਟਲ ਪ੍ਰਣਾਲੀ ਅਧਿਆਪਕਾਂ ਨੂੰ ਕੰਪਿਊਟਰ 'ਤੇ ਸਕੈਨ ਕੀਤੀਆਂ ਉੱਤਰ-ਪੱਤਰੀਆਂ ਦਾ ਮੁਲਾਂਕਣ ਕਰਨ ਦੇ ਯੋਗ ਬਣਾਏਗੀ, ਜਿਸ ਵਿੱਚ ਸੌਫਟਵੇਅਰ ਦੁਆਰਾ ਅੰਕਾਂ ਦੀ ਗਣਨਾ ਆਪਣੇ ਆਪ ਕੀਤੀ ਜਾਵੇਗੀ, ਜਿਸ ਨਾਲ ਨਤੀਜੇ ਤੇਜ਼ੀ ਨਾਲ ਅਤੇ ਵਧੇਰੇ ਸਹੀ ਤਰੀਕੇ ਨਾਲ ਤਿਆਰ ਹੋਣਗੇ।। ਉਨ੍ਹਾਂ ਦੱਸਿਆ, "ਸਤੰਬਰ 2025 ਦੀਆਂ ਸਪਲੀਮੈਂਟਰੀ ਪ੍ਰੀਖਿਆਵਾਂ ਦੌਰਾਨ 23,000 ਉੱਤਰ-ਪੱਤਰੀਆਂ ਦਾ ਤੇਜ਼ੀ ਅਤੇ ਸਹੀ ਢੰਗ ਨਾਲ ਮੁਲਾਂਕਣ ਕਰਕੇ ਇਸ ਪ੍ਰਣਾਲੀ ਨੇ ਆਪਣੀ ਕਾਬਲੀਅਤ ਸਾਬਤ ਕੀਤੀ ਹੈ।

### ਪੁਲੀਸ ਕਾਰਵਾਈ ਨਾ ਹੋਣ 'ਤੇ ਪੀੜਤ ਪਰਿਵਾਰ ਵੱਲੋਂ ਨੈਸ਼ਨਲ ਹਾਈਵੇਅ ਜਾਮ



**ਬਟਾਲਾ, 13 ਫਰਵਰੀ (ਜਨ ਜਾਗਰਣ ਰਿਪੋਰਟਰ)** : ਬਟਾਲਾ ਰੋਡ ਸਥਿਤ ਪਿੰਡ ਝਾਵਰ ਨੇੜੇ ਵੀਰਵਾਰ ਦੇਰ ਸ਼ਾਮ ਮੋਟਰਸਾਈਕਲ ਅਤੇ ਟਰੈਕਟਰ ਟਰਾਲੀ ਦੀ ਟੱਕਰ ਦੌਰਾਨ ਦੋ ਚਚੇਰੇ ਭਰਾਵਾਂ ਮਨਪ੍ਰੀਤ ਸਿੰਘ (8) ਅਤੇ ਹਰਪ੍ਰੀਤ ਸਿੰਘ (9) ਦੀ ਮੌਤ ਹੋ ਗਈ ਸੀ। ਜਾਣਕਾਰੀ ਅਨੁਸਾਰ ਮਨਜਿੰਦਰ ਸਿੰਘ ਘਰੋਂ ਕੁਝ ਸਾਮਾਨ ਲੈਣ ਲਈ ਆਪਣੇ ਲੜਕੇ ਮਨਪ੍ਰੀਤ ਸਿੰਘ ਅਤੇ ਭਤੀਜੇ ਹਰਪ੍ਰੀਤ ਸਿੰਘ ਨਾਲ ਮੋਟਰਸਾਈਕਲ 'ਤੇ ਜਾ ਰਿਹਾ ਸੀ ਕਿ ਉਸ ਦੀ ਟੱਕਰ ਟਰੈਕਟਰ ਟਰਾਲੀ ਨਾਲ ਹੋ ਗਈ। ਹਾਦਸੇ ਵਿੱਚ ਮਨਪ੍ਰੀਤ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦ ਕਿ ਹਰਪ੍ਰੀਤ ਸਿੰਘ ਨੇ ਹਸਪਤਾਲ ਜਾਂਦਿਆਂ ਰਾਹ ਵਿੱਚ ਹੀ ਦਮ ਤੋੜ ਦਿੱਤਾ। ਹਾਲਾਂਕਿ ਪੁਲਿਸ ਨੇ ਹਾਦਸੇ ਦੀ ਜਾਂਚ ਸ਼ੁਰੂ ਕਰ ਦਿੱਤੀ ਸੀ ਪਰ ਪਰਿਵਾਰ ਅਤੇ ਇਲਾਕਾ ਵਾਸੀਆਂ ਨੇ ਪੁਲੀਸ 'ਤੇ ਢਿੱਲੀ ਕਾਰਵਾਈ ਦਾ ਦੋਸ਼ ਲਗਾਉਂਦੇ ਹੋਏ ਬੱਬਰੀ ਬਾਈਪਾਸ 'ਤੇ ਅੰਮ੍ਰਿਤਸਰ-ਪਠਾਨਕੋਟ ਨੈਸ਼ਨਲ ਹਾਈਵੇਅ ਜਾਮ ਕਰ ਦਿੱਤਾ। ਪ੍ਰਦਰਸ਼ਨਕਾਰੀਆਂ ਦਾ ਦੋਸ਼ ਸੀ ਕਿ ਪੁਲੀਸ ਵੱਲੋਂ ਇਸ ਮਾਮਲੇ ਵਿੱਚ ਕੋਈ ਕਾਰਵਾਈ ਨਹੀਂ ਕੀਤੀ ਗਈ ਅਤੇ ਨਾ ਹੀ ਮਾਮਲਾ ਦਰਜ ਕੀਤਾ ਗਿਆ ਹੈ ਜਦਕਿ ਹਾਦਸਾ ਟਰੈਕਟਰ ਚਾਲਕ ਦੀ ਗਲਤੀ ਕਾਰਨ ਹੋਇਆ ਹੈ। ਮੌਕੇ 'ਤੇ ਪਹੁੰਚੇ ਥਾਣਾ ਸਦਰ ਦੇ ਮੁਖੀ ਅਮਨਦੀਪ ਅਤੇ ਤਿੱਬੜ ਥਾਣੇ ਦੀ ਪੁਲੀਸ ਅਧਿਕਾਰੀ ਨਾਲ ਉਨ੍ਹਾਂ ਦੀ ਬਹਿਸਬਾਜ਼ੀ ਵੀ ਹੋਈ । ਪੁਲੀਸ ਅਧਿਕਾਰੀਆਂ ਵੱਲੋਂ ਪਰਿਵਾਰ ਨੂੰ ਭਰੋਸਾ ਦਿੱਤਾ ਗਿਆ ਕਿ ਦੋ ਮੁਲਜ਼ਮਾਂ ਦੀ ਪਹਿਚਾਨ ਕਰਕੇ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਜਲਦ ਹੀ ਗ੍ਰਿਫਤਾਰ ਕਰ ਲਿਆ ਜਾਵੇਗਾ। ਇਸ ਤੋਂ ਬਾਅਦ ਪਰਿਵਾਰ ਵੱਲੋਂ ਕਰੀਬ ਇੱਕ ਘੰਟੇ ਬਾਅਦ ਧਰਨਾ ਖਤਮ ਕਰ ਦਿੱਤਾ ਗਿਆ ।

### ਆਨਲਾਈਨ ਨਿਵੇਸ਼ ਦੇ ਨਾਂ 'ਤੇ 53.78 ਲੱਖ ਦੀ ਧੋਖਾਧੜੀ



**ਭੁਲੱਥ, 13 ਫਰਵਰੀ (ਜਨ ਜਾਗਰਣ ਰਿਪੋਰਟਰ)** : ਭੁਲੱਥ ਪੁਲੀਸ ਨੇ ਵੱਡੇ ਪੱਧਰ 'ਤੇ ਹੋਈ ਆਨਲਾਈਨ ਨਿਵੇਸ਼ ਧੋਖਾਧੜੀ ਦਾ ਇੱਕ ਅਪਰਾਧਿਕ ਮਾਮਲਾ ਦਰਜ ਕੀਤਾ ਹੈ,ਜਿਸ ਵਿੱਚ ਇੱਕ ਸਥਾਨਕ ਨਿਵਾਸੀ ਨਾਲ ਕਥਿਤ ਤੌਰ 'ਤੇ ਸਾਈਬਰ ਠੱਗੀ ਰਾਹੀਂ 53.78 ਲੱਖ ਰੁਪਏ ਤੋਂ ਵੱਧ ਦੀ ਧੋਖਾਧੜੀ ਕੀਤੀ ਗਈ ਹੈ। ਇਹ ਮਾਮਲਾ ਅਣਪਛਾਤੇ ਮੁਲਜ਼ਮ ਖ਼ਿਲਾਫ਼ ਭਾਰਤੀ ਕਾਨੂੰਨ ਦੀ ਧਾਰਾ 420 ਅਤੇ ਸੂਚਨਾ ਤਕਨਾਲੋਜੀ ਐਕਟ,2000 ਦੀਆਂ ਧਾਰਾਵਾਂ 66-ਸੀ ਅਤੇ 66-ਡੀ ਤਹਿਤ ਦਰਜ ਕੀਤਾ ਗਿਆ ਹੈ। ਐੱਸ ਐੱਸ ਪੀ ਕਪੂਰਥਲਾ ਗੌਰਵ ਤੂਰਾ ਨੇ ਇਸ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਭੁਲੱਥ ਦੇ ਰਹਿਣ ਵਾਲੇ ਬਲਵਿੰਦਰ ਸਿੰਘ ਵੱਲੋਂ ਸ਼ਿਕਾਇਤ ਦਰਜ ਕਰਵਾਈ ਗਈ ਸੀ,ਜਿਸ ਵਿੱਚ ਦੋਸ਼ ਲਾਇਆ ਗਿਆ ਸੀ ਕਿ ਇੱਕ ਅਣਪਛਾਤੇ ਵਿਅਕਤੀ ਨੇ ਉਸ ਨੂੰ ਮੁਨਾਫ਼ੇ ਵਾਲੇ ਨਿਵੇਸ਼ ਦੇ ਮੌਕੇ ਦਾ ਲਾਲਚ ਦੇ ਕੇ ਆਪਣੇ ਸਮਾਰਟਫੋਨ 'ਤੇ ਇੱਕ ਮੋਬਾਈਲ ਐਪਲੀਕੇਸ਼ਨ ਡਾਊਨਲੋਡ ਕਰਨ ਲਈ ਪ੍ਰੇਰਿਤ ਕੀਤਾ। ਮੁਲਜ਼ਮ ਨੇ ਕਥਿਤ ਤੌਰ 'ਤੇ ਉੱਚੇ ਅਤੇ ਜਲਦ ਮੁਨਾਫ਼ੇ ਦਾ ਭਰੋਸਾ ਦਿੱਤਾ,ਜਿਸ ਨਾਲ ਸ਼ਿਕਾਇਤਕਰਤਾ ਦਾ ਵਿਸ਼ਵਾਸ ਜਿੱਤ ਲਿਆ ਗਿਆ। ਮੁਲਜ਼ਮ ਵੱਲੋਂ ਕੀਤੇ ਗਏ ਦਾਅਵਿਆਂ 'ਤੇ ਵਿਸ਼ਵਾਸ ਕਰਦਿਆਂ,ਸ਼ਿਕਾਇਤਕਰਤਾ ਨੇ ਸਮੇਂ-ਸਮੇਂ 'ਤੇ ਆਨਲਾਈਨ ਲੈਣ-ਦੇਣ ਰਾਹੀਂ ਕੁੱਲ 53,78,712.60 ਰੁਪਏ ਦੀ ਰਕਮ ਟ੍ਰਾਂਸਫਰ ਕਰ ਦਿੱਤੀ। ਹਾਲਾਂਕਿ,ਜਦੋਂ ਵਾਅਦਾ ਕੀਤਾ ਮੁਨਾਫ਼ਾ ਨਹੀਂ ਮਿਲਿਆ ਅਤੇ ਮੁਲਜ਼ਮ ਨਾਲ ਸੰਪਰਕ ਕਰਨਾ ਅਸੰਭਵ ਹੋ ਗਿਆ, ਤਾਂ ਸ਼ਿਕਾਇਤਕਰਤਾ ਨੂੰ ਅਹਿਸਾਸ ਹੋਇਆ ਕਿ ਉਸ ਨਾਲ ਧੋਖਾਧੜੀ ਹੋਈ ਹੈ।

# ਸਿਖਿਆ ਸਕੱਤਰ ਨੇ ਜੀਐਮਐਚਐਸ, ਮਲੋਆ ਕਲੋਨੀ ਵਿਖੇ ਬਾਲ-ਕੇਂਦਰਿਤ ਪ੍ਰਯੋਗਸ਼ਾਲਾ ਅਤੇ ਮੋਬਾਈਲ ਸਾਇੰਸ ਲੈਬ ਦਾ ਉਦਘਾਟਨ ਕੀਤਾ





**ਚੰਡੀਗੜ੍ਹ, 13 ਫਰਵਰੀ (ਜਨ ਜਾਗਰਣ ਰਿਪੋਰਟਰ)** : ਸ਼੍ਰੀਮਤੀ ਪ੍ਰੇਰਨਾ ਪੁਰੀ, ਆਈਏਐਸ, ਸਿੱਖਿਆ ਸਕੱਤਰ, ਚੰਡੀਗੜ੍ਹ ਪ੍ਰਸ਼ਾਸਨ ਨੇ ਅੱਜ ਸਰਕਾਰੀ ਮਾਡਲ ਹਾਈ ਸਕੂਲ, ਮਲੋਆ ਕਲੋਨੀ ਵਿਖੇ ਬਾਲ-ਕੇਂਦਰਿਤ ਵਿਗਿਆਨ ਲੈਬ ਅਤੇ ਮੋਬਾਈਲ ਸਾਇੰਸ ਲੈਬ (ਲੈਬ-ਆਨ-ਏ-ਕਾਰਟ) ਦਾ ਉਦਘਾਟਨ ਕੀਤਾ। ਇਸ ਮੌਕੇ 'ਤੇ ਸਕੂਲ ਸਿੱਖਿਆ ਦੇ ਡਾਇਰੈਕਟਰ ਸ਼੍ਰੀ ਨਿਤੀਸ਼ ਸਿੰਗਲਾ ਅਤੇ ਸਕੂਲ ਸਿੱਖਿਆ-2 ਦੀ ਡਿਪਟੀ ਡਾਇਰੈਕਟਰ ਸ਼੍ਰੀਮਤੀ ਬਿੰਦੂ ਅਰੋੜਾ ਵੀ ਮੌਜੂਦ ਸਨ। ਬਾਲ-ਕੇਂਦਰਿਤ ਪ੍ਰਯੋਗਸ਼ਾਲਾ ਵਿਦਿਆਰਥੀਆਂ ਲਈ ਇੱਕ ਇੰਟਰਐਕਟਿਵ ਅਤੇ ਉਮਰ-ਮੁਤਾਬਕ ਸਿੱਖਣ ਦਾ ਵਾਤਾਵਰਣ ਪ੍ਰਦਾਨ ਕਰਨ ਲਈ ਵਿਕਸਤ ਕੀਤੀ ਗਈ ਹੈ, ਜੋ ਏਕੀਕ੍ਰਿਤ ਅਤੇ ਅਨੁਭਵੀ ਸਿੱਖਿਆ ਨੂੰ ਉਤਸ਼ਾਹਿਤ ਕਰਦੀ ਹੈ। "ਲੈਬ-ਆਨ-ਏ-ਕਾਰਟ" ਵਜੋਂ ਡਿਜ਼ਾਈਨ ਕੀਤੀ ਗਈ ਮੋਬਾਈਲ ਸਾਇੰਸ ਲੈਬ, ਛੇਵੀਂ ਤੋਂ ਦਸਵੀਂ ਜਮਾਤ ਦੇ ਵਿਦਿਆਰਥੀਆਂ ਲਈ ਲੋੜੀਂਦੇ ਉਪਕਰਣਾਂ ਅਤੇ ਸਮੱਗਰੀ ਨਾਲ ਲੈਸ ਹੈ। ਇਸ ਵਿੱਚ ਰਸਾਇਣ, ਵੋਲਟਮੀਟਰ, ਮਾਈਕ੍ਰੋਸਕੋਪ, ਟੈਸਟ ਟਿਊਬ, ਬੀਕਰ ਅਤੇ ਹੋਰ ਵਿਗਿਆਨਕ ਯੰਤਰ ਸ਼ਾਮਲ ਹਨ। ਇਹਨਾਂ ਪਹਿਲਕਦਮੀਆਂ ਦਾ ਉਦੇਸ਼ ਨਿਯਮਤ ਕਲਾਸਰੂਮਾਂ ਨੂੰ ਮੋਬਾਈਲ ਸਿੱਖਣ ਦੀਆਂ ਥਾਵਾਂ ਵਿੱਚ ਬਦਲਣਾ ਹੈ, ਜਿਸ ਨਾਲ ਸਰਕਟ ਟੈਸਟਿੰਗ, ਰਸਾਇਣਕ ਪ੍ਰਤੀਕ੍ਰਿਆਵਾਂ ਅਤੇ ਸੂਖਮ ਨਿਰੀਖਣ ਵਰਗੀਆਂ ਗਤੀਵਿਧੀਆਂ ਦੇ ਵਿਹਾਰਕ ਪ੍ਰਦਰਸ਼ਨਾਂ ਨੂੰ ਸਥਾਈ ਪ੍ਰਯੋਗਸ਼ਾਲਾ ਦੀ ਲੋੜ ਤੋਂ ਬਿਨਾਂ ਸੰਭਵ ਬਣਾਇਆ ਜਾ ਸਕੇ। ਬਾਲ-ਅਨੁਕੂਲ ਡਿਜ਼ਾਈਨ ਉਪਕਰਣਾਂ ਦੀ ਸੁਰੱਖਿਅਤ ਵਰਤੋਂ, ਉਤਸੁਕਤਾ ਨੂੰ ਉਤਸ਼ਾਹਿਤ ਕਰਨ ਅਤੇ ਵਿਦਿਆਰਥੀਆਂ ਵਿੱਚ STEM ਹੁਨਰਾਂ ਨੂੰ ਮਜ਼ਬੂਤ ਕਰਨ ਨੂੰ ਯਕੀਨੀ ਬਣਾਉਂਦਾ ਹੈ। ਸ਼੍ਰੀਮਤੀ ਪ੍ਰੇਰਨਾ ਪੁਰੀ ਨੇ ਇਸ ਪਹਿਲਕਦਮੀ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਅਜਿਹੀਆਂ ਬਾਲ-ਕੇਂਦ੍ਰਿਤ ਪ੍ਰਯੋਗਸ਼ਾਲਾਵਾਂ ਅਤੇ ਮੋਬਾਈਲ ਵਿਗਿਆਨ ਸਹੂਲਤਾਂ ਸਿੱਖਿਆ ਵਿੱਚ ਨਵੀਨਤਾ ਦੀਆਂ ਉਦਾਹਰਣਾਂ ਹਨ ਅਤੇ ਇਹਨਾਂ ਨੂੰ ਹੋਰ ਸਕੂਲਾਂ ਵਿੱਚ ਵੀ ਲਾਗੂ ਕੀਤਾ ਜਾਣਾ ਚਾਹੀਦਾ ਹੈ। ਸ਼੍ਰੀ ਨਿਤੀਸ਼ ਸਿੰਗਲਾ ਨੇ ਕਿਹਾ ਕਿ ਮੋਬਾਈਲ ਪ੍ਰਯੋਗਸ਼ਾਲਾ ਦੀ ਪੋਰਟੇਬਿਲਟੀ ਅਤੇ ਡੋਮ ਥੀਏਟਰ ਵਰਗੀਆਂ ਵਿਸ਼ੇਸ਼ਤਾਵਾਂ ਨੂੰ ਸ਼ਾਮਲ ਕਰਨਾ, ਸਾਰੇ ਵਿਦਿਆਰਥੀਆਂ ਨੂੰ ਬਰਾਬਰ ਹੱਥੀਂ ਸਿੱਖਣ ਦੇ ਮੌਕੇ ਪ੍ਰਦਾਨ ਕਰਨ ਵੱਲ ਮਹੱਤਵਪੂਰਨ ਕਦਮ ਹਨ, ਜੋ ਕਿ ਵਿਭਾਗ ਦੇ ਅਨੁਭਵੀ ਸਿੱਖਿਆ ਨੂੰ ਮਜ਼ਬੂਤ ??ਕਰਨ ਦੇ ਦ੍ਰਿਸ਼ਟੀਕੋਣ ਦੇ ਅਨੁਸਾਰ ਹੈ। ਫੇਰੀ ਦੌਰਾਨ, ਪਤਵੰਤਿਆਂ ਨੇ ਸਕੂਲ ਦੇ ਡੋਮ ਥੀਏਟਰ ਦੀ ਵੀ ਪ੍ਰਸ਼ੰਸਾ ਕੀਤੀ, ਜੋ ਵਿਦਿਆਰਥੀਆਂ ਨੂੰ ਇੱਕ ਨਵਾਂ ਅਤੇ ਜੀਵੰਤ ਵਿਦਿਅਕ ਅਨੁਭਵ ਪ੍ਰਦਾਨ ਕਰਦਾ ਹੈ।

### ਅੰਮ੍ਰਿਤਸਰ 'ਚ IED ਅਤੇ ਪਿਸਤੌਲ ਸਮੇਤ ਯੂ.ਪੀ. ਦਾ ਨੌਜਵਾਨ ਗ੍ਰਿਫ਼ਤਾਰ

**ਅੰਮ੍ਰਿਤਸਰ, 13 ਫਰਵਰੀ (ਜਨ ਜਾਗਰਣ ਰਿਪੋਰਟਰ)** : ਸਟੇਟ ਸਪੈਸ਼ਲ ਅਪਰੇਸ਼ਨ ਸੈੱਲ ਅੰਮ੍ਰਿਤਸਰ ਨੇ ਇੱਕ ਵੱਡੀ ਸਫ਼ਲਤਾ ਹਾਸਲ ਕਰਦਿਆਂ ਉੱਤਰ ਪ੍ਰਦੇਸ਼ ਦੇ ਰਹਿਣ ਵਾਲੇ ਇੱਕ ਵਿਅਕਤੀ ਨੂੰ ਰਿਮੋਟ ਕੰਟਰੋਲ ਵਾਲੇ ਆਈ.ਈ.ਡੀ. (954) ਅਤੇ ਵਿਦੇਸ਼ੀ ਪਿਸਤੌਲ ਸਮੇਤ ਗ੍ਰਿਫ਼ਤਾਰ ਕੀਤਾ ਹੈ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਮੁਲਜ਼ਮ ਦੀ ਪਛਾਣ ਸ਼ੁਭਮ ਕੁਮਾਰ ਉਰਫ਼ ਸ਼ੁਭਮ ਸ੍ਰੀਵਾਸਤਵ ਵਜੋਂ ਹੋਈ ਹੈ। ਪੁਲੀਸ ਮੁਤਾਬਕ ਇਹ ਆਈ.ਈ.ਡੀ. ਪੰਜਾਬ, ਦਿੱਲੀ ਅਤੇ ਦੇਸ਼ ਦੇ ਹੋਰਨਾਂ ਰਾਜਾਂ ਵਿੱਚ ਯੋਜਨਾਬੱਧ ਧਮਾਕੇ ਕਰਨ ਲਈ ਵਰਤਿਆ ਜਾਣਾ ਸੀ। ਇਹ ਕਾਰਵਾਈ ਇੱਕ ਦਿਨ ਪਹਿਲਾਂ ਗ੍ਰਿਫ਼ਤਾਰ ਕੀਤੇ ਗਏ ਰਾਹੁਲ ਕੁਮਾਰ ਉਰਫ਼ ਗੱਜੂ ਤੋਂ ਮਿਲੀ ਜਾਣਕਾਰੀ ਤੋਂ ਬਾਅਦ ਅਮਲ ਵਿੱਚ ਲਿਆਂਦੀ ਗਈ ਹੈ। ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਮੁਲਜ਼ਮ ਸ਼ੁਭਮ ਪਾਕਿਸਤਾਨ ਅਧਾਰਤ ਹੈਂਡਲਰਾਂ ਦੇ ਸੰਪਰਕ ਵਿੱਚ ਸੀ ਅਤੇ ਉਸ ਨੇ ਇਹ ਖ਼ਤਰਨਾਕ ਖੇਪ ਸਰਹੱਦ ਪਾਰ ਤੋਂ ਡਰੋਨ ਰਾਹੀਂ ਮੰਗਵਾਈ ਸੀ। ਏਆਈਜੀ ਸੁਖਮਿੰਦਰ ਸਿੰਘ ਮਾਨ ਨੇ ਦੱਸਿਆ ਕਿ ਮੁਲਜ਼ਮ ਪੂਰੀ ਤਰ੍ਹਾਂ ਕੱਟੜਪੰਥੀ ਹੈ ਅਤੇ ਮੋਟੀ ਰਕਮ ਦੇ ਲਾਲਚ ਵਿੱਚ ਯੂ.ਪੀ. ਤੋਂ ਅੰਮ੍ਰਿਤਸਰ ਆਇਆ ਸੀ। ਪੁਲੀਸ ਨੇ ਅੰਮ੍ਰਿਤਸਰ-ਜਲੰਧਰ ਜੀ.ਟੀ. ਰੋਡ 'ਤੇ ਇੱਕ ਦਰਗਾਹ ਨੇੜਿਓਂ ਉਸ ਨੂੰ ਕਾਬੂ ਕੀਤਾ। ਪੁਲੀਸ ਹੁਣ ਇਸ ਪੂਰੇ ਅਤਿਵਾਦੀ ਨੈੱਟਵਰਕ ਦੀਆਂ ਕੜੀਆਂ ਜੋੜਨ ਲਈ ਅਗਲੇਰੀ ਪੁੱਛਗਿੱਛ ਕਰ ਰਹੀ ਹੈ ਤਾਂ ਜੋ ਹੋਰ ਸੰਭਾਵੀ ਹਮਲਿਆਂ ਨੂੰ ਰੋਕਿਆ ਜਾ ਸਕੇ।

# ਪੰਜਾਬ ਯੂਨੀਵਰਸਿਟੀ ਦੇ ਵਿਦਿਆਰਥੀਆਂ ਲਈ ਖੁੱਲ੍ਹਿਆ Canada ਦਾ ਰਾਹ



**ਚੰਡੀਗੜ੍ਹ, 13 ਫਰਵਰੀ (ਜਨ ਜਾਗਰਣ ਰਿਪੋਰਟਰ)** : ਉੱਚ ਸਿੱਖਿਆ ਦੇ ਵਿਸ਼ਵੀਕਰਨ ਦੇ ਇਸ ਦੌਰ ਵਿੱਚ ਪੰਜਾਬ ਯੂਨੀਵਰਸਿਟੀ ਦੇ ਵਿਦਿਆਰਥੀਆਂ ਲਈ ਕੈਨੇਡਾ ਪਹੁੰਚਣ ਦਾ ਰਸਮੀ ਅਕਾਦਮਿਕ ਰਸਤਾ ਖੁੱਲ੍ਹ ਗਿਆ ਹੈ। ਯੂਨੀਵਰਸਿਟੀ ਆਫ ਦਾ ਫਰੇਜ਼ਰ ਵੈਲੀ (ਕੈਨੇਡਾ) ਅਤੇ ਪੰਜਾਬ ਯੂਨੀਵਰਸਿਟੀ (ਚੰਡੀਗੜ੍ਹ) ਵਿਚਕਾਰ ਬੈਚਲਰ ਆਫ ਬਿਜ਼ਨਸ ਐਡਮਿਨਿਸਟ੍ਰੇਸ਼ਨ (BBA) ਵਿੱਚ ਡਿਊਲ ਡਿਗਰੀ ਪ੍ਰੋਗਰਾਮ ਨੂੰ ਲੈ ਕੇ ਸਮਝੌਤਾ ਹੋਇਆ ਹੈ। ਇਹ ਪਹਿਲ ਨਾ ਸਿਰਫ ਦੋ ਸੰਸਥਾਵਾਂ ਵਿਚਕਾਰ ਸਹਿਯੋਗ ਹੈ, ਬਲਕਿ ਉਨ੍ਹਾਂ ਵਿਦਿਆਰਥੀਆਂ ਲਈ ਇੱਕ ਵੱਡਾ ਮੌਕਾ ਹੈ ਜੋ ਗਲੋਬਲ ਐਕਸਪੋਜ਼ਰ ਅਤੇ ਅੰਤਰਰਾਸ਼ਟਰੀ ਡਿਗਰੀ ਨਾਲ ਆਪਣਾ ਕਰੀਅਰ ਬਣਾਉਣਾ ਚਾਹੁੰਦੇ ਹਨ। ਐਮ.ਓ.ਯੂ. (MoU) 'ਤੇ ਪੰਜਾਬ ਯੂਨੀਵਰਸਿਟੀ ਦੇ ਰਜਿਸਟਰਾਰ ਪ੍ਰੋ. ਵਾਈ.ਪੀ. ਵਰਮਾ ਅਤੇ ਯੂਨੀਵਰਸਿਟੀ ਆਫ ਦਾ ਫਰੇਜ਼ਰ ਵੈਲੀ (UFV) ਦੇ ਪ੍ਰਧਾਨ ਅਤੇ ਵਾਈਸ ਚਾਂਸਲਰ ਡਾ. ਜੇਮਸ ਮੈਂਡੀਗੋ ਨੇ ਹਸਤਾਖਰ ਕੀਤੇ। ਇਸ ਦੌਰਾਨ ਪੰਜਾਬ ਯੂਨੀਵਰਸਿਟੀ ਦੀ ਵਾਈਸ ਚਾਂਸਲਰ ਪ੍ਰੋ. ਰੇਣੂ ਵਿਗ ਸਮੇਤ ਦੋਵਾਂ ਸੰਸਥਾਵਾਂ ਦੇ ਸੀਨੀਅਰ ਅਧਿਕਾਰੀ ਹਾਜ਼ਰ ਸਨ। ਇਸ ਸਮਝੌਤੇ ਤਹਿਤ ਪੰਜਾਬ ਯੂਨੀਵਰਸਿਟੀ ਦੇ 'ਯੂਨੀਵਰਸਿਟੀ ਇੰਸਟੀਚਿਊਟ ਆਫ ਅਪਲਾਈਡ ਮੈਨੇਜਮੈਂਟ ਸਾਇੰਸਿਜ਼' (UIAMS) ਵਿੱਚ ਪੜ੍ਹ ਰਹੇ BBA ਦੇ ਯੋਗ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਆਫ ਦਾ ਫਰੇਜ਼ਰ ਵੈਲੀ ਵਿੱਚ ਤੀਜੇ ਸਾਲ ਵਿੱਚ ਸਿੱਧਾ ਦਾਖਲਾ ਮਿਲੇਗਾ। ਅੰਤਰਰਾਸ਼ਟਰੀ ਨੈੱਟਵਰਕਿੰਗ ਅਤੇ ਉੱਚ ਸਿੱਖਿਆ ਲਈ ਗਲੋਬਲ ਯੂਨੀਵਰਸਿਟੀਆਂ ਵਿੱਚ ਦਾਖਲੇ ਦੀ ਸੰਭਾਵਨਾ ਵਧੇਗੀ। ਹਾਲਾਂਕਿ ਇਹ ਮੌਕਾ ਧਿਆਨ ਖਿੱਚਣ ਵਾਲਾ ਹੈ, ਪਰ ਮੱਧਵਰਗੀ ਪਰਿਵਾਰਾਂ ਲਈ ਕੁਝ ਸਵਾਲ ਅਹਿਮ ਹਨ ਜਿਵੇਂ ਕਿ ਫੀਸ ਦਾ ਢਾਂਚਾ, ਰਹਿਣ ਦਾ ਖਰਚਾ ਅਤੇ ਵੀਜ਼ਾ ਪ੍ਰਕਿਰਿਆ। ਜੇਕਰ ਯੂਨੀਵਰਸਿਟੀਆਂ ਇਹਨਾਂ ਪਹਿਲੂਆਂ 'ਤੇ ਸਪੱਸ਼ਟ ਦਿਸ਼ਾ-ਨਿਰਦੇਸ਼ ਜਾਰੀ ਕਰਦੀਆਂ ਹਨ, ਤਾਂ ਇਹ ਪ੍ਰੋਗਰਾਮ

# ਪੰਜਾਬ 'ਚ ਪਹਿਲਾ ਐਂਟੀ-ਗੈਂਗਸਟਰ ਟਾਸਕ ਫੋਰਸ ਪੁਲੀਸ ਸਟੇਸ਼ਨ ਤਿਆਰ



**ਚੰਡੀਗੜ੍ਹ, 13 ਫਰਵਰੀ (ਜਨ ਜਾਗਰਣ ਰਿਪੋਰਟਰ)** : ਪੰਜਾਬ ਸਰਕਾਰ ਨੇ ਅਪਰਾਧਾਂ ਵਿਰੁੱਧ ਕਾਰਵਾਈ ਤੇਜ਼ ਕਰਨ ਲਈ ਪਟਿਆਲਾ ਜ਼ਿਲ੍ਹੇ ਦੇ ਰਾਜਪੁਰਾ ਵਿੱਚ ਪਹਿਲਾ ਐਂਟੀ-ਗੈਂਗਸਟਰ ਟਾਸਕ ਫੋਰਸ ਪੁਲੀਸ ਸਟੇਸ਼ਨ ਸਥਾਪਤ ਕਰਨ ਨੂੰ ਹਰੀ ਝੰਡੀ ਦੇ ਦਿੱਤੀ ਹੈ। ਗਜ਼ਟ ਨੋਟੀਫਿਕੇਸ਼ਨ ਅਨੁਸਾਰ, ਇਹ ਨਵਾਂ ਪੁਲੀਸ ਸਟੇਸ਼ਨ ਪੂਰੇ ਪੰਜਾਬ ਵਿੱਚ ਕੰਮ ਕਰੇਗਾ। ਇਹ ਕਦਮ ਪੰਜਾਬ ਪੁਲੀਸ ਵੱਲੋਂ 'ਅਪਰੇਸ਼ਨ ਪ੍ਰਹਾਰ' ਤਹਿਤ ਵਿੱਢੀ ਗਈ ਮੁਹਿੰਮ ਦੌਰਾਨ ਚੁੱਕਿਆ ਗਿਆ ਹੈ। ਹਾਲਾਂਕਿ ਗੈਂਗਸਟਰ ਨੈੱਟਵਰਕਾਂ ਅਤੇ ਉਨ੍ਹਾਂ ਦੇ ਸਹਿਯੋਗੀ ਪ੍ਰਣਾਲੀਆਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਰਾਜ ਵਿਆਪੀ ਛਾਪੇਮਾਰੀ ਅਤੇ ਗ੍ਰਿਫਤਾਰੀਆਂ ਦੇ ਦੋ ਪੜਾਅ ਪਹਿਲਾਂ ਹੀ ਮੁਕੰਮਲ ਕੀਤੇ ਜਾ ਚੁੱਕੇ ਹਨ। ਡਾਇਰੈਕਟਰ ਜਨਰਲ ਆਫ਼ ਪੁਲੀਸ ਗੌਰਵ ਯਾਦਵ ਨੇ 2026 ਨੂੰ "ਗੈਂਗਸਟਰਾਂ ਵਿਰੁੱਧ ਸਾਲ" ਵਜੋਂ ਐਲਾਨਿਆ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਸ ਮੁਹਿੰਮ ਦਾ ਉਦੇਸ਼ ਉਸ ਪੂਰੇ ਈਕੋਸਿਸਟਮ ਨੂੰ ਖਤਮ ਕਰਨਾ ਹੈ ਜੋ ਸੰਗਠਿਤ ਅਪਰਾਧ ਨੂੰ ਸਮਰੱਥ ਬਣਾਉਂਦਾ ਹੈ, ਜਿਸ ਵਿੱਚ ਵਿੱਤ ਪ੍ਰਬੰਧਕ, ਹਥਿਆਰਾਂ ਦੇ ਸਪਲਾਇਰ ਅਤੇ ਸੁਰੱਖਿਅਤ ਪਨਾਹਗਾਹਾਂ ਪ੍ਰਦਾਨ ਕਰਨ ਵਾਲੇ ਸ਼ਾਮਲ ਹਨ। ਪੁਲੀਸ ਨੇ ਇੱਕ 'ਓਵਰਸੀਜ਼ ਫਿਊਜਿਟਿਵ ਟ੍ਰੈਕਿੰਗ ਐਂਡ ਐਕਸਟਰਾਡੀਸ਼ਨ ਸੈੱਲ' ਸਥਾਪਤ ਕੀਤਾ ਹੈ ਅਤੇ ਨਾਗਰਿਕਾਂ ਦੀ ਗੁਪਤ ਜਾਣਕਾਰੀ ਲਈ ਇੱਕ ਐਂਟੀ-ਗੈਂਗਸਟਰ ਹੈਲਪਲਾਈਨ (93946-93946) ਸ਼ੁਰੂ ਕੀਤੀ ਹੈ। ਪਹਿਲਾ ਪੜਾਅ ਮੁਤਾਬਕ ਸਰਗਰਮ ਗੈਂਗਾਂ ਅਤੇ ਉਨ੍ਹਾਂ ਦੇ ਸਥਾਨਕ ਸਹਿਯੋਗੀਆਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਵੱਖ-ਵੱਖ ਜ਼ਿਲ੍ਹਿਆਂ ਵਿੱਚ ਤਾਲਮੇਲ ਵਾਲੀ ਛਾਪੇਮਾਰੀ ਕੀਤੀ ਗਈ। ਜੇਲ੍ਹਾਂ ਵਿੱਚ ਬੰਦ ਗੈਂਗ ਲੀਡਰਾਂ ਦੇ ਨੈੱਟਵਰਕ ਨੂੰ ਰੋਕਣ ਲਈ ਚੈਕਿੰਗ ਸਖ਼ਤ ਕੀਤੀ ਗਈ, ਜਿਸ ਦੇ ਨਤੀਜੇ ਵਜੋਂ ਕਈ ਗ੍ਰਿਫਤਾਰੀਆਂ ਅਤੇ ਨਾਜਾਇਜ਼ ਹਥਿਆਰਾਂ ਤੇ ਮੋਬਾਈਲ ਫੋਨਾਂ ਦੀ ਬਰਾਮਦਗੀ ਹੋਈ ਦੂਜਾ ਪੜਾਅ ਦੌਰਾਨ ਸ਼ੁਰੂਆਤੀ ਕਾਰਵਾਈ ਤੋਂ ਮਿਲੀ ਖੁਫੀਆ ਜਾਣਕਾਰੀ ਦੇ ਆਧਾਰ 'ਤੇ ਗੈਂਗਾਂ ਦੀ ਵਿੱਤੀ ਅਤੇ ਲੌਜਿਸਟਿਕ ਰੀੜ੍ਹ ਦੀ ਹੱਡੀ ਨੂੰ ਨਿਸ਼ਾਨਾ ਬਣਾਇਆ ਗਿਆ। ਪੁਲੀਸ ਨੇ ਸ਼ੂਟਰਾਂ ਅਤੇ ਹੈਂਡਲਰਾਂ ਵਿਰੁੱਧ ਕਾਰਵਾਈ ਤੇਜ਼ ਕੀਤੀ, ਫਿਰੌਤੀ ਦੇ ਪੈਸਿਆਂ ਦੇ ਸੋਰਸ ਲੱਭੇ ਅਤੇ ਅਪਰਾਧਿਕ ਕਮਾਈ ਨਾਲ ਬਣਾਈਆਂ ਜਾਇਦਾਦਾਂ ਵਿਰੁੱਧ ਕਾਰਵਾਈ ਸ਼ੁਰੂ ਕੀਤੀ। ਅਧਿਕਾਰੀਆਂ ਨੇ ਕਿਹਾ ਕਿ ਰਾਜਪੁਰਾ ਵਿੱਚ ਨਵਾਂ ਸੂਬਾ ਵਿਆਪੀ ਪੁਲੀਸ ਸਟੇਸ਼ਨ ਅਜਿਹੀਆਂ ਕਾਰਵਾਈਆਂ ਦੇ ਤਾਲਮੇਲ ਲਈ ਇੱਕ ਕੇਂਦਰੀ ਹੱਬ ਵਜੋਂ ਕੰਮ ਕਰੇਗਾ, ਜੋ ਕਾਨੂੰਨੀ ਅਤੇ ਸੰਚਾਲਨ ਪੱਧਰ 'ਤੇ ਪੰਜਾਬ ਦੀ ਸੰਗਠਿਤ ਅਪਰਾਧ ਵਿਰੁੱਧ ਜੰਗ ਨੂੰ ਹੋਰ ਮਜ਼ਬੂਤ ਕਰੇਗਾ।


## ਉਤਰ ਰੇਲਵੇ

### ਦਿਲਚਸਪੀ ਦਾ ਪ੍ਰਗਟਾਵਾ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂਤੋਂ ਚੀਫ ਮੈਡੀਕਲ ਸੁਪਰੰਟੈਂਡੰਟ ਉਤਰ ਰੇਲਵੇ, ਫਿਰੋਜਪੁਰ ਨਿਰਧਾਰਿਤ ਫਾਰਮੈਟ ਤੇ ਹੇਠਾਂਲਿਖਤ ਮੁਹਰਬੰਦ ਦਿਲਚਸਪੀ ਦਾ ਪ੍ਰਗਟਾਵਾ ਦੀ ਮੰਗ ਕੀਤੀ ਜਾਂਦੀ ਹੈ:-

| | | |
|---|---|---|
| 1 | ਕੰਮ ਦਾ ਵੇਰਵਾ: ਮੰਡਲ ਹਸਪਤਾਲ ਫਿਰੋਜਪੁਰ, ਉਪ-ਮੰਡਲ ਹਸਪਤਾਲ ਅੰਮ੍ਰਿਤਸਰ ਸਿਹਤ ਕੇਂਦਰ ਲੁਧਿਆਣਾ, ਸਿਹਤ ਕੇਂਦਰ ਜਲੰਧਰ ਸਿਟੀ, ਜਲੰਧਰ ਕੈਂਟ, ਕੋਟਕਪੁਰਾ ਦੇ ਲਈ ਨੇਦਾਨਿਕ ਸੇਵਾਵਾਂ ਉਪਲਬਧ ਕਰਾਉਣ ਦੇ ਲਈ ਪੇਨਲ ਵਿਚ ਸ਼ਾਮਲ ਕਰਨ ਲਈ ਪ੍ਰਸਿਧ ਰਜਿਸਟਰਡ ਅਤੇ ਲਾਈਸੈਂਸ ਹੋਲਡਰ ਨੇਦਾਨਿਕ ਕੇਂਦਰਾਂ ਵਿਚ ਦਿਲਚਸਪੀ ਦਾ ਪ੍ਰਗਟਾਵਾ। | |
| 2 | ਸਮਾਂ | ਕੰਮ ਸ਼ੁਰੂ ਹੋਣ ਦੀ ਮਿਤੀ ਤੋਂ ਦੋ ਸਾਲ |
| 3 | ਕੰਮ ਦੀ ਅੰਦਾਜਨ ਲਾਗਤ | ਕੋਈ ਨਹੀਂ |
| 4 | ਬਿਆਨਾ ਰਾਸ਼ੀ | ਕੋਈ ਨਹੀਂ |
| 5 | ਟੈਂਡਰ ਫਾਰਮ ਦੀ ਲਾਗਤ | ਕੋਈ ਨਹੀਂ |
| 6 | ਟੈਂਡਰ ਫਾਰਮ ਨੂੰ ਪ੍ਰਾਪਤ ਕਰਨ ਲਈ ਮਿਤੀ ਅਤੇ ਸਮਾਂ: ਚੀਫ ਮੈਡੀਕਲ ਸੁਪਰੰਟੈਂਡੰਟ ਦਫਤਰ, ਮੰਡਲ ਚਿਕਿਤਸਾਲਯ ਫਿਰੋਜਪੁਰ ਤੋਂ ਕਿਸੇ ਵੀ ਕੰਮ ਵਾਲੇ ਦਿਨ ਨੂੰ ਮਿਤੀ 13.02.2026 ਤੋਂ 11.03.2026 ਤਕ 11:00 ਵਜੇ ਤਕ ਪ੍ਰਾਪਤ ਕੀਤੇ ਜਾ ਸਕਦੇ ਹਨ। | |
| 7 | ਟੈਂਡਰ ਬਾਕਸ ਦਾ ਸਥਾਨ | ਚੀਫ ਮੈਡੀਕਲ ਸੁਪਰੰਟੈਂਡੰਟ ਦਫਤਰ, ਉਤਰ ਰੇਲਵੇ,ਫਿਰੋਜਪੁਰ |
| 8 | ਟੈਂਡਰ ਦਸਤਾਵੇਜਾਂ ਨੂੰ ਭੇਜਣ ਦੇ ਲਈ ਮਿਤੀ ਅਤੇ ਸਮਾਂ | 11.03.2026 ਨੂੰ 11:00 ਵਜੇ ਤਕ। ਟੈਂਡਰ ਬਾਕਸ ਨੂੰ 11.03.2026 ਨੂੰ 11:30 ਵਜੇ ਖੋਹਲਿਆ ਜਵੇਗਾ। |

ਟਿਪਣੀ: ਉਪਰੋਕਤ ਕੰਮ ਦੇ ਸਮਾਨ ਹੋਰ ਤਰ੍ਹਾਂ ਦੇ ਕੰਮ ਦੀ ਪਰਿਭਾਸ਼ਾ: ਲਾਗੂ ਨਹੀਂ।
ਪੱਤਰ ਨੰਬਰ: 15-ਮੇਡ/ਇਨਵੇਸਟੀਗੇਸ਼ਨ ਮਿਤੀ: 13.02.2026 494/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


# ਹਿਤੇਸ਼ ਪੁਰੀ ਦੀ ਪ੍ਰਧਾਨਗੀ ਹੇਠ ਕੋਰੈਫਡ ਦੀ ਇੱਕ ਐਮਰਜੈਂਸੀ ਮੀਟਿੰਗ



**ਚੰਡੀਗੜ੍ਹ, 13 ਫਰਵਰੀ (ਜਨ ਜਾਗਰਣ ਰਿਪੋਰਟਰ)** : ਅੱਜ ਹਿਤੇਸ਼ ਪੁਰੀ ਦੀ ਪ੍ਰਧਾਨਗੀ ਹੇਠ ਕੋਰੈਫਡ ਦੀ ਇੱਕ ਐਮਰਜੈਂਸੀ ਮੀਟਿੰਗ ਹੋਈ। ਕੋਰੈਫਡ ਦੇ ਜਨਰਲ ਸਕੱਤਰ ਡਾ. ਅਨੀਸ਼ ਗਰਗ ਨੇ ਕਿਹਾ ਕਿ ਇਹ ਸੰਸਥਾ ਚੰਡੀਗੜ੍ਹ ਦੇ ਜਨਤਕ ਪ੍ਰਤੀਨਿਧੀਆਂ ਦੀ ਨੁਮਾਇੰਦਗੀ ਕਰਨ ਵਾਲੀਆਂ ਪ੍ਰਮੁੱਖ ਸੰਸਥਾਵਾਂ ਵਿੱਚੋਂ ਇੱਕ ਹੈ, ਅਤੇ ਇਸ ਤਰ੍ਹਾਂ, ਸ਼ਹਿਰ ਦੀਆਂ ਉਮੀਦਾਂ ਬਹੁਤ ਜ਼ਿਆਦਾ ਹਨ। ਉਨ੍ਹਾਂ ਅੱਗੇ ਕਿਹਾ ਕਿ ਕੋਰੈਫਡ ਨਾ ਸਿਰਫ਼ ਚੰਡੀਗੜ੍ਹ ਵਾਸੀਆਂ ਦੀਆਂ ਬੁਨਿਆਦੀ ਸਮੱਸਿਆਵਾਂ ਨੂੰ ਹੱਲ ਕਰਨ ਲਈ ਵਚਨਬੱਧ ਹੈ, ਸਗੋਂ ਸਮਾਜਿਕ ਅਤੇ ਸੱਭਿਆਚਾਰਕ ਖੇਤਰ ਵਿੱਚ ਇੱਕ ਨਵੇਂ ਅਧਿਆਏ ਦੀ ਸ਼ੁਰੂਆਤ ਵੀ ਕਰ ਰਿਹਾ ਹੈ। ਕੋਈ ਵੀ ਚੰਡੀਗੜ੍ਹ ਵਾਸੀ ਜੋ ਸਿੱਖਿਆ, ਖੇਡਾਂ, ਸਾਹਿਤ, ਕਲਾ, ਜਾਂ ਕਿਸੇ ਹੋਰ ਸਮਾਜਿਕ ਖੇਤਰ ਵਿੱਚ ਰਾਸ਼ਟਰੀ ਜਾਂ ਅੰਤਰਰਾਸ਼ਟਰੀ ਪੱਧਰ 'ਤੇ ਚੰਡੀਗੜ੍ਹ ਦਾ ਮਾਣ ਵਧਾਉਂਦਾ ਹੈ, ਉਸਨੂੰ ਕੋਰੈਫਡ ਦੁਆਰਾ "ਚੰਡੀਗੜ੍ਹ ਗੌਰਵ ਸਨਮਾਨ" ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾਵੇਗਾ। ਇਸ ਪਹਿਲ ਦਾ ਉਦੇਸ਼ ਚੰਡੀਗੜ੍ਹ ਦੀਆਂ ਪ੍ਰਤਿਭਾਵਾਂ ਦਾ ਸਨਮਾਨ ਕਰਕੇ ਸਮਾਜ ਵਿੱਚ ਪ੍ਰੇਰਨਾ ਦਾ ਮਾਹੌਲ ਪੈਦਾ ਕਰਨਾ ਅਤੇ ਸ਼ਹਿਰ ਦੀ ਵਿਸ਼ਵਵਿਆਪੀ ਪਛਾਣ ਨੂੰ ਹੋਰ ਮਜ਼ਬੂਤ ਕਰਨਾ ਹੈ। ਵਿਸ਼ੇਸ਼ ਤੌਰ 'ਤੇ ਹਾਜ਼ਰੀਨ ਵਿੱਚ ਸਰਬਜੀਤ ਸਿੰਘ ਲਹਿਰੀ, ਵਿੱਤ ਸਕੱਤਰ, ਸੁਸ਼ੀਲ ਮਲਹੋਤਰਾ, ਦੇਸ ਰਾਜ ਸ਼ਰਮਾ, ਸ਼ਿਵਮ ਪੁਰੀ ਅਤੇ ਰਜਨੀਸ਼ ਚੌਧਰੀ ਸ਼ਾਮਲ ਸਨ।

# ਫਾਊਂਡੇਸ਼ਨ ਦੇ ਪ੍ਰੇਰਨਾ ਸਰੋਤ ਸਵਰਗੀ ਮਧੂਸੂਦਨ ਬਾਬੂ ਨੂੰ ਸ਼ਰਧਾਂਜਲੀ



**ਚੰਡੀਗੜ੍ਹ, 13 ਫਰਵਰੀ (ਜਨ ਜਾਗਰਣ ਰਿਪੋਰਟਰ)** : ਜੈ ਮਧੂਸੂਦਨ ਜੈ ਸ਼੍ਰੀ ਕ੍ਰਿਸ਼ਨ ਫਾਊਂਡੇਸ਼ਨ ਦੇ ਪ੍ਰੇਰਨਾ ਸਰੋਤ ਸਵਰਗੀ ਬਾਬੂ ਮਧੂਸੂਦਨ ਸਿੰਘ ਜੀ, ਉਨ੍ਹਾਂ ਦੀ ਬਰਸੀ ਦੀ ਪੂਰਵ ਸੰਧਿਆ 'ਤੇ, ਸੈਕਟਰ 47, ਚੰਡੀਗੜ੍ਹ ਵਿਖੇ ਫਾਊਂਡੇਸ਼ਨ ਦੇ ਮੁੱਖ ਦਫਤਰ ਵਿਖੇ ਸ਼ਰਧਾਂਜਲੀ ਭੇਟ ਕੀਤੀ ਗਈ। ਫਾਊਂਡੇਸ਼ਨ ਦੇ ਸੰਸਥਾਪਕ, ਵਾਤਾਵਰਣ ਕਾਰਕੁਨ ਅਨੁਵ੍ਰਤੀ ਪ੍ਰਭੂਨਾਥ ਸ਼ਾਹੀ ਨੇ ਦੱਸਿਆ ਕਿ ਸਵਰਗੀ ਮਧੂਸੂਦਨ ਬਾਬੂ ਦੀ ਯਾਦ ਵਿੱਚ, 14 ਫਰਵਰੀ ਨੂੰ, ਫਾਊਂਡੇਸ਼ਨ ਪਰਸ਼ੂਰਾਮ ਭਵਨ, ਸੈਕਟਰ 37, ਚੰਡੀਗੜ੍ਹ ਦੇ ਅਹਾਤੇ ਵਿੱਚ ਓਪਨ ਆਈਜ਼ ਫਾਊਂਡੇਸ਼ਨ ਨੂੰ ਮੁਕਾਬਲੇ ਵਾਲੀਆਂ ਅਤੇ ਉੱਚ ਸ਼੍ਰੇਣੀ ਦੀਆਂ ਕਿਤਾਬਾਂ ਦਾਨ ਕਰੇਗੀ, ਜੋ ਲੋੜਵੰਦ ਵਿਦਿਆਰਥੀਆਂ ਲਈ ਲਾਭਦਾਇਕ ਹੋ ਸਕਦੀਆਂ ਹਨ ਅਤੇ ਸਿੱਖਿਆ ਸ਼ਾਸਤਰੀ ਅਤੇ ਸਮਾਜ ਸੇਵਕ ਸਵਰਗੀ ਮਧੂਸੂਦਨ ਬਾਬੂ ਨੂੰ ਸੱਚੀ ਸ਼ਰਧਾਂਜਲੀ ਦਿੱਤੀ ਜਾ ਸਕਦੀ ਹੈ। ਸ਼ਾਹੀ ਨੇ ਕਿਹਾ ਕਿ ਸਵਰਗੀ ਮਧੂਸੂਦਨ ਬਾਬੂ ਇੱਕ ਪ੍ਰਮੁੱਖ ਸਮਾਜ ਸੇਵਕ ਅਤੇ ਸਿੱਖਿਆ ਸ਼ਾਸਤਰੀ ਸਨ ਅਤੇ ਪੇਂਡੂ ਖੇਤਰਾਂ ਵਿੱਚ ਕੁੜੀਆਂ ਲਈ ਸਿੱਖਿਆ ਪ੍ਰਣਾਲੀ ਨੂੰ ਮਜ਼ਬੂਤ ??ਕਰਨਾ ਚਾਹੁੰਦੇ ਸਨ। ਇਸ ਕੋਸ਼ਿਸ਼ ਵਿੱਚ, 1997 ਵਿੱਚ, ਸਿਰਫ਼ ਇੱਕੀ ਸਾਲ ਦੀ ਉਮਰ ਵਿੱਚ, ਉਸਨੇ ਆਪਣੀ ਪੰਜ ਏਕੜ ਜ਼ਮੀਨ ਦਾਨ ਕੀਤੀ ਅਤੇ ਬਿਹਾਰ ਦੇ ਗੋਪਾਲਗੰਜ ਦੇ ਗਣੇਸ਼ ਸਥਾਨ ਮੰਝਾ (ਫੁਲਵਾੜੀਆ) ਵਿੱਚ ਸ਼੍ਰੀ ਬਲਦੇਵ ਹਾਇਰ ਸੈਕੰਡਰੀ ਸਕੂਲ ਦੀ ਸਥਾਪਨਾ ਕੀਤੀ, ਜੋ ਅੱਜ ਇੱਕ ਇੰਟਰਮੀਡੀਏਟ ਕਾਲਜ ਦੇ ਰੂਪ ਵਿੱਚ ਇੱਕ ਪ੍ਰਮੁੱਖ ਸਰਕਾਰੀ ਵਿਦਿਅਕ ਸੰਸਥਾ ਹੈ। ਇਸ ਕਾਲਜ ਤੋਂ ਸਿੱਖਿਆ ਪ੍ਰਾਪਤ ਕਰਕੇ ਸਾਰੇ ਸਥਾਨਕ ਵਿਦਿਆਰਥੀ ਲਾਭ ਪ੍ਰਾਪਤ ਕਰ ਰਹੇ ਹਨ। ਜੈ ਮਧੂਸੂਦਨ ਜੈ ਸ਼੍ਰੀ ਕ੍ਰਿਸ਼ਨ ਫਾਊਂਡੇਸ਼ਨ ਸਿੱਖਿਆ, ਸਿਹਤ ਅਤੇ ਵਾਤਾਵਰਣ ਸੁਰੱਖਿਆ ਦੇ ਨਾਲ-ਨਾਲ ਪ੍ਰਮੁੱਖ ਸਮਾਜਿਕ ਮੁੱਦਿਆਂ ਪ੍ਰਤੀ ਜਾਗਰੂਕਤਾ ਲਈ ਸਮਰਪਿਤ ਹੈ ਅਤੇ ਨਾ ਸਿਰਫ਼ ਟ੍ਰਾਈਸਿਟੀ ਵਿੱਚ ਸਗੋਂ ਦੇਸ਼ ਦੇ ਹੋਰ ਹਿੱਸਿਆਂ ਵਿੱਚ ਵੀ ਕੰਮ ਕਰ ਰਹੀ ਹੈ ਅਤੇ ਬਹੁਤ ਜਲਦੀ ਹੀ ਪਰਿਆਵਰਣ ਧਾਮ ਦੀ ਸਥਾਪਨਾ ਦਾ ਕੰਮ ਸ਼ੁਰੂ ਹੋ ਜਾਵੇਗਾ।


## ਉਤਰ ਰੇਲਵੇ

### ਈ-ਨਿਵਿਦਾ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਅਤੇ ਉਨ੍ਹਾਂ ਦੇ ਲਈ ਜੰਮੂ ਤਵੀ ਸਥਿਤ ਮੁੱਖ ਇੰਜੀਨੀਅਰ/ਬ੍ਰਿਜ ਲਾਈਨ, ਦੇ ਦੁਆਰਾ ਓਪਨ ਈ-ਟੈਂਡਰ ਨੂੰ ਏਕਲ ਪੈਕੇਟ ਸਿਸਟਮ ਦੇ ਤਹਿਤ ਮੰਗ ਕੀਤੀ ਗਈ ਹੈ।

| ਲ. ਨੰ. | ਨਿਵਿਦਾ ਸੂਚਨਾ ਨੰ. | ਕੰਮ ਦਾ ਨਾਮ | ਲਗਭਗ ਲਾਗਤ (ਰੁ) | ਬੀਮਾ ਧਨਰਾਸ਼ੀ | ਖੋਹਲਣ ਦੀ ਮਿਤੀ | IREPS 'ਤੇ ਬੋਲੀ ਸ਼ੁਰੂ ਹੋਣ ਦੀ ਮਿਤੀ | ਨਿਵਿਦਾ ਫਾਰਮ ਦੀ ਲਾਗਤ (ਰੁ) | ਪੂਰਾ ਸਮਾਂ |
|---|---|---|---|---|---|---|---|---|
| 1. | OT-03/ JAT/ 25-26 | JAT-SVDK ਸੈਕਸ਼ਨ ਵਿਚ ਬ੍ਰ. ਨੰ. 85 (ਗਾਂਬੀਰ ਬ੍ਰਿਜ) ਅਤੇ ਬ੍ਰ. ਨੰ. 186 (ਜੱਜਰ ਖਡ) ਦੇ ਟਾਪ ਕਾਰਡ ਨਿਰੀਖਣ ਪ੍ਰਬੰਧ ਦੇ ਫੈਬ੍ਰਿਕੇਸ਼ਨ ਅਤੇ ਇਰੀਕੇਸ਼ਨ | ₹94,28,428.96 | ₹1,88,600/- | 09.03.2026 | 23.02.2026 | 0 | 06 Months |
| 2. | OT-09/ JAT/ 25-26 | ਐਸਐਸਈ/ਬ੍ਰਿਜ/ਐਮ/ਪਠਾਨਕੋਟ ਦੇ ਅਧਿਕਾਰ ਖੇਤਰ ਦੇ ਤਹਿਤ BHRL-JAT, ASR-PTK, JUC-PTK ਅਤੇ PTK-JDNX ਸੈਕਸ਼ਨਾਂ ਵਿਚ ਵਖ-ਵਖ ਪੁਲਾਂ ਦਾ ਪੇਂਟਿੰਗ ਕੰਮ। | ₹98,89,393.53 | ₹1,97,800/- | 09.03.2026 | 23.02.2026 | 0 | 06 Months |

| | |
|---|---|
| ਨਿਵਿਦਾ ਪੇਸ਼ ਕਰਨ ਅਤੇ ਨਿਵਿਦਾ ਖੋਹਲਣ ਦੀ ਮਿਤੀ ਤੇ ਸਮਾਂ | ਹਰੇਕ ਦੇ ਖਿਲਾਫ ਦਿਖਾਈਆਂ ਗਈਆਂ ਮਿਤੀਆਂ ਤੇ 15.00 ਵਜੇ ਤਕ ਉਸੇ ਸਮੇਂ 15:00 ਵਜੇ ਦੇ ਬਾਅਦ ਨਿਵਿਦਾ ਖੋਹਲੀ ਜਾਏਗੀ। |
| ਵੈਬਸਾਈਟ ਵੇਰਵਾ ਜਿਥੇ ਨਿਵਿਦਾ ਦਾ ਪੂਰਾ ਵੇਰਵਾ ਵੇਖਿਆ ਜਾ ਸਕਦਾ ਹੈ ਅਤੇ ਡਾਊਨਲੋਡ ਕੀਤਾ ਜਾ ਸਕਦਾ ਹੈ। | ਵਿਸਤ੍ਰਿਤ ਈ-ਨਿਵਿਦਾ ਸੂਚਨਾ ਉਤਰ ਰੇਲਵੇ ਦੀ ਵੈਬਸਾਈਟ ਯਾਨੀ www.nr.indianrailways.gov.in, (http//www.nr.indianrailways.gov.in)'ਤੇ ਉਪਲਬਧ ਹੈ ਅਤੇ ਨਿਵਿਦਾ ਦਸਤਾਵੇਜ (www.ireps.gov.in) (http://www.ireps.gov.in) 'ਤੇ ਉਪਲਬਧ ਹੈ। |

No.: 2-DYCEBLJAT-2025/26 ਤਾਰੀਕ : 12.02.2026 481/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਨੌਜਵਾਨ ਪੀੜ੍ਹੀ ਲਈ ਸਿਖਿਆ ਤੇ ਹੁਨਰ ਹੀ ਕਾਮਯਾਬੀ ਦਾ ਅਸਲ ਹਥਿਆਰ : ਰਾਮ ਮੂਰਤੀ ਸਰੋਆ

## ਸਰਬ ਨੌਜਵਾਨ ਸਭਾ ਦੇ ਵੋਕੇਸ਼ਨਲ ਸੈਂਟਰ ਦਾ ਕੀਤਾ ਦੌਰਾ

**ਐਨ.ਆਰ.ਆਈ. ਵੀਰਾਂ ਨੇ ਸਰਬ ਸੇਵਾ ਸਦਨ ਲਈ ਦਿਤੇ ਇੱਕ ਲੱਖ**



ਸਰਬ ਨੌਜਵਾਨ ਸਭਾ ਵੱਲੋਂ ਰਾਮ ਮੂਰਤੀ ਸਰੋਆ ਅਤੇ ਜੱਸੀ ਬੰਗਾ ਨੂੰ ਸਨਮਾਨਿਤ ਕਰਦੇ ਹੋਏ ਪ੍ਰਧਾਨ ਸੁਖਵਿੰਦਰ ਸਿੰਘ ਅਤੇ ਸਭਾ ਦੇ ਮੈਂਬਰ, ਅਤੇ ਵੋਕੇਸ਼ਨਲ ਸੈਂਟਰ ਦਾ ਦੌਰਾ ਕਰਦੇ ਹੋਏ ਐਨ.ਆਰ.ਆਈ. ਪਤਵੰਤੇ।

**ਫਗਵਾੜਾ, 13 ਫਰਵਰੀ (ਹਰਮੇਸ਼ ਸਰੋਆ)** : ਸਰਬ ਨੌਜਵਾਨ ਸਭਾ ਅਤੇ ਸਰਬ ਨੌਜਵਾਨ ਵੈਲਫੇਅਰ ਸੁਸਾਇਟੀ (ਰਜਿ.) ਵੱਲੋਂ ਸੋਸਵਾ ਪੰਜਾਬ ਦੇ ਸਹਿਯੋਗ ਨਾਲ ਸਕੀਮ ਨੰਬਰ-3, ਹੁਸ਼ਿਆਰਪੁਰ ਰੋਡ, ਫਗਵਾੜਾ ਵਿਖੇ ਚਲਾਏ ਜਾ ਰਹੇ ਵੋਕੇਸ਼ਨਲ ਟ੍ਰੇਨਿੰਗ ਸੈਂਟਰ ਵਿੱਚ ਇੱਕ ਪ੍ਰੇਰਨਾਦਾਇਕ ਅਤੇ ਭਾਵੁਕ ਸਮਾਗਮ ਆਯੋਜਿਤ ਕੀਤਾ ਗਿਆ। ਇਸ ਮੌਕੇ ਉੱਘੇ ਸਮਾਜ ਸੇਵੀ ਰਾਮ ਮੂਰਤੀ ਸਰੋਆ, ਚੇਅਰਮੈਨ ਡਾ. ਅੰਬੇਡਕਰ ਐਜੂਕੇਸ਼ਨਲ ਸੁਸਾਇਟੀ (ਯੂ.ਐੱਸ.ਏ.) ਅਤੇ ਪ੍ਰਸਿੱਧ ਸੱਭਿਆਚਾਰਕ ਪ੍ਰਮੋਟਰ (ਯੂ.ਐੱਸ.ਏ.) ਜੱਸੀ ਬੰਗਾ ਨੇ ਸੈਂਟਰ ਦਾ ਦੌਰਾ ਕਰਕੇ ਚੱਲ ਰਹੀਆਂ ਗਤੀਵਿਧੀਆਂ ਦਾ ਜਾਇਜ਼ਾ ਲਿਆ। ਸਭਾ ਦੇ ਮੈਂਬਰਾਂ ਵੱਲੋਂ ਮਹਿਮਾਨਾਂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ। ਇਸ ਦੌਰਾਨ ਸਿੱਖਿਆਰਥਣਾਂ ਵੱਲੋਂ ਤਿਆਰ ਕੀਤੇ ਗਏ ਉਤਪਾਦਾਂ ਦੀ ਪ੍ਰਦਰਸ਼ਨੀ ਵੇਖ ਕੇ ਮਹਿਮਾਨ ਕਾਫੀ ਪ੍ਰਭਾਵਿਤ ਹੋਏ। ਜੱਸੀ ਬੰਗਾ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਵਿਦੇਸ਼ਾਂ ਵਿੱਚ ਵੱਸਦੇ ਹੋਏ ਵੀ ਆਪਣੇ ਵਤਨ ਅਤੇ ਆਪਣੀ ਮਿੱਟੀ ਨਾਲ ਜੁੜੇ ਰਹਿਣਾ ਹਰ ਪੰਜਾਬੀ ਦਾ ਨੈਤਿਕ ਫਰਜ਼ ਹੈ। ਉਨ੍ਹਾਂ ਕਿਹਾ ਕਿ ਜਦੋਂ ਪੰਜਾਬ ਦੀਆਂ ਧੀਆਂ ਨੂੰ ਸਵੈ-ਰੋਜ਼ਗਾਰ ਲਈ ਤਿਆਰ ਕੀਤਾ ਜਾਂਦਾ ਹੈ ਤਾਂ ਇਹ ਪੂਰੇ ਸਮਾਜ ਨੂੰ ਮਜ਼ਬੂਤ ਬਣਾਉਂਦਾ ਹੈ। ਚੇਅਰਮੈਨ ਰਾਮ ਮੂਰਤੀ ਸਰੋਆ ਨੇ ਕਿਹਾ ਕਿ ਸਿੱਖਿਆ ਅਤੇ ਹੁਨਰ ਹੀ ਉਹ ਅਸਲ ਹਥਿਆਰ ਹਨ ਜੋ ਨੌਜਵਾਨ ਪੀੜ੍ਹੀ ਨੂੰ ਆਤਮਨਿਰਭਰ ਅਤੇ ਮਜ਼ਬੂਤ ਬਣਾਉਂਦੇ ਹਨ। ਉਨ੍ਹਾਂ ਭਰੋਸਾ ਦਿਵਾਇਆ ਕਿ ਭਵਿੱਖ ਵਿੱਚ ਵੀ ਉਹ ਅਜਿਹੇ ਲੋਕ-ਭਲਾਈ ਪ੍ਰੋਜੈਕਟਾਂ ਨਾਲ ਜੁੜੇ ਰਹਿਣਗੇ ਅਤੇ ਹਰ ਸੰਭਵ ਸਹਿਯੋਗ ਦਿੰਦੇ ਰਹਿਣਗੇ। ਇਸ ਮੌਕੇ ਉਨ੍ਹਾਂ ਵੱਲੋਂ ਇੱਕ ਲੱਖ ਰੁਪਏ ਦੀ ਆਰਥਿਕ ਸਹਾਇਤਾ ਸਰਬ ਨੌਜਵਾਨ ਵੱਲੋਂ ਨਵੀਂ ਉਸਾਰੀ ਗਈ ਸਰਬ ਸੇਵਾ ਸਦਨ ਦੀ ਇਮਾਰਤ ਲਈ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਨੂੰ ਭੇਟ ਕੀਤੀ ਗਈ। ਸਿੱਖਿਆਰਥਣਾਂ ਨੇ ਆਪਣੇ ਤਜਰਬੇ ਸਾਂਝੇ ਕਰਦਿਆਂ ਕਿਹਾ ਕਿ ਇਸ ਸੈਂਟਰ ਨੇ ਉਨ੍ਹਾਂ ਦੀ ਜ਼ਿੰਦਗੀ ਵਿੱਚ ਨਵੀਂ ਉਮੀਦ ਅਤੇ ਆਤਮ-ਵਿਸ਼ਵਾਸ ਜਗਾਇਆ ਹੈ। ਅਖੀਰ ਵਿੱਚ ਸਭਾ ਦੇ ਜਨਰਲ ਸਕੱਤਰ ਡਾ. ਵਿਜੈ ਕੁਮਾਰ ਨੇ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਭਾ ਦਾ ਮੁੱਖ ਉਦੇਸ਼ ਸਮਾਜ ਦੇ ਹਰ ਵਰਗ ਨੂੰ ਸਵੈ-ਨਿਰਭਰ ਬਣਾਉਣਾ ਹੈ। ਸਮਾਗਮ ਦੇ ਅੰਤ ਵਿੱਚ ਸਭਾ ਵੱਲੋਂ ਪਤਵੰਤਿਆਂ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮਦਨ ਲਾਲ ਕੋਰੋਟਾਨੀਆ (ਬਲਾਕ ਪ੍ਰਧਾਨ ਆਪ), ਸੇਵਾਮੁਕਤ ਲੈਕਚਰਾਰ ਹਰਜਿੰਦਰ ਗੋਗਨਾ, ਵਿੱਕੀ ਸਿੰਘ (ਯੂਥ ਆਗੂ ਆਪ), ਜਗਜੀਤ ਸੇਠ, ਆਰ.ਪੀ. ਸ਼ਰਮਾ, ਗੁਲਸ਼ਨ ਕਪੂਰ, ਮੈਡਮ ਆਸ਼ੂ ਬੱਗਾ, ਮੈਡਮ ਗੁਰਜੀਤ ਕੌਰ, ਮੈਡਮ ਲਕਸ਼ਮੀ, ਮੈਡਮ ਸੁਖਪ੍ਰੀਤ ਕੌਰ, ਅਨੂਪ ਦੁੱਗਲ ਸਮੇਤ ਵੱਡੀ ਗਿਣਤੀ ਵਿੱਚ ਪਤਵੰਤੇ, ਸੈਂਟਰ ਸਟਾਫ ਅਤੇ ਸਿੱਖਿਆਰਥਣਾਂ ਹਾਜ਼ਰ ਸਨ।

# ਨੌਜਵਾਨ ਬ੍ਰਾਹਮਣ ਸਭਾ ਦੀ ਸਾਲਾਨਾ ਚੋਣ ਹੋਈ ਸਮਾਪਤ



**ਭੀਖੀ, 13 ਫਰਵਰੀ (ਸੁਰੇਸ਼, ਕਰਨ):** ਸ਼੍ਰੀ ਠਾਕੁਰ ਦੁਆਰਾ ਮੰਦਿਰ ਵਿੱਚ ਨੌਜਵਾਨ ਬ੍ਰਾਹਮਣ ਸਭਾ ਦੀ ਇਕ ਜ਼ਰੂਰੀ ਹੋਈ।ਜਿਸ ਵਿੱਚ ਨੌਜਵਾਨ ਬ੍ਰਾਹਮਣ ਸਭਾ ਦੇ ਮੈਂਬਰਾਂ ਨੇ ਵੱਧ ਚੜ ਕੇ ਹਿੱਸਾ ਲਿਆ । ਮੀਟਿੰਗ ਵਿੱਚ ਬਹੁਤ ਹੀ ਸ਼ਾਂਤਮਈ ਅਤੇ ਸਰਬ ਸੰਮਤੀ ਨਾਲ ਸਲਾਨਾ ਟੀਮ ਦੀ ਚੋਣ ਕੀਤੀ ਗਈ। ਜਿਸ ਵਿੱਚ ਸ੍ਰੀ ਜਸਵੀਰ ਪੇਂਟਰ ਜੀ ਨੂੰ ਸਭਾ ਦਾ ਪ੍ਰਧਾਨ ਚੁਣਿਆ ਗਿਆ। ਜਰਨਲ ਸਕੱਤਰ ਨਵਦੀਪ ਰਿਸ਼ੀ ਅਤੇ ਖਜ਼ਾਨਚੀ ਵਿਕਾਸ ਸ਼ਰਮਾ ਜੀ ਨੂੰ ਚੁਣਿਆ ਗਿਆ।ਇਸ ਤੋਂ ਇਲਾਵਾ ਵਾਇਸ ਪ੍ਰਧਾਨ ਰਜਨੀਸ਼ ਸ਼ਰਮਾ ਅਤੇ ਕੀਰਤੀ ਸ਼ਰਮਾ । ਸਹਾਇਕ ਖਜਾਨਚੀ ਲਾਜਪਤ ਰਿਸ਼ੀ ,ਸਹਾਇਕ ਸਕੱਤਰ ਜੈ ਗੋਪਾਲ ਸ਼ਰਮਾ, ਸੋਸ਼ਲ ਮੀਡੀਆ ਇੰਚਾਰਜ ਪੁਨੀਤ ਸ਼ਰਮਾ, ਪ੍ਰੈਸ ਸਕੱਤਰ ਪਰਮਜੀਤ ਸ਼ਰਮਾ ਨੂੰ ਚੁਣਿਆ ਗਿਆ। ਇਸ ਮੌਕੇ ਨਵੇਂ ਚੁਣੇ ਪ੍ਰਧਾਨ ਜਸਵੀਰ ਪੇਂਟਰ ਨੇ ਸਭਾ ਨੂੰ ਵਿਸ਼ਵਾਸ ਦਵਾਇਆ ਕਿ ਅਸੀਂ ਨੌਜਵਾਨ ਬ੍ਰਾਹਮਣ ਸਭਾ ਦੀ ਬੇਹਤਰੀ ਲਈ ਅਤੇ ਬ੍ਰਾਹਮਣ ਸਮਾਜ ਦੀ ਏਕਤਾ ਅਤੇ ਅਖੰਡਤਾ ਲਈ ਦਿਨ ਰਾਤ ਮਿਹਨਤ ਕਰਾਂਗੇ ਅਤੇ ਨੌਜਵਾਨ ਬ੍ਰਾਹਮਣ ਸਭਾ ਦਾ ਨਾਮ ਪੂਰੇ ਪੰਜਾਬ ਦੇ ਵਿੱਚ ਰੌਸ਼ਨ ਕਰਾਂਗੇ ਨੌਜਵਾਨ ਬ੍ਰਾਹਮਣ ਸਭਾ ਸਨਾਤਨ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਤੇ ਸਨਾਤਨੀ ਭਾਈਚਾਰਕ ਸਾਂਝ ਲਈ ਹਮੇਸ਼ਾ ਕੰਮ ਕਰਦੀ ਰਹੇਗੀ ਇਸ ਤੋਂ ਇਲਾਵਾ ਪ੍ਰਧਾਨ ਜੀ ਨੇ ਸਭਾ ਦੀਆਂ ਚੱਲ ਰਹੀਆਂ ਗਤੀਵਿਧੀਆਂ ਜਿਸ ਵਿੱਚ ਵਿੱਚ ਸ੍ਰੀ ਰਾਧਾ ਰਾਣੀ ਸੰਕੀਰਤਨ ਅਤੇ ਗਊ ਸੇਵਾ ਦਾ ਵੀ ਜ਼ਿਕਰ ਕੀਤਾ।

# ਲੁਧਿਆਣਾ ’ਚ ‘ਅਪਰੇਸ਼ਨ ਪ੍ਰਹਾਰ’ ਤਹਿਤ 232 ਮੁਲਜ਼ਮ ਗ੍ਰਿਫ਼ਤਾਰ



**ਲੁਧਿਆਣਾ, 13 ਫਰਵਰੀ (ਜਨ ਜਾਗਰਣ ਰਿਪੋਰਟਰ)** : ਲੁਧਿਆਣਾ ਪੁਲੀਸ ਨੇ ‘ਅਪਰੇਸ਼ਨ ਪ੍ਰਹਾਰ 2.0‘ ਤਹਿਤ ਸ਼ਹਿਰ ਵਿੱਚ ਵੱਡੀ ਕਾਰਵਾਈ ਕਰਦਿਆਂ ਪਿਛਲੇ ਤਿੰਨ ਦਿਨਾਂ ਅੰਦਰ 232 ਮੁਲਜ਼ਮ ਕਾਬੂ ਕੀਤੇ ਹਨ। ਇਸ ਵਿਸ਼ੇਸ਼ ਮੁਹਿੰਮ ਦੀ ਅਗਵਾਈ ਆਈ ਜੀ ਡਾ. ਐੱਸ ਭੂਪਤੀ ਅਤੇ ਪੁਲੀਸ ਕਮਿਸ਼ਨਰ ਸਵਪਨ ਸ਼ਰਮਾ ਨੇ ਕੀਤੀ। ਤਿੰਨ ਦਿਨ ਚੱਲੀ ਇਸ ਕਾਰਵਾਈ ਵਿੱਚ 950 ਤੋਂ ਵੱਧ ਪੁਲਿਸ ਮੁਲਾਜ਼ਮਾਂ ਨੇ ਵੱਖ-ਵੱਖ ਟੀਮਾਂ ਬਣਾ ਕੇ ਸ਼ੱਕੀ ਟਿਕਾਣਿਆਂ ‘ਤੇ ਛਾਪੇ ਮਾਰੇ। ਪੁਲਿਸ ਨੇ ਸ਼ਹਿਰ ਦੀਆਂ ਜਨਤਕ ਥਾਵਾਂ ‘ਤੇ ਵੀ ਬਾਰੀਕੀ ਨਾਲ ਚੈਕਿੰਗ ਕੀਤੀ ਹੈ। ਪੁਲਿਸ ਕਮਿਸ਼ਨਰ ਸਵਪਨ ਸ਼ਰਮਾ ਅਨੁਸਾਰ ਇਸ ਮੁਹਿੰਮ ਨਾਲ ਸਥਾਨਕ ਅਪਰਾਧਿਕ ਢਾਂਚੇ ਨੂੰ ਵੱਡੀ ਸੱਟ ਵੱਜੀ ਹੈ। ਗ੍ਰਿਫ਼ਤਾਰ ਕੀਤੇ 232 ਵਿਅਕਤੀਆਂ ਵਿੱਚ ਹਾਈ-ਪ੍ਰੋਫਾਈਲ ਗੈਂਗਸਟਰ, ਲੋੜੀਂਦੇ ਅਪਰਾਧੀ ਅਤੇ ਕਈ ਸਾਲਾਂ ਤੋਂ ਫ਼ਰਾਰ ਭਗੌੜੇ ਸ਼ਾਮਲ ਹਨ। ਸ਼ਹਿਰ ਦੇ ਸੰਵੇਦਨਸ਼ੀਲ ਹਿੱਸਿਆਂ ਅਤੇ ਰਣਨੀਤਕ ਟਿਕਾਣਿਆਂ ‘ਤੇ 245 ਤੋਂ ਵੱਧ ਥਾਵਾਂ ‘ਤੇ ਤਲਾਸ਼ੀ ਲਈ ਗਈ। ਪੁਲਿਸ ਦੀਆਂ ਇਨ੍ਹਾਂ ਟੀਮਾਂ ਨੇ ਸ਼ਹਿਰ ਭਰ ਵਿੱਚ ਸਖ਼ਤ ਨਾਕਾਬੰਦੀ ਕਰ ਕੇ ਸ਼ੱਕੀ ਵਿਅਕਤੀਆਂ ਦੀ ਜਾਂਚ ਕੀਤੀ। ਇਸ ਕਾਰਵਾਈ ਦੌਰਾਨ ਭਾਰੀ ਮਾਤਰਾ ਵਿੱਚ ਹਥਿਆਰ ਅਤੇ ਨਸ਼ੀਲੇ ਪਦਾਰਥ ਬਰਾਮਦ ਹੋਏ ਹਨ। ਪੁਲਿਸ ਨੇ 209 ਗ੍ਰਾਮ ਹੈਰੋਇਨ, 92 ਨਸ਼ੀਲੀਆਂ ਗੋਲੀਆਂ, ਚਾਰ ਪਿਸਤੌਲ, 15 ਦੋਪਹੀਆ ਵਾਹਨ, ਚੋਰੀ ਕੀਤੇ 45 ਮੋਬਾਈਲ ਫੋਨ ਅਤੇ ਨਾਜਾਇਜ਼ ਸ਼ਰਾਬ ਦੀਆਂ 10 ਪੇਟੀਆਂ ਬਰਾਮਦ ਕੀਤੀਆਂ ਹਨ। ਫੜੇ ਗਏ ਮੁਲਜ਼ਮਾਂ ਵਿੱਚ 4 ਅਜਿਹੇ ਭਗੌੜੇ ਅਪਰਾਧੀ ਵੀ ਹਨ, ਜੋ ਲੰਮੇ ਸਮੇਂ ਤੋਂ ਪੁਲਿਸ ਦੀ ਪਹੁੰਚ ਤੋਂ ਬਾਹਰ ਚੱਲ ਰਹੇ ਸਨ।

## ਸੰਖੇਪ ਖਬਰਾਂ

### ਸੜਕ ਹਾਦਸੇ ’ਚ ਇਕ ਦੀ ਮੌਤ




**ਫਗਵਾੜਾ, 13 ਫਰਵਰੀ (ਸਰੋਆ, ਲਾਡੀ)** : ਫਗਵਾੜਾ ਕੋਟਰਾਣੀ ਨਜ਼ਦੀਕ ਟਰੱਕ ਅਤੇ ਮੋਟਰਸਾਈਕਲ ਦੀ ਟੱਕਰ ਹੋਣ ਕਾਰਨ ਇਕ ਵਿਅਕਤੀ ਦੀ ਮੌਤ ਹੋਣ ਦਾ ਮਾਮਲਾ ਸਾਹਮਣੇ ਆਇਆ ਮਾਮਲੇ ਸਬੰਧੀ ਜਾਣਕਾਰੀ ਦਿੰਦਿਆ ਟਰੱਕ ਚਾਲਕ ਨੇ ਦੱਸਿਆ ਕਿ ਉਹ ਜਲੰਧਰ ਤੋ ਖਾਦ ਨਾਲ ਭਰਿਆ ਟਰੱਕ ਲੈ ਕੇ ਪਿੰਡ ਭਾਣੋਕੀ ਨੂੰ ਜਾ ਰਿਹਾ ਸੀ ਜਦੋਂ ਉਹ ਕੋਟਰਾਣੀ ਨਜ਼ਦੀਕ ਮੋਟਰਸਾਈਕਲ ਸਵਾਰ ਇਕ ਮੋਟਰਸਾਈਕਲ ਸਵਾਰ ਵਿਅਕਤੀ ਉਸ ਦੇ ਟਰੱਕ ਨਾਲ ਟਕਰਾ ਗਿਆ ਜਿਸ ਕਾਰਨ ਉਸ ਦੀ ਮੌਕੇ ਤੇ ਹੀ ਮੌਤ ਹੋ ਗਈ ਮੌਕੇ ਤੇ ਮ੍ਰਿਤਕ ਦੀ ਪਛਾਣ ਜਗਤਾਰ ਸਿੰਘ ਪੁੱਤਰ ਮਹਿੰਦਰ ਸਿੰਘ ਉਮਰ ਕ੍ਰੀਬ 55 ਸਾਲ ਵਾਸੀ ਪਿੰਡ ਰੁੜਕੀ ਜਿਲ੍ਹਾ ਫਿਲੌਰ ਵਜੋਂ ਹੋਈ ਮੌਕੇ ਤੇ ਪਹੁੰਚੇ ਮ੍ਰਿਤਕ ਦੇ ਰਿਸ਼ਤੇਦਾਰ ਮਨਜਿੰਦਰ ਸਿੰਘ ਵਾਸੀ ਪਿੰਡ ਰੁੜਕੀ ਨੇ ਦੱਸਿਆ ਕਿ ਇਸ ਸਬੰਧੀ ਊਨਾ ਨੂੰ ਸੂਚਨਾ ਮਿਲਣ ਤੇ ਜਦੋਂ ਉਹ ਮੌਕੇ ਤੇ ਪੁੱਜੇ ਤਾਂ ਦੇਖਿਆ ਕਿ ਰਿਸ਼ਤੇਦਾਰੀ ਚੋਂ ਉਨ੍ਹਾਂ ਦੇ ਚਾਚਾ ਲਗਦੇ ਜਗਤਾਰ ਸਿੰਘ ਦਾ ਮੋਟਰਸਾਈਕਲ ਟਰੱਕ ਨਾਲ ਟਕਰਾਉਣ ਕਾਰਨ ਮੌਤ ਹੋ ਚੁੱਕੀ ਸੀ ਉਨ੍ਹਾਂ ਦੱਸਿਆ ਕਿ ਮ੍ਰਿਤਕ ਪਿੰਡ ਵਿਚ ਚਾਹ ਦੀ ਦੁਕਾਨ ਕਰਦਾ ਸੀ ਅਤੇ ਕਿਸੇ ਕੰਮ ਲਈ ਫਗਵਾੜਾ ਆਇਆ ਹੋਇਆ ਸੀ ਅਤੇ ਹਾਦਸੇ ਦਾ ਸ਼ਿਕਾਰ ਹੋ ਗਿਆ ਇਸ ਸਬੰਧੀ ਉਨ੍ਹਾਂ ਵਲੋਂ ਪੁਲਿਸ ਨੂੰ ਸੂਚਨਾ ਦੇ ਦਿੱਤੀ ਗਈ।

### ਨੌਂ ਸਾਲਾ ਅਮਨ ਦੇ ਕਾਤਲ ਦਾ ਪਤਾ ਦੱਸਣ ਵਾਲੇ ਨੂੰ ਮਿਲੇਗਾ ਇਨਾਮ : ਪੁਲਿਸ



**ਲੁਧਿਆਣਾ, 13 ਫਰਵਰੀ (ਜਨ ਜਾਗਰਣ ਰਿਪੋਰਟਰ)** : ਲੁਧਿਆਣਾ ਪੁਲਿਸ ਨੇ ਸ਼ਹਿਰ ਵਿੱਚ ਇੱਕ ਨੌਂ ਸਾਲਾ ਬੱਚੇ ਦੇ ਬੇਰਹਿਮੀ ਨਾਲ ਕੀਤੇ ਕਤਲ ਮਾਮਲੇ ‘ਚ ਮੁਲਜ਼ਮ ਦੀ ਗ੍ਰਿਫ਼ਤਾਰੀ ਲਈ ਸੂਚਨਾ ਦੇਣ ਵਾਲੇ ਨੂੰ 20,000 ਰੁਪਏ ਦਾ ਨਗਦ ਇਨਾਮ ਦੇਣ ਦਾ ਐਲਾਨ ਕੀਤਾ ਹੈ। 7 ਫਰਵਰੀ ਨੂੰ ਕਾਸਾਬਾਦ ਇਲਾਕੇ ਵਿੱਚ ਇੱਕ ਖਾਲੀ ਪਲਾਟ ਦੇ ਨੇੜੇ ਝਾੜੀਆਂ ਵਿੱਚੋਂ ਅਮਨ ਦੀ ਲਾਸ਼ ਮਿਲੀ ਸੀ। ਉਸ ਦਾ ਗਲਾ ਵੱਢਿਆ ਹੋਇਆ ਸੀ। ਇੱਕ ਅਣਪਛਾਤੇ ਵਿਅਕਤੀ ਵਿਰੁੱਧ ਕਤਲ ਦਾ ਕੇਸ ਦਰਜ ਕੀਤਾ ਗਿਆ ਸੀ। ਲਾਸ਼ ਮਿਲਣ ਦੇ ਦੋ ਦਿਨ ਬਾਅਦ, ਪੁਲਿਸ ਨੇ ਮੁਲਜ਼ਮ ਦੀ ਪਛਾਣ ਅਜੈ, ਵਾਸੀ ਕਾਸਾਬਾਦ ਵਜੋਂ ਕੀਤੀ ਹੈ। ਮੁਲਜ਼ਮ ਦੇ ‘ਲੋੜੀਂਦੇ’ (Wanted) ਪੋਸਟਰ ਵੱਖ-ਵੱਖ ਥਾਵਾਂ ‘ਤੇ ਲਗਾਏ ਗਏ ਹਨ। ਮੁਲਜ਼ਮ ਦਾ ਪਹਿਲਾਂ ਵੀ ਕਈ ਅਪਰਾਧਿਕ ਮਾਮਲਿਆਂ ਵਿੱਚ ਨਾਂ ਸਾਹਮਣੇ ਆ ਚੁੱਕਿਆ ਹੈ। ਸਾਲ 2020 ਵਿੱਚ, ਇੱਕ ਸੱਤ ਸਾਲ ਦੀ ਬੱਚੀ ਨਾਲ ਜਬਰ-ਜਨਾਹ ਕਰਨ ਦੇ ਦੋਸ਼ ਵਿੱਚ ਜੋਧੇਵਾਲ ਪੁਲਿਸ ਸਟੇਸ਼ਨ ਵਿੱਚ ਉਸ ਵਿਰੁੱਧ ਕੇਸ ਦਰਜ ਕੀਤਾ ਗਿਆ ਸੀ। ਉਸ ਮਾਮਲੇ ਵਿੱਚ ਉਸ ਨੂੰ 20 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਸੀ। ਹਾਲਾਂਕਿ, 2 ਫਰਵਰੀ ਨੂੰ ਜਦੋਂ ਉਸ ਨੂੰ ਡਾਕਟਰੀ ਜਾਂਚ ਲਈ ਸਿਵਲ ਹਸਪਤਾਲ ਲਿਜਾਇਆ ਜਾ ਰਿਹਾ ਸੀ, ਤਾਂ ਉਹ ਪੁਲਿਸ ਹਿਰਾਸਤ ਵਿੱਚੋਂ ਫ਼ਰਾਰ ਹੋ ਗਿਆ ਸੀ ਅਤੇ ਉਦੋਂ ਤੋਂ ਹੀ ਫ਼ਰਾਰ ਹੈ। ਪੁਲਿਸ ਨੇ ਕਿਹਾ ਕਿ ਸੂਚਨਾ ਦੇਣ ਵਾਲੇ ਦੀ ਪਛਾਣ ਗੁਪਤ ਰੱਖੀ ਜਾਵੇਗੀ।

### ਵਿਅਕਤੀ ਵਲੋਂ ਖੁਦਕੁਸ਼ੀ, ਔਰਤ ਵਿਰੁਧ ਮਾਮਲਾ ਦਰਜ



**ਫਗਵਾੜਾ, 13 ਫਰਵਰੀ (ਜਨ ਜਾਗਰਣ ਰਿਪੋਰਟਰ)** : ਨਕੋਦਰ ਪੁਲਿਸ ਨੇ ਇੱਕ ਵਿਅਕਤੀ ਦੀ ਮੌਤ ਤੋਂ ਬਾਅਦ ਔਰਤ ਵਿਰੁੱਧ ਖੁਦਕੁਸ਼ੀ ਲਈ ਉਕਸਾਉਣ ਦਾ ਮਾਮਲਾ ਦਰਜ ਕੀਤਾ ਹੈ। ਵਿਅਕਤੀ ਨੇ ਕਥਿਤ ਤੌਰ ‘ਤੇ ਲੰਬੇ ਸਮੇਂ ਤੱਕ ਪਰੇਸ਼ਾਨੀ ਅਤੇ ਧਮਕੀਆਂ ਤੋਂ ਬਾਅਦ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ ਸੀ। ਇਹ ਮਾਮਲਾ ਲੋਹੀਆਂ ਪੁਲਿਸ ਸਟੇਸ਼ਨ ਵਿੱਚ ਮ੍ਰਿਤਕ ਦੀ ਪਤਨੀ ਹਰਪ੍ਰੀਤ ਕੌਰ ਵੱਲੋਂ ਦਿੱਤੇ ਬਿਆਨਾਂ ‘ਤੇ ਦਰਜ ਕੀਤਾ ਗਿਆ ਹੈ। ਨਕੋਦਰ ਦੇ ਡੀ.ਐਸ.ਪੀ ਓਂਕਾਰ ਸਿੰਘ ਬਰਾੜ ਨੇ ਦੱਸਿਆ ਕਿ ਲੋਹੀਆਂ ਪੁਲਿਸ ਸਟੇਸ਼ਨ ਅਧੀਨ ਪੈਂਦੇ ਪਿੰਡ ਤੂਰਨਾ ਦੇ ਸੁਖਵਿੰਦਰਪਾਲ ਸਿੰਘ ਨੂੰ ਪਿੰਡ ਮੁੱਡਾ ਦੀ ਸੁਰਜੀਤ ਕੌਰ ਵੱਲੋਂ ਕਥਿਤ ਤੌਰ ‘ਤੇ ਪਰੇਸ਼ਾਨ ਕੀਤਾ ਜਾ ਰਿਹਾ ਸੀ। ਸ਼ਿਕਾਇਤਕਰਤਾ ਨੇ ਦੋਸ਼ ਲਾਇਆ ਕਿ ਮੁਲਜ਼ਮ ਉਸ ਦੇ ਪਤੀ ਨੂੰ ਵਾਰ-ਵਾਰ ਧਮਕੀਆਂ ਦਿੰਦੀ ਸੀ ਅਤੇ ਮਾਨਸਿਕ ਤੌਰ ‘ਤੇ ਪਰੇਸ਼ਾਨ ਕਰਦੀ ਸੀ। ਉਸ ਨੇ ਕਿਹਾ ਕਿ ਲਗਾਤਾਰ ਪਰੇਸ਼ਾਨੀ ਅਤੇ ਧਮਕੀਆਂ ਕਾਰਨ ਸੁਖਵਿੰਦਰਪਾਲ ਨੇ ਫਾਹਾ ਲੈ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ। ਪੁਲਿਸ ਮੁਤਾਬਿਕ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਗਵਾਹਾਂ ਦੇ ਬਿਆਨ ਦਰਜ ਕੀਤੇ ਜਾ ਰਹੇ ਹਨ।

# ਨਕੋਦਰ ਨੇੜੇ ਅਬੋਹਰ ਦੇ ਕੈਂਟਰ ਡਰਾਈਵਰ ਦਾ ਕਤਲ, ਗੱਡੀ ਗਾਇਬ



**ਅਬੋਹਰ, 13 ਫਰਵਰੀ (ਜਨ ਜਾਗਰਣ ਰਿਪੋਰਟਰ)** : ਅਬੋਹਰ ਦੇ ਪਿੰਡ ਸੀਤੋ ਗੁੰਨੋ ਦੇ ਇੱਕ ਕੈਂਟਰ ਡਰਾਈਵਰ ਕੋਲੋਂ ਲੁਧਿਆਣਾ ਤੋਂ ਅਬੋਹਰ ਵਾਪਸ ਆਉਂਦੇ ਸਮੇਂ ਬੁੱਧਵਾਰ ਨੂੰ ਉਸ ਦੇ ਸਾਥੀ ਵੱਲੋਂ ਕਥਿਤ ਤੌਰ ‘ਤੇ 9 ਲੱਖ ਰੁਪਏ ਲੁੱਟਣ ਅਤੇ ਉਸ ਦਾ ਕਤਲ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਉਸ ਦੀ ਲਾਸ਼ ਨੂੰ ਇੱਕ ਟੋਏ ਵਿੱਚ ਸੁੱਟ ਕੇ ਅੱਗ ਲਗਾ ਦਿੱਤੀ ਗਈ। ਨਕੋਦਰ ਪੁਲਿਸ ਨੇ ਮ੍ਰਿਤਕ ਦੀ ਅੱਧ ਸੜੀ ਲਾਸ਼ ਬਰਾਮਦ ਕਰਕੇ ਮਾਮਲਾ ਦਰਜ ਕਰ ਲਿਆ ਹੈ। ਸ਼ੱਕੀ ਦੀ ਪਛਾਣ ਅਬੋਹਰ ਤੋਂ 10 ਕਿਲੋਮੀਟਰ ਦੂਰ ਸਥਿਤ ਬੱਲੂਆਣਾ ਕਲੋਨੀ ਦੇ ਆਜ਼ਾਦ ਸਿੰਘ ਵਜੋਂ ਹੋਈ ਹੈ। ਮ੍ਰਿਤਕ ਦੀ ਦੇਹ ਨੂੰ ਸੀਤੋ ਗੁੰਨੋ ਲਿਆਂਦਾ ਗਿਆ ਅਤੇ ਬੀਤੀ ਸ਼ਾਮ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਸੀਤੋ ਗੁੰਨੋ ਰੋਡ ਦੇ ਚੰਦਰ ਪਾਲ ਨੇ ਦੱਸਿਆ ਕਿ ਉਹ ਪੂਰੇ ਪੰਜਾਬ ਵਿੱਚ ਫਲ ਸਪਲਾਈ ਕਰਦਾ ਹੈ। 9 ਫਰਵਰੀ ਨੂੰ ਕੈਂਟਰ ਡਰਾਈਵਰ ਪ੍ਰਵੀਨ ਕੁਮਾਰ ਵਾਸੀ ਸੀਤੋ ਗੁੰਨੋ ਇੱਕ ਆਈਸ਼ਰ ਕੈਂਟਰ ਵਿੱਚ ਫਲ ਲੱਦ ਕੇ ਲੁਧਿਆਣਾ ਲਈ ਰਵਾਨਾ ਹੋਇਆ ਸੀ। ਅਗਲੇ ਦਿਨ ਉਸ ਨੇ ਲੁਧਿਆਣਾ ਦੀ ਸ਼੍ਰੀ ਬਾਲਾਜੀ ਫਰੂਟ ਕੰਪਨੀ ਵਿੱਚ ਆਪਣਾ ਕੈਂਟਰ ਖਾਲੀ ਕੀਤਾ। ਅਕਾਊਂਟੈਂਟ ਗੱਬਰ ਸਿੰਘ ਨੇ ਉਸ ਨੂੰ 9 ਲੱਖ ਰੁਪਏ ਨਕਦ ਦਿੱਤੇ। ਇਸ ਤੋਂ ਬਾਅਦ ਪ੍ਰਵੀਨ ਸਵੇਰੇ 8 ਵਜੇ ਦੇ ਕਰੀਬ ਫਗਵਾੜਾ ਤੋਂ ਕੈਂਟਰ ਲੱਦ ਕੇ ਅਬੋਹਰ ਲਈ ਰਵਾਨਾ ਹੋ ਗਿਆ। ਹਾਲਾਂਕਿ ਸਵੇਰੇ 9:45 ਵਜੇ ਦੇ ਕਰੀਬ ਉਸ ਦਾ ਫੋਨ ਬੰਦ ਆਉਣ ਲੱਗਿਆ। ਚੰਦਰ ਪਾਲ ਨੇ ਦੱਸਿਆ ਕਿ ਜਦੋਂ ਪ੍ਰਵੀਨ ਦਾ ਫੋਨ ਬੰਦ ਹੋ ਗਿਆ ਤਾਂ ਉਸ ਨੇ ਲੁਧਿਆਣਾ ਦੇ ਅਕਾਊਂਟੈਂਟ ਨਾਲ ਸੰਪਰਕ ਕੀਤਾ ਅਤੇ ਪਤਾ ਲੱਗਾ ਕਿ ਪ੍ਰਵੀਨ ਦਾ ਪੁਰਾਣਾ ਸਾਥੀ ਆਜ਼ਾਦ ਸਿੰਘ ਵੀ ਉਸ ਦੇ ਨਾਲ ਸੀ। ਚੰਦਰ ਪਾਲ ਨੇ ਪ੍ਰਵੀਨ ਅਤੇ ਕੈਂਟਰ ਦੀ ਭਾਲ ਸ਼ੁਰੂ ਕਰ ਦਿੱਤੀ। ਨਕੋਦਰ ਥਾਣੇ ਦੇ ਅਧਿਕਾਰ ਖੇਤਰ ਅਧੀਨ ਆਉਂਦੇ ਟੋਲ ਪਲਾਜ਼ਾ ਦੀ ਸੀਸੀਟੀਵੀ ਫੁਟੇਜ ਤੋਂ ਕਥਿਤ ਤੌਰ ‘ਤੇ ਪਤਾ ਲੱਗਾ ਕਿ ਆਜ਼ਾਦ ਸਿੰਘ ਇਕੱਲਾ ਕੈਂਟਰ ਚਲਾ ਰਿਹਾ ਸੀ,ਜਦਕਿ ਪ੍ਰਵੀਨ ਗੱਡੀ ਵਿਚ ਨਹੀਂ ਸੀ। ਕੈਂਟਰ ਦੀ ਭਾਲ ਪਤਾ ਪਰਿਵਾਰ ਨੂੰ ਪਤਾ ਲੱਗਾ ਉਨ੍ਹਾਂ ਨੂੰ ਪਤਾ ਲੱਗਾ ਕਿ ਨਕੋਦਰ ਦੇ ਕਪੂਰਥਲਾ ਚੌਕ ਨੇੜੇ ਜਲੰਧਰ ਤੋਂ ਮੋਗਾ ਮੁੱਖ ਮਾਰਗ ‘ਤੇ ਇਕ ਟੋਏ ਵਿਚ ਇਕ ਵਿਅਕਤੀ ਦੀ ਅੱਧ ਸੜੀ ਲਾਸ਼ ਮਿਲੀ ਹੈ। ਮੌਕੇ ‘ਤੇ ਪਹੁੰਚ ਕੇ ਉਨ੍ਹਾਂ ਨੇ ਮ੍ਰਿਤਕ ਦੀ ਪਛਾਣ ਪ੍ਰਵੀਨ ਕੁਮਾਰ ਵਜੋਂ ਕੀਤੀ। ਉਸ ਦੇ ਸਰੀਰ ‘ਤੇ ਸੱਟਾਂ ਦੇ ਡੂੰਘੇ ਨਿਸ਼ਾਨ ਸਨ। ਉਸ ਦੀ ਇੱਕ ਲੱਤ ਗਾਇਬ ਸੀ ਅਤੇ ਸਰੀਰ ਦਾ ਹੇਠਲਾ ਹਿੱਸਾ ਪੂਰੀ ਤਰ੍ਹਾਂ ਸੜ ਚੁੱਕਾ ਸੀ। ਨਕੋਦਰ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਉਂਦਿਆਂ ਚੰਦਰ ਪਾਲ ਨੇ ਦੋਸ਼ ਲਾਇਆ ਕਿ ਆਜ਼ਾਦ ਸਿੰਘ ਨੇ ਪ੍ਰਵੀਨ ਦਾ ਕਤਲ ਕਰਕੇ ਲਾਸ਼ ਨੂੰ ਅੱਗ ਲਗਾ ਦਿੱਤੀ ਅਤੇ ਕੈਂਟਰ ਤੇ 9 ਲੱਖ ਰੁਪਏ ਲੈ ਕੇ ਫਰਾਰ ਹੋ ਗਿਆ। ਪੁਲਿਸ ਨੇ ਬੀ ਐੱਨ ਐਸ ਦੀਆਂ ਧਾਰਾਵਾਂ 103, 238 ਅਤੇ 306 ਤਹਿਤ ਮਾਮਲਾ ਦਰਜ ਕਰ ਲਿਆ ਹੈ ਅਤੇ ਜਾਂਚ ਜਾਰੀ ਹੈ। ਵੀਰਵਾਰ ਨੂੰ ਨਕੋਦਰ ਪੁਲਿਸ ਨੇ ਪੋਸਟਮਾਰਟਮ ਤੋਂ ਬਾਅਦ ਪ੍ਰਵੀਨ ਦੀ ਲਾਸ਼ ਵਾਰਸਾਂ ਨੂੰ ਸੌਂਪ ਦਿੱਤੀ।ਪ੍ਰਵੀਨ ਕੁਆਰਾ ਸੀ ਅਤੇ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ।


**ਉੱਤਰ ਰੇਲਵੇ**

**ਈ-ਟੈਂਡਰ ਸੂਚਨਾ**

ਟੈਂਡਰ ਸੂਚਨਾ ਨੰ: 433-ਸਿਗ-ਟੀ-75-25-26 ਬੰਦ ਹੋਣ ਦੀ ਮਿਤੀ/ਸਮਾਂ:
ਮਿਤੀ : 12.02.2026 ਨੂੰ 27.02.2026, 11:00 ਵਜੇ

ਸੀਨੀਅਰ ਡਵੀਜਨ ਸਾਕੇਤ ਅਤੇ ਦੂਰਸੰਚਾਰ ਇੰਜੀਨੀਅਰ, ਉੱਤਰ ਰੇਲਵੇ, ਫ਼ਿਰੋਜ਼ਪੁਰ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਟੈਂਡਰ ਨੰ: 433-ਸਿਗ-ਟੀ-75-25-26 ਈ-ਟੈਂਡਰਿੰਗ ਦੁਆਰਾ ਤੋਂ ਮਿਤੀ 27.02.2026 11.00 ਵਜੇ ਤਕ https://www.ireps.gov.in ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ । ਟੈਂਡਰਕਰਤਾ ਅਪਣੀ ਟੈਂਡਰਾਂ ਅਸਲੀ/ਸੰਸ਼ੋਧਿਤ ਨਿਸ਼ਚਿਤ ਕੀਤੇ ਗਏ ਸਮੇਂ ਅਤੇ ਮਿਤੀ ਤਕ ਜ਼ਰੂਰ ਜਮਾਂ ਕਰਵਾਏ । ਇਸ ਟੈਂਡਰ ਦੇ ਤਹਿਤ ਮੈਨੂਅਲ ਟੈਂਡਰ ਵਰਜਿਤ ਹੈ ਅਤੇ ਜੇਕਰ ਕੋਈ ਮੈਨੂਅਲ ਟੈਂਡਰ ਪ੍ਰਾਪਤ ਹੋਵੇਗੀ ਤਾਂ ਉਹ ਮਾਨਯ ਨਹੀਂ ਹੋਵੇਗੀ ।
ਠੇਕੇਦਾਰਾਂ ਦੁਵਾਰਾ ਟੈਂਡਰ ਡਾਕਯੂਮੈਂਟ ਦੀ ਕੀਮਤ ਅਤੇ ਬਿਆਨਾ ਰਾਸ਼ੀ ਜੋਕਿ ਇਸ ਟੈਂਡਰ ਦੇ ਲਈ ਮਾਨਯ ਹੈ ਉਹ ਕੇਵਲ ਆਈਆਰਈਪੀਐਸ ਪੋਰਟਲ ਜਿਸ ਤਰ੍ਹਾਂ ਕਿ ਨੇਟ ਬੈਂਕਿੰਗ, ਡੇਬਿਟ ਕਾਰਡ, ਕ੍ਰੇਡਿਟ ਆਦਿ ਦੁਵਾਰਾ ਹੀ ਸਵੀਕਾਰ ਕੀਤੀ ਜਾਵੇਗੀ ਇਸਦੇ ਅਤਿਰਿਕਤ ਡਿਮਾਂਡ ਡਰਾਫਟ, ਬੈਂਕਰ ਚੈਂਕ, ਡਿਪੋਜਿਟ ਰਸੀਦ, ਐਫਡੀਆਰ ਆਦਿ ਦੇ ਦੁਵਾਰਾ ਜਮਾਂ ਕਰਵਾਈ ਗਈ ਰਾਸ਼ੀ ਮਾਨਯ ਨਹੀਂ ਹੋਵੇਗੀ ।
ਐਨ ਆਈ ਟੀ

| | | | |
|---|---|---|---|
| ਕੰਮ ਦਾ ਨਾਮ : | ਫ਼ਿਰੋਜ਼ਪੁਰ ਡਵੀਜਨ ਵਿਚ SNL-ASR ਸੈਕਸ਼ਨ ਦੇ ਸਲਾਨਾ GM/NR ਨਿਰੀਖਸ਼ਣ ਦੇ ਸਬੰਧ ਵਚ । (ii) DEN-III/ZR ਦੇ ਤਹਿਤ ASR-VKA ਸੈਕਸ਼ਨ ਉਤੇ ਕਿਮੀ 0.00 ਤੋਂ 9.00 ਤਕ ਮੌਜੂਦਾ ਟ੍ਰੈਕ ਲੀਡ ਦੇ CTR(P)-9.00Tkm ਦਾ ਕੰਮ, ਜਿਸ ਵਿਚ 52kg ਰੇਲ ਵਾਲੀ PSC-5 ਸਲੀਪਰ (1540/ਕਿਮੀ) ਨੂੰ 60kg (90/110 UTS) ਨਵੀ ਰੇਲ ਵਾਲੀ PSC ਚੌੜੀ ਸੀਟ ਸਲੀਪਰ 1660 ਨਗ/ਕਿਮੀ (LWR) ਤੋਂ ਬਦਲਿਆ ਜਾਵੇਗਾ ਅਤੇ ਗਿੱਟਟੀ ਕੁਸ਼ਨ ਨੂੰ 25 cm ਤੋਂ 35 cm ਤਕ ਵਧਾਇਆ ਜਾਵੇਗਾ ਇਨ੍ਹਾਂ ਦੇ ਸਬੰਧ ਵਿਚ ਸਿਗਨਲ ਅਤੇ ਟੇਲੀਕਾਮ ਦਾ ਕੰਮ । | | |
| ਟੈਂਡਰ ਬੰਦ ਕਰਨ ਦੀ ਮਿਤੀ ਸਮਾਂ | 27.02.2026 11:00 | ਟੈਂਡਰ ਦੀ ਅਪਲੋਡ ਕਰਨ ਦੀ ਮਿਤੀ ਅਤੇ ਸਮਾਂ | 12.02.2026 17:54 |
| ਅਨੁਮਾਨਿਤ ਕੀਮਤ | 9593865.05 | ਬਿਡਿੰਗ ਸ਼ੁਰੂ ਦੀ ਮਿਤੀ (ਆਈਆਰਈਪੀਐਸ) | 13.02.2026 |
| ਬਿਆਨਾ ਰਾਸ਼ੀ (ਰੁ:) | 191900.00 | ਕੰਮ ਪੂਰਾ ਕਰਨ ਦਾ ਸਮਾਂ | 4 ਮਹੀਨੇ |

ਨੋਟ : ਟੈਂਡਰਕਰਤਾ ਨਿਯਮਿਤ ਰੂਪ ਤੋਂ ਵੇੱਬਸਾਈਟ ਦੇ ਸੰਪਰਕ ਵਿਚ ਰਹਿਕੇ ਟੈਂਡਰ ਸੰਸ਼ੋਧਨਾਂ, ਸ਼ੁੱਧੀਪੱਤਰ ਆਦਿ ਬਾਰੇ ਵਿਚ ਖੁਦ ਨੂੰ ਅਪਡੇਟ ਰੱਖੇ ।

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 487/26



**ਉੱਤਰ ਰੇਲਵੇ**

**ਈ-ਟੈਂਡਰ ਸੂਚਨਾ**

ਸੀਨੀ.ਮੰਡਲ ਬਿਜਲੀ ਇੰਜੀਨੀਅਰ/ਸਾ./, ਉੱਤਰ ਰੇਲਵੇ/ਜੰਮੂ ਤਵੀ ਦੁਵਾਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਈ ਟੈਂਡਰਾ (www.ireps.gov.in) ਮੰਗ ਕੀਤੀ ਜਾਂਦੀ ਹੈ । ਟੈਂਡਰਕਾਰ ਅਪਣੇ ਮੂਲ/ਸੰਸ਼ੋਧਿਤ ਟੈਂਡਰਾ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ ।

| ਟੈਂਡਰ ਨੰਬਰ | ਕੰਮਾਂ ਦਾ ਵੇਰਵਾ | ਅਨੁਮਾਨਿਤ ਲਾਗਤ (₹) | ਬਿਆਨਾ ਰਾਸ਼ੀ (₹) | ਕੰਮ ਦਾ ਸਮਾਂ | ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | ਵੇਬਸਾਈਟ |
|---|---|---|---|---|---|---|
| 251-J-ਬਿਜਲੀ-T-25-2025-26 | ਪਠਾਨਕੋਟ ਵਿਚ ਪੁਰਾਨੇ ਜਰਜਰ ਅਤੇ ਪਰਿਤਯਕਤ ਸਟਾਫ ਕਵਾਟਰਸ ਦੀ ਜਗ੍ਹਾਂ ਨਵੇ 10 ਪ੍ਰਕਾਰ-II-ਕਵਾਟਰਸ ਦੇ ਨਿਰਮਾਣ ਤੋਂ ਸਬੰਧਿਤ ਬਿਜਲੀ ਕੰਮ । | Rs. 21,85,225.84 | 43,700.00 | 06 ਮਹੀਨੇ | 09.03.2026 15:00 ਵਜੇ ਦੇ ਬਾਦ | www.ireps.gov.in |

ਨੰ:- 251- J-ਬਿਜਲੀ/ਬਿਜਲੀ-ਟੈਂਡਰ ਨੋਟਿਸ ਨੰ: /25/2025-26 ਮਿਤੀ : 12.02.2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 484/26



**ਉੱਤਰ ਰੇਲਵੇ**

**ਈ-ਨੀਲਾਮੀ ਸੂਚਨਾ**

ਸੀਨੀਅਰ ਮੰਡਲ ਵਾਨਿਜਯ ਪ੍ਰਬੰਧਕ, ਉੱਤਰ ਰੇਲਵੇ, ਅੰਬਾਲਾ ਕੈਂਟ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਅਤੇ ਉਨ੍ਹਾਂ ਦੇ ਲਈ ਉੱਤਰ ਰੇਲਵੇ ਦੇ ਅੰਬਾਲਾ ਮੰਡਲ ਦੇ ਰੇਲਵੇ ਸਟੇਸ਼ਨਾਂ ਉਤੇ ਅਨੁਬੰਧਾਂ ਦੇ ਅਲਾਟਮੈਂਟ ਦੇ ਲਈ IREPS ਵੇੱਬਸਾਈਟ ਉਤੇ ਈਆਕਸ਼ਨ ਦੇ ਦੁਆਰਾ ਤੋਂ ਬੋਲੀਆਂ ਮੰਗ ਕਰਦੇ ਹਨ ।

| S. No. | Lot No | Description | Auction Start Date Time |
|---|---|---|---|
| 1. | ADVT-UMB-NLDM-OH-347-26-1 | ਸਾਇਟ ਪਲਾਨ ਦੇ ਅਨੁਸਾਰ, ਨੰਗਲ ਡੈਮ (NLDM) ਰੇਲਵੇ ਸਟੇਸ਼ਨ ਉਤੇ ਯੂਨਿਪੋਲ/ਹੋਰਡਿੰਗ ਦੇ ਦੁਆਰਾ ਤੋਂ ਵਿਗਿਆਪਨ ਦੇ ਲਈ ਕੁਲ 02 ਸਾਇਟਾ ਹੈ, ਜਿਨ੍ਹਾਂ ਦਾ ਕੁਲ ਖੇਤਰਫਲ 870 ਵਰਗ ਫੁਟ ਹੈ । | 23.02.2026 15:00:00 hrs. |
| 2. | ADVT-Int-250749-2-26-1 | ਟ੍ਰੇਨ ਨੰਬਰ 20493/94 (ਸੀਡੀਜੀ-ਐਮਡੀਯੂ-ਸੀਡੀਜੀ) ਵਿਚ ਟ੍ਰੇਨ ਕੋਚਾਂ ਦੇ ਆਂਤਰਿਕ ਭਾਗ ਵਿਚ ਡਿਸਪਲੇ ਬੋਰਡ ਦਾ ਉਪਯੋਗ ਕਰਕੇ ਵਾਨਿਜਿਯਕ ਵਿਗਿਆਪਨ ਜਗ੍ਹਾਂ (ਵਿਗਿਆਪਨ ਦੇ ਲਈ ਕੋਚ ਸੰਰਚਨਾ ਅਤੇ ਆਯਾਮ ਦੇ ਅਨੁਸਾਰ) । | 27.02.2026 12:00:00 hrs. |
| 3. | ADVT-EFF-141603-6-25-1 | ਟ੍ਰੇਨ ਨੰਬਰ 14521/14522 (ਡੀਐਲਆਈ-ਯੂਐਮਬੀ ਐਕਸਪ੍ਰੈਸ) ਅਤੇ 14507/14508 (ਡੀਐਲਆਈ-ਐਫਕੇਏ ਐਕਸਪ੍ਰੈਸ) ਦੇ ਪੂਰੇ ਬਾਹਰੀ ਹਿੱਸੇ ਉਤੇ ਵਿਗਿਆਪਨ ਰੈਪਿੰਗ ਦੇ ਦੁਆਰਾ ਤੋਂ ਵਾਨਿਜਿਯਕ ਵਿਗਿਆਪਨ ਦੇ ਲਈ ਜਗ੍ਹਾਂ । | 27.02.2026 12:00:00 hrs. |

ਈ-ਨੀਲਾਮੀ ਲੀਜ਼ਿੰਗ ਮੰਗ ਸੂਚਨਾ, ਨੀਲਾਮੀ ਪ੍ਰਪੱਤਰ, ਇਕ ਵਾਰ ਰਜਿਸਟ੍ਰੈਸ਼ਨ ਤੇ ਜ਼ਿਆਦਾ ਜਾਣਕਾਰੀ ਲਈ, ਰੇਲਵੇ ਵੈੱਬਸਾਈਟ www.ireps.gov.in ਉਤੇ ਜਾਉਂ । 492/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



# Janjagran Punjab Classified

## Tours and Travels

☞ **कैनेडा-ऑस्ट्रेलिया** फ्री वीजा, रहना, खाना, 2 साल का वर्क परमिट। कमाएं 3 लाख महीना। कोई पैसा ना वीजा से पहले ना बाद में। चाहिए हेल्पर, कारपेंटर, मेसन, वैल्डर, प्लम्बर, ड्राइवर, ऑपरेटर, स्टोरकीपर, वेटर, सुपरवाईजर, मैनेजर, कुक इत्यादि। सरकारी रजिस्टर्ड कंपनी से ही अप्लाई करें। **फोन : 73476708**

☞ **वर्क वीजा कैनेडा**, ऑस्ट्रेलिया, कंस्ट्रक्शन/ स्टोर/आईटी कंपनियों में जरूरत : स्टोर कीपर, कम्प्यूटर आपरेटर, फूड पैकर, ड्राईवर, इलेक्ट्रीशियन, प्लम्बर, सिक्योरिटी, गार्ड, वेटर, कुक, नो एडवांस, रहना, खाना, टिकट, बीमा फ्री। एजेंट्स वैलकम। रूद्राश 9815119633, 9855577523

☞ **कैनेडा-ऑस्ट्रेलिया** 3 साल का वीजा, फ्री रहना, खाना और टिकट कम्पनी देगी। सैलरी 2 से 3 लाख महीना। हैल्पर, कारपेन्टर, मैसन, प्लम्बर, ड्राईवर, कुक, वेटर, आपरेटर, सुपरवाईजर इत्यादि चाहिये। रजिस्टर्ड कम्पनी से ही अप्लाई करें। **फोन : 7087033731**

☞ **कनाडा, ऑस्ट्रेलिया,** दुबई, कुवैत, सऊदी, रशिया, सिंगापुर, में पढ़े-लिखे और अनपढ़ कारीगरों और हैल्पर की भारी जरूरत। वीजा के पैसे सैलरी से कटवाएं। **फोन : 7710404041**

## NAME CHANGE

☞ I, Pala S/O Ram Dhan R/O Vpo. Bansian Dhak, Tehsil Phillaur, Distt. Jalandhar, Punjab 144419, have changed my name Pala To Pal Ram

☞ I, SANGEETA W/O MUNISH SOOD R/O 1 B-2111/1, GOBIND NAGAR LUDHIANA HAVE CHANGED MY NAME AS SANGEETA SOOD.

## NAME CHANGE

☞ I, KIRANJIT KAUR, ALIAS CHARANJIT KAUR DIO SAROO SINGH W/O JOGI SINGH R/O VPO. DHAKOWAL, HOSHIARPUR, PUNJAB HAVE CHANGED MY NAME FROM KIRANJIT KAUR ALIAS CHARANJIT KAUR TO KIRANJIT KAUR

☞ I, SURINDER KAUR W/O SATKAR 1, SINGH BAINS R/O VILL. HANDOWAL 17 KALAN, PO. SINGHPUR, HOSHIARPUR, PUNJAB DECLARE THAT MY GIVEN NAME AS SURINDER AND MY SURNAMEAS KAUR

☞ I, Harjit Singh S/o Harmesh Chand R/o Village Chak Hajipur, P.O. Samundra, Tehsil Garhshankar, Distt. Hoshiarpur, Punjab India, declare that my given name is "Harjit" and in which "Singh is my surname.

☞ I, Satnam Singh S/o Darshan Ram, R/o Village Katana, Tehsil Phillaur, Distt Jalandhar, Punjab have changed my name Jatinder Singh To Singh Jatinder All please note.

☞ ਮੈਂ, ਕੋਮਲ ਪਤਨੀ ਪਰਮਿੰਦਰ ਕੁਮਾਰ ਵਾਸੀ ਮਕਾਨ ਨੰਬਰ ਬੀ 1 ਸੀ ਕਾਕੀ ਪਿੰਡ ਡਾਕਖਾਨਾ ਦਕੋਹਾ ਤਹਿਸੀਲ ਅਤੇ ਜਿਲਾ ਜਲੰਧਰ ਇਹ ਬਿਆਨ ਕਰਦੀ ਹਾਂ ਕਿ ਕੋਮਲ ਅਤੇ ਨਰਿੰਦਰ ਦੋਨੋਂ ਨਾਮ ਮੇਰੇ ਹਨ ਮੈਨੂੰ ਮੇਰੇ ਦੋਨੋਂ ਨਾਂਵਾਂ ਨਾਲ ਜਾਣਿਆ ਜਾਂਦਾ ਹੈ। ਸਾਰੇ ਨੋਟ ਕਰਨ

## NAME CHANGE

☞ I, AMANPREET KAUR Spouse of No 18006235X LIHAV SUKHBIR SINGH GURAYA R/o Vill-MANDIALA, PO-SOHAL JAGIR, TEH-NAKODAR, DIST-JALANDHAR, STATE-PUNJAB, PIN-144703, I have changed my name from AMANPREET KAUR to AMANPREET KAUR GURAYA due to wrongly mentioned in my husband service record

☞ I, Ram Niwas S/o Shiv Nath, R/o 06, Shahid Ajit Singh Colony, Giaspura, 33 Foota Road, Ludhiana, Punjab 141016, hereby declare that I have changed my name from Ram Niwas Mourya to Ram Niwas.

☞ I, Shiv Patti Devi W/o Ram Niwas, R/o 06, Shahid Ajit Singh Colony, Giaspura, 33 Foota Road, Ludhiana, Punjab - 141016, hereby declare that I have changed my name from Shvi Pati Devi Mourya to Shiv Patti Devi.

☞ I, No 3403729X Ex Nk Rachhpal Singh s/o Kashmir Singh r/o VPO Sarli Kalan. Tehsil Khadur Sahib, District Tarn Taran Punjabi have changed my mother name from Suvinder Kaur to Savinder Kaur

☞ I, Sarabjit Singh son of No JC106829M Late Ris Piara Singh r/o VPO Sur Singh, Tehsil Patti, District Tarn Taran

## NAME CHANGE

Punjabi have changed my self name from Sarabjit Singh Dhillon to Sarabjit Singh

☞ I, SOURAV KUMAR S/o Satish Kuma Resident of Vill Marri Parmanan Pathankot Punjab 143534. Have declare that SOURAV is my given name and KUMAR is my surname. Concerned may note

☞ I, Rohit Pour alias Rohit Kumar S/O Dev Raj R/O Vill. Sakohpur, PO. Sahlon, Distt. S.B.S Nagar 144421. Punjab have changed my name from Rohit Pour alias Rohit Kumar to Rohit Kumar. All note.

**ਜਨ ਜਾਗਰਣ**
**(ਰਾਸ਼ਟਰੀ ਪੰਜਾਬੀ ਦੈਨਿਕ)**

ਅਖ਼ਬਾਰ ਵਿੱਚ ਵਰਗੀਕ੍ਰਿਤ, ਅਦਾਲਤੀ ਨੋਟਿਸ, ਪਾਸਪੋਰਟ ਵਿੱਚ ਨਾਮ ਬਦਲਣਾ, ਗੁੰਮ ਅਤੇ ਮਿਲਿਆ, ਨਾਮ ਬਦਲਣਾ, ਨਾਮ ਸੁਧਾਰ, ਬੇਦਖਲੀ ਨੋਟਿਸ, ਧਰਮ ਤਬਦੀਲੀ, ਬੈਂਕ ਨੋਟਿਸ ਸਮੇਤ ਹਰ ਕਿਸਮ ਦੀ ਜਾਣਕਾਰੀ ਅਤੇ ਇਸ਼ਤਿਹਾਰ ਪ੍ਰਕਾਸ਼ਿਤ ਕਰਨ ਲਈ ਸੰਪਰਕ ਕਰੋ:-

**ਜਨ ਜਾਗਰਣ ਮੀਡੀਆ ਹਾਊਸ**

ਬਾਬਾ ਸੋਹਨ ਸਿੰਘ ਭਕਨਾ ਭਵਨ, ਪਹਿਲੀ ਮੰਜ਼ਿਲ, ਆਫਿਸ ਨੰਬਰ 5, ਸੈਕਟਰ 29 ਡੀ, ਚੰਡੀਗੜ੍ਹ-160030
E-mail : janjagranpunjab@gmail.com

ਇਸ਼ਤਿਹਾਰਾਂ ਲਈ ਭਾਰਤ ਸਰਕਾਰ, ਹਰਿਆਣਾ ਸਰਕਾਰ, ਪੰਜਾਬ ਸਰਕਾਰ, ਦਿੱਲੀ ਸਰਕਾਰ, ਹਿਮਾਚਲ ਪ੍ਰਦੇਸ਼ ਸਰਕਾਰ, ਉਤਰ ਪ੍ਰਦੇਸ਼, ਰੇਲਵੇ ਵਿਭਾਗ, ਪੰਜਾਬ ਹਰਿਆਣਾ ਹਾਈਕੋਰਟ ਸਮੇਤ ਸਾਰੇ ਸਰਕਾਰੀ ਵਿਭਾਗਾਂ ਦੁਆਰਾ ਮਾਨਤਾ ਪ੍ਰਾਪਤ।

# ਵਿਕਾਸ ਬਾਰੇ ਰੋਜ਼ਾਨਾ ਰਿਪੋਰਟ ਲੈ ਰਹੇ ਨੇ ਮੁੱਖ ਮੰਤਰੀ: ਸੁਖਵੀਰ

## ਮੁੱਖ ਮੰਤਰੀ ਦੇ ਓ ਐੱਸ ਡੀ ਵੱਲੋਂ ਧੂਰੀ ਦੇ 52 ਕਰੋੜੀ ਵਿਕਾਸ ਕਾਰਜਾਂ ਬਾਰੇ ਸਮੀਖਿਆ



ਸੰਗਰੂਰ, 13 ਫਰਵਰੀ (ਪੱਤਰ ਪ੍ਰੇਰਕ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਵਿਧਾਨ ਸਭਾ ਹਲਕੇ ਧੂਰੀ ਵਿੱਚ ਚੱਲ ਰਹੇ ਅਤੇ ਸ਼ੁਰੂ ਕੀਤੇ ਜਾਣ ਵਾਲੇ 52 ਕਰੋੜ ਰੁਪਏ ਦੇ ਵਿਕਾਸ ਕਾਰਜਾਂ ਦੀ ਅੱਜ ਮੁੱਖ ਮੰਤਰੀ ਦੇ ਓ ਐੱਸ ਡੀ ਸੁਖਵੀਰ ਸਿੰਘ ਨੇ ਉੱਚ ਪੱਧਰੀ ਮੀਟਿੰਗ ਦੌਰਾਨ ਸਮੀਖਿਆ ਕੀਤੀ। ਇਸ ਮੌਕੇ ਮੁੱਖ ਮੰਤਰੀ ਦੇ ਸੰਯੁਕਤ ਪ੍ਰਮੁੱਖ ਸਕੱਤਰ ਸੰਦੀਪ ਸਿੰਘ ਗਾੜ੍ਹਾ, ਵਧੀਕ ਡਿਪਟੀ ਕਮਿਸ਼ਨਰ ਅੰਕੁਰ ਮਹਿੰਦਰੂ ਅਤੇ ਐੱਸ ਡੀ ਐੱਮ ਧੂਰੀ ਰਿਸ਼ਭ ਬਾਂਸਲ ਵੀ ਮੌਜੂਦ ਸਨ। ਇਸ ਦੌਰਾਨ ਵਿਕਾਸ ਕਾਰਜਾਂ ਨੂੰ ਸਮੇਂ ਸਿਰ ਮੁਕੰਮਲ ਕਰਨ ਲਈ ਮਾਈਕਰੋ ਮੈਨੇਜਮੈਂਟ ਬਣਾਉਂਦਿਆਂਓ ਐੱਸ ਡੀ ਨੇ ਕਿਹਾ ਕਿ ਕੰਮਾਂ ਸਬੰਧੀ ਹਰ ਹਫ਼ਤੇ ਸਮੀਖਿਆ ਮੀਟਿੰਗ ਹੋਇਆ ਕਰੇਗੀ ਤਾਂ ਜੋ ਸਬੰਧਤ ਵਿਭਾਗਾਂ ਦਾ ਆਪਸੀ ਤਾਲਮੇਲ ਬਣਿਆ ਰਹੇ ਅਤੇ ਕੰਮ ਵਿੱਚ ਦੇਰੀ ਨਾ ਹੋਵੇ। ਉਨ੍ਹਾਂ ਕਿਹਾ ਕਿ ਐੱਨ ਓ ਸੀਜ਼ ਜਾਂ ਫੇਰ ਹੋਰ ਵਿਭਾਗਾਂ ਦੀਆਂ ਪ੍ਰਵਾਨਗੀਆਂ ਕਰਕੇ ਕੋਈ ਵੀ ਵਿਕਾਸ ਕੰਮ ਰੁਕਣਾ ਨਹੀਂ ਚਾਹੀਦਾ ਜੇਕਰ ਕਿਸੇ ਵੀ ਕੰਮ ਵਿੱਚ ਰੁਕਾਵਟ ਆਉਂਦੀਹੈ ਤਾਂ ਇਸ ਸਬੰਧੀ ਤੁਰੰਤ ਉੱਚ ਅਧਿਕਾਰੀਆਂ ਨੂੰ ਜਾਣੂ ਕਰਵਾਇਆ ਜਾਵੇ। ਉਨ੍ਹਾਂ ਕਿਹਾ ਕਿ ਧੂਰੀ ਸ਼ਹਿਰ ਦੀਆਂ ਸਾਰੀਆਂ ਵਾਰਡ ਵਿੱਚ ਪੀਣ ਵਾਲਾ ਸਾਫ਼ ਪਾਣੀ ਉਪਲਬਧ ਕਰਵਾਉਣ ਸਮੇਤ ਸੀਵਰੇਜ ਦੀ ਸਮੱਸਿਆ ਦੇ ਸਥਾਈ ਹੱਲ ਲਈ ਐੱਸ ਟੀ ਪੀ ਅਤੇ ਡਬਲਿਊ ਟੀ ਪੀ ਦੇ ਕੰਮ ਨੂੰ ਜਲਦ ਮੁਕੰਮਲ ਕਰਨਾ ਯਕੀਨੀ ਬਣਾਇਆ ਜਾਵੇ।

ਸੁਖਵੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਧੂਰੀ ਹਲਕੇ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦੀ ਰੋਜ਼ਾਨਾ ਰਿਪੋਰਟ ਲੈ ਰਹੇ ਹਨ, ਇਸ ਲਈ ਕੰਮ ਵਿੱਚ ਬੇਲੋੜੀ ਦੇਰੀ ਅਤੇ ਕੰਮ ਵਿੱਚ ਅਣਗਹਿਲੀ ਵਰਤਣ ਦੀ ਜ਼ਿੰਮੇਵਾਰੀ ਸਬੰਧਤ ਅਧਿਕਾਰੀ ਦੀ ਹੋਵੇਗੀ।

# ਮੈਡੀਕਲ 'ਵਰਸਿਟੀ ਫਰੀਦਕੋਟ ਪੰਜਾਬ ਦੇ ਸਾਰੇ ਫਾਰਮੇਸੀ ਅਤੇ ਹੈਲਥਕੇਅਰ ਕੋਰਸਾਂ ਲਈ ਕੰਟਰੋਲਿੰਗ ਅਥਾਰਟੀ ਬਣੀ

ਫਰੀਦਕੋਟ, 13 ਫਰਵਰੀ (ਪੱਤਰ ਪ੍ਰੇਰਕ)-ਪੰਜਾਬ ਭਰ ਵਿੱਚ ਸਿਹਤ ਸੰਭਾਲ ਸਿੱਖਿਆ ਅਤੇ ਸੇਵਾਵਾਂ ਨੂੰ ਮਜ਼ਬੂਤ ??ਕਰਨ ਦੇ ਉਦੇਸ਼ ਨਾਲ ਬਾਬਾ ਫਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼ ਫਰੀਦਕੋਟ ਨੂੰ ਅਧਿਕਾਰਤ ਤੌਰ 'ਤੇ ਸੂਬੇ ਦੇ ਸਾਰੇ ਫਾਰਮੇਸੀ ਅਤੇ ਹੈਲਥਕੇਅਰ ਕੋਰਸਾਂ ਲਈ ਕੰਟਰੋਲਿੰਗ ਅਥਾਰਟੀ ਵਜੋਂ ਨਾਮਜ਼ਦ ਕੀਤਾ ਗਿਆ ਹੈ। ਇਹ ਜ਼ਿੰਮੇਵਾਰੀ ਪਹਿਲਾਂ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਕੋਲ ਸੀ। ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਦੇ ਡਾਇਰੈਕਟਰ ਵੱਲੋਂ ਜਾਰੀ ਕੀਤੇ ਗਏ ਇੱਕ ਹੁਕਮ ਰਾਹੀਂ ਇਹ ਤਬਦੀਲੀ ਤੁਰੰਤ ਪ੍ਰਭਾਵ ਨਾਲ ਲਾਗੂ ਕਰ ਦਿੱਤੀ ਗਈ ਹੈ, ਜੋ ਪੰਜਾਬ ਵਿੱਚ ਸਿਹਤ ਸਿੱਖਿਆ ਦੇ ਸ਼ਾਸਨ ਵਿੱਚ ਇੱਕ ਵੱਡੇ ਪੁਨਰਗਠਨ ਨੂੰ ਦਰਸਾਉਂਦੀਹੈ। ਨਵੀਂ ਵਿਵਸਥਾ ਦੇ ਤਹਿਤ, ਪਹਿਲਾਂ ਆਈ ਕੇ ਜੀ ਪੰਜਾਬ ਟੈਕਨੀਕਲ ਯੂਨੀਵਰਸਿਟੀ ਅਤੇ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਦੁਆਰਾ ਪ੍ਰਬੰਧਿਤ ਸਿਹਤ ਨਾਲ ਸਬੰਧਤ ਕੋਰਸ ਹੁਣ ਬੀ ਐੱਫ ਯੂ ਐੱਚ ਐੱਸ ਦੀ ਅਕਾਦਮਿਕ ਅਤੇ ਪ੍ਰਸ਼ਾਸਨਿਕ ਦੇਖ-ਰੇਖ ਹੇਠ ਚੱਲਣਗੇ। ਬਾਬਾ ਫਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼ ਦੇ ਵਾਈਸ-ਚਾਂਸਲਰ ਡਾ. ਰਾਜੀਵ ਸੂਦ ਨੇ ਕਿਹਾ ਕਿ ਇਹ ਤਬਦੀਲੀ ਯੂਨੀਵਰਸਿਟੀ ਦੇ ਨਿਯਮਾਂ ਦੇ ਅਨੁਸਾਰ ਹੈ, ਜੋ ਕਾਨੂੰਨੀ ਤੌਰ 'ਤੇ ਇਹ ਲਾਜ਼ਮੀ ਕਰਦੇ ਹਨ ਕਿ ਸਿਹਤ ਨਾਲ ਸਬੰਧਤ ਸਾਰੇ ਕੋਰਸ ਇਸ ਯੂਨੀਵਰਸਿਟੀ ਦੇ ਅਧਿਕਾਰ ਖੇਤਰ ਵਿੱਚ ਆਉਣ। ਉਨ੍ਹਾਂ ਕਿਹਾ ਕਿ ਇਸ ਨਾਲ ਬਿਹਤਰ ਪ੍ਰਸ਼ਾਸਨ, ਉੱਚ ਅਕਾਦਮਿਕ ਮਿਆਰ ਅਤੇ ਹੈਲਥਕੇਅਰ, ਪੈਰਾਮੈਡੀਕਲ ਅਤੇ ਫਾਰਮੇਸੀ ਦੀ ਸਿੱਖਿਆ ਪ੍ਰਾਪਤ ਕਰ ਰਹੇ ਵਿਦਿਆਰਥੀਆਂ ਲਈ ਬਿਹਤਰ ਨਤੀਜੇ ਨਿਕਲਣਗੇ। ਇੱਕ ਹੋਰ ਅਹਿਮ ਫੈਸਲੇ ਵਿੱਚ ਪੰਜਾਬ ਸਰਕਾਰ ਨੇ ਮੈਡੀਕਲ ਸਿੱਖਿਆ ਅਤੇ ਮਿਆਰੀ ਸਿਹਤ ਸੇਵਾਵਾਂ ਦੇ ਨੂੰ ਮਜ਼ਬੂਤ ਕਰਨ ਲਈ ਚਾਰ ਪ੍ਰਮੁੱਖ ਸਰਕਾਰੀ ਸਿਹਤ ਸੰਸਥਾਵਾਂ ਦਾ ਪ੍ਰਬੰਧ ਬਾਬਾ ਫਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼ ਨੂੰ ਸੌਂਪ ਦਿੱਤਾ ਹੈ। ਇਸ ਵਿਚ ਸਿਵਲ ਹਸਪਤਾਲ, ਬਾਦਲ (ਮੁਕਤਸਰ), ਸਿਵਲ ਹਸਪਤਾਲ, ਸ੍ਰੀ ਖਡੂਰ ਸਾਹਿਬ (ਤਰਨਤਾਰਨ), ਕਮਿਊਨਿਟੀ ਹੈਲਥ ਸੈਂਟਰ, ਜਲਾਲਾਬਾਦ, ਅਤੇ ਟਰਸ਼ਰੀ ਕੈਂਸਰ ਕੇਅਰ ਸੈਂਟਰ (ਫ਼ਾਜ਼ਿਲਕਾ)। ਇਹ ਸੰਸਥਾਵਾਂ ਹੁਣ ਬੀ ਐਫ ਯੂ ਐੱਚ ਐਸ ਵੱਲੋਂ ਪ੍ਰਬੰਧਿਤ ਕੀਤੀਆਂ ਜਾਣਗੀਆਂ, ਜਿੱਥੇ ਯੂਨੀਵਰਸਿਟੀ ਪ੍ਰਸ਼ਾਸਨਿਕ ਕਾਰਜਾਂ, ਬੁਨਿਆਦੀ ਢਾਂਚੇ ਅਤੇ ਸਿੱਖਿਆ ਅਤੇ ਕਲੀਨਿਕਲ ਸਿਖਲਾਈ ਲਈ ਸਹੂਲਤਾਂ ਦੀ ਵਰਤੋਂ ਨੂੰ ਕੰਟਰੋਲ ਕਰੇਗੀ, ਜਦੋਂ ਕਿ ਜਨਤਾ ਨੂੰ ਸੇਵਾਵਾਂ ਦੀ ਨਿਰੰਤਰਤਾ ਯਕੀਨੀ ਬਣਾਈ ਜਾਵੇਗੀ। ਬੀ ਐੱਫ ਯੂ ਐੱਚ ਐੱਸ ਨੂੰ ਕੰਮਕਾਜ ਵਿੱਚ ਸਹਾਇਤਾ ਅਤੇ ਸੇਵਾਵਾਂ ਦਾ ਵਿਸਤਾਰ ਕਰਨ ਲਈ ਆਪਣੇ ਸਿਹਤ ਸੰਭਾਲ ਪੇਸ਼ੇਵਰਾਂ ਨੂੰ ਨਿਯੁਕਤ ਕਰਨ ਦਾ ਅਧਿਕਾਰ ਵੀ ਦਿੱਤਾ ਗਿਆ ਹੈ।ਵਿਸਤਾਰ ਕਰ ਰਹੀ ਹੈ।



# .ਗੈਰ-ਕਾਨੂੰਨੀ ਖਾਦਾਂ ਤੇ ਕੀਟਨਾਸ਼ਕਾਂ ਦਾ ਜ਼ਖ਼ੀਰਾ ਜ਼ਬਤ

## ਹਰਿਆਣਾ ਦੀ ਫਰਮ ਵਿਰੁੱਧ ਕੇਸ ਦਰਜ



ਮਾਲੇਰਕੋਟਲਾ, 13 ਫਰਵਰੀ (ਪੱਤਰ ਪ੍ਰੇਰਕ)-ਗੈਰ-ਕਾਨੂੰਨੀ ਖੇਤੀ ਲਾਗਤ ਸਮੱਗਰੀ ਦੀ ਵਿਕਰੀ ਵਿਰੁੱਧ ਸਖ਼ਤ ਕਾਰਵਾਈ ਕਰਦਿਆ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੀ ਸ਼ਿਕਾਇਤ 'ਤੇ ਹਰਿਆਣਾ ਦੇ ਝੱਜਰ ਨਾਲ ਸਬੰਧਤ ਫਰਮ ਦੇ ਮਾਲੇਰਕੋਟਲਾ 'ਚ ਅਣ-ਅਧਿਕਾਰਤ ਖਾਦਾਂ ਅਤੇ ਕੀਟਨਾਸ਼ਕਾਂ ਦੀ ਸਟੋਰੇਜ ਅਤੇ ਵਿਕਰੀ ਵਿਰੁੱਧ ਐੱਫ ਆਈ ਆਰ ਦਰਜ ਕੀਤੀ ਗਈ ਹੈ। ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਅਚਨਚੇਤ ਜਾਂਚ ਦੌਰਾਨ 'ਮੈਸਰਜ਼ ਯੂਨੀਟੈਕ ਕ੍ਰੌਪ ਸਾਇੰਸ' ਫਰਮ ਦੇ ਅਹਾਤੇ ਵਿੱਚ ਅਣਅਧਿਕਾਰਤ ਖਾਦਾਂ ਅਤੇ ਕੀਟਨਾਸ਼ਕਾਂ ਦਾ ਜ਼ਖ਼ੀਰਾ ਵੀ ਮਿਲਿਆ ਹੈ। ਖੇਤੀਬਾੜੀ ਮੰਤਰੀ ਮੁਤਾਬਿਕ ਖਾਦ (ਕੰਟਰੋਲ) ਆਰਡਰ, 1985, ਜ਼ਰੂਰੀ ਵਸਤਾਂ ਐਕਟ, 1955 ਅਤੇ ਕੀਟਨਾਸ਼ਕ ਐਕਟ, 1968 ਦੇ ਉਪਬੰਧਾਂ ਤਹਿਤ ਸਟਾਕ ਜ਼ਬਤ ਕਰ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਫਰਮ ਵਿਰੁੱਧ ਮਾਲੇਰਕੋਟਲਾ ਜ਼ਿਲ੍ਹੇ ਦੇ ਪੁਲੀਸ ਥਾਣਾ ਅਮਰਗੜ੍ਹ 'ਚ ਬੀ ਐੱਨ ਐੱਸ ਦੀ ਧਾਰਾ 318 (4) ਤਹਿਤ ਐੱਫ ਆਈ ਆਰ ਦਰਜ ਕੀਤੀ ਗਈ ਹੈ। ਸ੍ਰੀ ਖੁੱਡੀਆਂ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਕਿਸਾਨਾਂ ਨੂੰ ਮਿਆਰੀ ਖੇਤੀਬਾੜੀ ਉਤਪਾਦਾਂ ਦੀ ਉਪਲਬਧਤਾ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਖਾਦਾਂ ਅਤੇ ਕੀਟਨਾਸ਼ਕਾਂ ਦੀ ਵਿਕਰੀ ਅਤੇ ਵੰਡ ਸਬੰਧੀ ਕਿਸੇ ਤਰ੍ਹਾਂ ਦੀ ਉਲੰਘਣਾ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਗੈਰ-ਕਾਨੂੰਨੀ ਖੇਤੀਬਾੜੀ ਉਤਪਾਦਾਂ ਦੇ ਨਿਰਮਾਣ, ਸਟੋਰੇਜ ਜਾਂ ਵਿਕਰੀ ਵਿੱਚ ਸ਼ਾਮਲ ਕਿਸੇ ਵੀ ਵਿਅਕਤੀ ਜਾਂ ਫਰਮ ਵਿਰੁੱਧ ਸਖ਼ਤ ਕਾਰਵਾਈ ਯਕੀਨੀ ਬਣਾਈ ਜਾਵੇਗੀ। ਡਾਇਰੈਕਟਰ ਖੇਤੀਬਾੜੀ ਗੁਰਜੀਤ ਸਿੰਘ ਬਰਾੜ ਨੇ ਕਿਹਾ ਕਿ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਅਤੇ ਖੇਤੀਬਾੜੀ ਸਮੱਗਰੀ ਦੀ ਸਪਲਾਈ ਚੇਨ ਵਿੱਚ ਪਾਰਦਰਸ਼ਤਾ ਅਤੇ ਗੁਣਵੱਤਾ ਦੇ ਮਿਆਰਾਂ ਨੂੰ ਬਣਾਈ ਰੱਖਣ ਲਈ ਪੂਰੇ ਸੂਬੇ ਵਿੱਚ ਜਾਂਚ ਅਤੇ ਨਿਰੀਖਣ ਕਾਰਵਾਈਆਂ ਤੇਜ਼ ਕਰ ਦਿੱਤੀਆਂ ਹਨ।

## ਟਰੈਕਟਰ ਅਤੇ ਸਕਾਰਪੀਓ ਦੀ ਟੱਕਰ; ਇਕ ਮੌਤ

ਮਲੋਟ, 13 ਫਰਵਰੀ (ਪੱਤਰ ਪ੍ਰੇਰਕ)-ਬੀਤੀ ਰਾਤ ਮਲੋਟ ਅਬੋਹਰ ਰੋਡ 'ਤੇ ਹਾਦਸੇ ਵਿਚ ਇਕ ਵਿਅਕਤੀ ਦੀ ਮੌਤ ਹੋ ਗਈ ਜਦ ਕਿ ਦੂਜਾ ਜ਼ਖ਼ਮੀ ਹੋ ਗਿਆ। ਜੱਸਾ ਸਿੰਘ ਪੁੱਤਰ ਗੰਗਾ ਸਿੰਘ, ਵਾਸੀ ਪਿੰਡ ਕੱਟਿਆਂਵਾਲੀ ਅਤੇ ਜੈ ਕ੍ਰਿਸ਼ਨ ਪੁੱਤਰ ਸਰਵਨ ਦਾਸ ਵਾਸੀ ਨਵੀਂ ਅਬਾਦੀ ਅਬੋਹਰ ਟਰੈਕਟਰ ਟਰਾਲੀ 'ਤੇ ਮਲੋਟ ਵਾਲੇ ਪਾਸੇ ਜਾ ਰਹੇ ਸੀ। ਇਸ ਦੌਰਾਨ ਸਕਾਰਪੀਓ ਗੱਡੀ ਨਾਲ ਹਾਦਸਾ ਹੋ ਗਿਆ। ਇਸ ਹਾਦਸੇ ਵਿਚ ਜੱਸਾ ਸਿੰਘ ਦੀ ਮੌਤ ਹੋ ਗਈ ਜਦ ਕਿ ਜੈ ਕ੍ਰਿਸ਼ਨ ਜ਼ਖ਼ਮੀ ਹੋ ਗਿਆ। ਜੱਸਾ ਸਿੰਘ ਦੇ ਪੁੱਤਰ ਬਲਵਿੰਦਰ ਸਿੰਘ ਦਾ ਕਹਿਣਾ ਹੈ ਕਿ ਉਹ ਇਸ ਮਾਮਲੇ 'ਤੇ ਕੋਈ ਕਾਰਵਾਈ ਨਹੀਂ ਕਰਾਉਣਾ ਚਾਹੁੰਦੇ। ਐੱਸ ਐੱਚ ਓ ਕਬਰਵਾਲਾ ਹਰਪ੍ਰੀਤ ਕੌਰ ਨੇ ਕਿਹਾ ਕਿ ਦੋਵਾਂ ਪੱਖਾਂ ਦੀ ਸਹਿਮਤੀ ਨਾਲ ਕੋਈ ਕਾਰਵਾਈ ਨਹੀਂ ਕੀਤੀ ਗਈ। ਲਾਸ਼ ਦਾ ਪੋਸਟਮਾਰਟਮ ਕਰਵਾ ਕੇ ਵਾਰਸਾਂ ਹਵਾਲੇ ਕੀਤੀ ਗਈ ਹੈ।

# ਭਾਰਤ ਅਮਰੀਕਾ ਵਪਾਰ ਸਮਝੌਤੇ ਖ਼ਿਲਾਫ਼ ਪੁਤਲੇ ਫੂਕੇ

ਸ੍ਰੀ ਮੁਕਤਸਰ ਸਾਹਿਬ, 13 ਫਰਵਰੀ (ਪੱਤਰ ਪ੍ਰੇਰਕ)-ਅੱਜ ਭਾਰਤ ਬੰਦ ਦਾ ਸੱਦਾ ਬਿਲਕੁਲ ਬੇਅਸਰ ਰਿਹਾ ਹੈ। ਬੈਂਕ ਤੇ ਹੋਰ ਦਫਤਰਾਂ ਵਿੱਚ ਨਿਰਵਿਘਨ ਕੰਮ ਹੁੰਦਾ ਰਿਹਾ ਅਤੇ ਬਾਜ਼ਾਰ ਤੇ ਹੋਰ ਕਾਰੋਬਾਰੀ ਅਦਾਰੇ ਵੀ ਆਮ ਵਾਂਗ ਖੁੱਲ੍ਹੇ ਰਹੇ। ਇਸ ਦੌਰਾਨ ਸੰਯੁਕਤ ਕਿਸਾਨ ਮੋਰਚੇ ਦੇ ਦੇਸ਼ ਵਿਆਪੀ ਸੱਦੇ 'ਤੇ ਸੰਯੁਕਤ ਕਿਸਾਨ ਮੋਰਚਾ ਦੀ ਅਗਵਾਈ ਹੇਠ ਪੰਜਾਬ ਰੋਡਵੇਜ਼ ਬੱਸ ਅੱਡਾ ਦੇ ਸਾਹਮਣੇ ਭਾਰਤ-ਅਮਰੀਕਾ ਵਪਾਰ ਸਮਝੌਤੇ ਵਿਰੁੱਧ ਮੋਦੀ ਤੇ ਟਰੰਪ ਦੇ ਪੁਤਲੇ ਸਾੜੇ ਤੇ ਨਾਅਰੇਬਾਜ਼ੀ ਕੀਤੀ। ਇਸ ਮੌਕੇ ਬੀ ਕੇ ਯੂ ਡਕੌਂਦਾ (ਬੁਰਜ ਗਿਲ ) ਦੇ ਜ਼ਿਲ੍ਹਾ ਪ੍ਰਧਾਨ ਪੂਰਨ ਸਿੰਘ ਵੱਟੂ, ਬੀ ਕੇ ਯੂ ਰਾਜੇਵਾਲ ਦੇ ਜ਼ਿਲ੍ਹਾ ਪ੍ਰਧਾਨ ਗੋਬਿੰਦ ਸਿੰਘ ਕੋਟਲੀ ਦਿਉਣ, ਬੀ ਕੇ ਯੂ ਉਗਰਾਹਾਂ ਦੇ ਬਲਾਕ ਪ੍ਰਧਾਨ ਹਰਫੂਲ ਸਿੰਘ ਭਾਗਸਰ ਨੇ ਕੇਂਦਰ ਸਰਕਾਰ ਦੀ ਆਲੋਚਨਾ ਕੀਤੀ।



ਫ਼ਰੀਦਕੋਟ (ਪੱਤਰ ਪ੍ਰੇਰਕ)-ਅੱਜ ਦੇਸ਼ ਭਰ ਵਿੱਚ ਕੇਂਦਰੀ ਟਰੇਡ ਯੂਨੀਅਨਾਂ ਅਤੇ ਕਿਸਾਨ ਜਥੇਬੰਦੀਆਂ ਵੱਲੋਂ ਸੱਦੀ ਗਈ ਦੇਸ਼ ਵਿਆਪੀ ਹੜਤਾਲ ਦੇ ਦਿੱਤੇ ਸੱਦੇ 'ਤੇ ਡੀ ਸੀ ਦਫ਼ਤਰ ਸਾਹਮਣੇ ਕਿਰਤੀ ਕਾਮਿਆਂ, ਮਜ਼ਦੂਰਾਂ, ਸਰਕਾਰੀ ਮੁਲਾਜ਼ਮਾਂ ਅਤੇ ਕਿਸਾਨਾਂ ਨੇ ਇਕੱਠੇ ਹੋ ਕੇ ਜਿਲ੍ਹਾ ਪੱਧਰੀ ਵਿਸ਼ਾਲ ਪ੍ਰਦਰਸ਼ਨ ਕੀਤਾ। ਕਿਸਾਨ ਆਗੂ ਰਾਜਿੰਦਰ ਸਿੰਘ ਦੀਪ ਸਿੰਘ ਵਾਲਾ, ਸਤਨਾਮ ਸਿੰਘ ਪੱਖੀ ਨੇ ਕਿਹਾ ਕਿ ਜੇ ਮੰਗਾਂ ਨੂੰ ਸਰਕਾਰ ਨੇ ਪ੍ਰਵਾਨ ਨਾ ਕੀਤਾ ਤਾਂ ਇਹ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ।

# ਅਨਏਡਿਡ ਅਧਿਆਪਕ ਵੱਲੋਂ ਸੰਗਰੂਰ 'ਚ ਮਹਾ ਰੈਲੀ ਕਰਨ ਦਾ ਐਲਾਨ

ਧੂਰੀ, 13 ਫਰਵਰੀ (ਪੱਤਰ ਪ੍ਰੇਰਕ)-ਆਪਣੀਆਂ ਹੱਕੀ ਮੰਗਾਂ ਲਈ ਲਗਾਤਾਰ ਸੰਘਰਸ਼ ਕਰ ਰਹੇ ਅਤੇ ਸਰਕਾਰ ਦੀਆਂ ਡੰਗ ਟਪਾਊ ਨੀਤੀਆਂ ਤੋਂ ਅੱਕੇ ਅਨਏਡਿਡ ਅਧਿਆਪਕ ਫਰੰਟ ਪੰਜਾਬ ਦੇ ਮੁੱਖ ਨੁਮਾਇੰਦਿਆਂ ਵੱਲੋਂ ਅੱਜ ਸਰਕਾਰ ਖ਼ਿਲਾਫ਼ ਸੰਘਰਸ਼ ਦਾ ਐਲਾਨ ਕਰਨ ਲਈ ਹੰਗਾਮੀ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਸੂਬਾ ਪ੍ਰਧਾਨ ਨਿਰਭੈ ਸਿੰਘ ਜਹਾਂਗੀਰ, ਉਪ ਪ੍ਰਧਾਨ ਸੁਖਚੈਨ ਸਿੰਘ ਜੌਹਲ ਅਤੇ ਵੱਖ-ਵੱਖ ਜ਼ਿਲ੍ਹਾ ਪ੍ਰਧਾਨਾਂ ਨੇ ਸ਼ਮੂਲੀਅਤ ਕੀਤੀ। ਆਗੂਆਂ ਨੇ ਕਿਹਾ ਕਿ ਹੁਣ ਤੱਕ ਯੂਨੀਅਨ ਵੱਲੋਂ ਤਗੜਾ ਸੰਘਰਸ਼ ਕੀਤਾ ਗਿਆ ਅਤੇ ਸਰਕਾਰ ਨਾਲ ਕਈ ਦੌਰ ਦੀਆਂ ਵੱਖ ਵੱਖ ਮੀਟਿੰਗਾਂ ਵੀ ਹੋ ਚੁੱਕੀਆਂ ਹਨ ਪਰ ਮੀਟਿੰਗਾਂ 'ਚ ਕੋਈ ਨਤੀਜਾ ਨਹੀਂ ਨਿਕਲਿਆ। ਉਨ੍ਹਾਂ ਆਖਿਆ ਕਿ ਸਰਕਾਰ ਲਗਾਤਾਰ ਮੀਟਿੰਗ ਅੱਗੇ ਪਾ ਕੇ ਟਾਲ-ਮਟੋਲ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਕੋਈ ਫੈਸਲਾ ਯੂਨੀਅਨ ਦੀਆਂ ਮੰਗਾਂ ਸਬੰਧੀ ਨਹੀਂ ਲਿਆ ਜਿਸ ਕਾਰਨ ਫ਼ਰੰਟ ਦੇ ਸਮੂਹ ਨੁਮਾਇੰਦਿਆਂ ਵਿਚ ਰੋਸ ਹੈ। ਪ੍ਰਧਾਨ ਨਿਰਭੈ ਸਿੰਘ ਨੇ ਦੱਸਿਆ ਕਿ ਯੂਨੀਅਨ ਨੇ ਮੁੱਖ ਮੰਤਰੀ ਦੇ ਸੰਗਰੂਰ ਸਥਿਤ ਨਿਵਾਸ ਅੱਗੇ 14 ਫਰਵਰੀ ਨੂੰ ਮਹਾ ਰੈਲੀ ਕਰਨ ਦਾ ਫ਼ੈਸਲਾ ਕੀਤਾ ਹੈ। ਉਨ੍ਹਾਂ ਆਖਿਆ ਕਿ ਮੰਗਾਂ ਮੰਨਣ ਤੱਕ ਸੰਘਰਸ਼ ਜਾਰੀ ਰਹੇਗਾ। ਉਨ੍ਹਾਂ ਸਾਰਿਆਂ ਨੂੰ ਮਹਾ ਰੈਲੀ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਅਤੇ ਆਖਿਆ ਕਿ ਇਸ ਰੈਲੀ ਦੌਰਾਨ ਸਰਕਾਰ ਦਾ ਅਸਲ ਚਿਹਰਾ ਲੋਕਾਂ ਸਾਹਮਣੇ ਲਿਆਂਦਾ ਜਾਵੇਗਾ।

# ਲੜਕੀਆਂ ਨੂੰ ਵਿਗਿਆਨ ਦੇ ਖੇਤਰ 'ਚ ਕਰੀਅਰ ਬਣਾਉਣ ਦਾ ਸੱਦਾ

## ਵਿਗਿਆਨਕ ਖੋਜ ਤੇ ਟਿਕਾਊ ਵਾਤਾਵਰਨ ਵਿੱਚ ਮਹਿਲਾ ਵਿਗਿਆਨੀਆਂ ਦੇ ਯੋਗਦਾਨ ਵਿਸ਼ੇ 'ਤੇ ਸੈਮੀਨਾਰ



ਮਸਤੂਆਣਾ ਸਾਹਿਬ, 13 ਫਰਵਰੀ (ਪੱਤਰ ਪ੍ਰੇਰਕ)-ਅਕਾਲ ਡਿਗਰੀ ਕਾਲਜ ਮਸਤੂਆਣਾ ਸਾਹਿਬ ਦੇ ਵਿਗਿਆਨ ਵਿਭਾਗ ਵੱਲੋਂ 'ਵਿਗਿਆਨਕ ਖੋਜ ਅਤੇ ਟਿਕਾਊ ਵਾਤਾਵਰਨ ਵਿੱਚ ਮਹਿਲਾ ਵਿਗਿਆਨੀਆਂ ਦੇ ਯੋਗਦਾਨ ਵਿਸ਼ੇ 'ਤੇ ਕੌਮਾਂਤਰੀ ਸੈਮੀਨਾਰ ਕਰਵਾਇਆ ਗਿਆ। ਇਸ ਸਮਾਗਮ ਵਿੱਚ ਡਾ. ਪੂਜਾ ਦੇਵੀ ਚੰਡੀਗੜ੍ਹ ਨੇ ਮੁੱਖ ਬੁਲਾਰੇ ਵਜੋਂ ਸ਼ਿਰਕਤ ਕੀਤੀ। ਡਾ. ਦੇਵੀ ਨੇ 'ਗ੍ਰੀਨ ਹਾਈਡ੍ਰੋਜਨ' ਦੀ ਮਹੱਤਤਾ ਅਤੇ ਵਾਤਾਵਰਨ ਦੀ ਨਿਗਰਾਨੀ ਲਈ ਤਿਆਰ ਕੀਤੇ ਜਾ ਰਹੇ ਅਤਿ-ਆਧੁਨਿਕ ਸੈਂਸਰਾਂ ਅਤੇ ਪਦਾਰਥਾਂ ਬਾਰੇ ਵਿਸਥਾਰ ਵਿੱਚ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਕਿਹਾ ਕਿ 'ਜ਼ਮੀਨ ਨਾਲ ਜੁੜਿਆ ਵਿਗਿਆਨ' ਹੀ ਪਾਣੀ ਦੀ ਕਿੱਲਤ ਅਤੇ ਜਲਵਾਯੂ ਪਰਿਵਰਤਨ ਵਰਗੀਆਂ ਗੰਭੀਰ ਵਿਸ਼ਵ ਵਿਆਪੀ ਚੁਣੌਤੀਆਂ ਦਾ ਸਾਰਥਿਕ ਹੱਲ ਕੱਢ ਸਕਦਾ ਹੈ। ਉਨ੍ਹਾਂ ਕਿਹਾ ਕਿ ਕੁੜੀਆਂ ਨੂੰ ਵਿਗਿਆਨ, ਤਕਨਾਲੋਜੀ, ਇੰਜਨੀਅਰਿੰਗ ਅਤੇ ਗਣਿਤ ਦੇ ਖੇਤਰ ਵਿੱਚ ਆਪਣਾ ਕਰੀਅਰ ਬਣਾਉਣਾ ਚਾਹੀਦਾ ਹੈ। ਸਮਾਗਮ ਦੀ ਸ਼ੁਰੂਆਤ ਵਿੱਚ ਡਾ. ਸੰਦੀਪ ਕੌਰ ਨੇ ਮੁੱਖ ਮਹਿਮਾਨ ਦਾ ਸਵਾਗਤ ਕੀਤਾ। ਕਾਲਜ ਦੇ ਪ੍ਰਿੰਸੀਪਲ ਡਾ. ਅਮਨਦੀਪ ਕੌਰ ਨੇ ਵਿਗਿਆਨ ਵਿਭਾਗ ਦੇ ਉਪਰਾਲੇ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਪੇਂਡੂ ਖੇਤਰ ਦੇ ਨੌਜਵਾਨਾਂ, ਖਾਸ ਕਰਕੇ ਕੁੜੀਆਂ ਵਿੱਚ ਵਿਗਿਆਨਕ ਸੋਚ ਅਤੇ ਖੋਜ ਪ੍ਰਤੀ ਰੁਚੀ ਪੈਦਾ ਕਰਨ ਲਈ ਅਜਿਹੇ ਅਕਾਦਮਿਕ ਸੈਮੀਨਾਰ ਬਹੁਤ ਸਾਰਥਿਕ ਸਿੱਧ ਹੁੰਦੇ ਹਨ। ਕਾਲਜ ਪ੍ਰਬੰਧਕਾਂ ਅਤੇ ਸਟਾਫ਼ ਵੱਲੋਂ ਮੁੱਖ ਮਹਿਮਾਨ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਡਾ. ਸਾਰਿਕਾ ਜੈਨ, ਡਾ. ਭੁਪਿੰਦਰ ਕੌਰ ਫਿਜ਼ੀਕਸ, ਡਾ. ਭੁਪਿੰਦਰ ਕੌਰ ਕੈਮਿਸਟਰੀ, ਡਾ. ਸੋਨੂੰ ਸੱਚਦੇਵਾ, ਡਾ. ਜੋਗਿੰਦਰ ਸਿੰਘ, ਪ੍ਰੋ. ਗੁਰਦੀਪ ਸਿੰਘ, ਪ੍ਰੋ. ਗਗਨਦੀਪ ਕੌਰ, ਪ੍ਰੋ. ਜਸ਼ਨਦੀਪ ਕੌਰ ਅਤੇ ਵਿਦਿਆਰਥੀ ਹਾਜ਼ਰ ਸਨ।

## ਵਿਆਹ ਸਮਾਗਮ ਦੌਰਾਨ ਗੋਲੀ ਚੱਲਣ 'ਤੇ ਕੇਸ ਦਰਜ

ਮਹਿਲ ਕਲਾਂ, 13 ਫਰਵਰੀ (ਪੱਤਰ ਪ੍ਰੇਰਕ)-ਇੱਥੋਂ ਦੇ ਪਿੰਡ ਕਲਾਲਾ ਵਿੱਚ ਨੌਜਵਾਨ ਨੂੰ ਵਿਆਹ ਸਮਾਗਮ ਦੌਰਾਨ ਗੋਲੀ ਚਲਾਉਣੀ ਮਹਿੰਗੀ ਪਈ। ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਮਗਰੋਂ ਪੁਲੀਸ ਨੇ ਇਸ ਮਾਮਲੇ ਵਿੱਚ ਅਣਪਛਾਤੇ ਨੌਜਵਾਨ ਵਿਰੁੱਧ ਕੇਸ ਦਰਜ ਕੀਤਾ ਹੈ। ਡੀ ਐੱਸ ਪੀ ਜਸਪਾਲ ਸਿੰਘ ਧਾਲੀਵਾਲ ਨੇ ਦੱਸਿਆ ਕਿ ਕਲਾਲਾ ਦੇ ਚੁਹਾਨਕੇ ਰੋਡ 'ਤੇ ਵਿਆਹ ਸਮਾਗਮ ਦੌਰਾਨ ਨੌਜਵਾਨ ਵਲੋਂ ਆਪਣੇ ਦਸਤੀ ਰਿਵਾਲਵਰ ਨਾਲ ਫਾਇਰਿੰਗ ਕਰਕੇ ਦਹਿਸ਼ਤ ਦਾ ਮਾਹੌਲ ਪੈਦਾ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਨੌਜਵਾਨ ਮਨਦੀਪ ਸਿੰਘ ਦਾ ਵਿਆਹ ਸੀ, ਜਿੱਥੇ ਕੋਈ ਅਣਪਛਾਤਾ ਵਿਅਕਤੀ ਫਾਇਰਿੰਗ ਕਰਕੇ ਫ਼ਰਾਰ ਹੋ ਗਿਆ।

# ਮਿੱਡ-ਡੇਅ ਮੀਲ ਤੇ ਸਫ਼ਾਈ ਵਰਕਰਾਂ ਵੱਲੋਂ ਮੰਗਾਂ ਲਈ ਨਾਅਰੇਬਾਜ਼ੀ

ਮਾਨਸਾ, 13 ਫਰਵਰੀ (ਪੱਤਰ ਪ੍ਰੇਰਕ)-ਅੱਜ ਦੇਸ਼ਿਵਆਪੀ ਹੜਤਾਲ ਦੇ ਸੱਦੇ ਤਹਿਤ ਮਿੱਡ-ਡੇਅ ਮੀਲ ਤੇ ਸਫਾਈ ਵਰਕਰ ਯੂਨੀਅਨ (ਆਜ਼ਾਦ) ਦੀ ਅਗਵਾਈ ਹੇਠ ਸਰਕਾਰੀ ਸਕੂਲਾਂ ਵਿੱਚ ਕੰਮ ਕਰਦੀਆਂ ਮਿੱਡ-ਡੇਅ ਮੀਲ ਤੇ ਸਫਾਈ ਵਰਕਰ ਕੁੱਕ ਬੀਬੀਆਂ ਨੇ ਜ਼ਿਲ੍ਹਾ ਕਚਹਿਰੀਆਂ ਵਿੱਚ ਧਰਨਾ ਦਿੱਤਾ। ਇਸ ਤੋਂ ਪਹਿਲਾਂ ਕਚਹਿਰੀਆਂ ਤੋਂ ਬੱਸ ਸਟੈਂਡ ਤੱਕ ਰੋਹ ਭਰਪੂਰ ਕੇਂਦਰ ਤੇ ਪੰਜਾਬ ਸਰਕਾਰ ਖ਼ਿਲਾਫ਼ ਮੁਜ਼ਾਹਰਾ ਕੀਤਾ। ਰੈਲੀ ਨੂੰ ਸੰਬੋਧਨ ਕਰਦਿਆਂ ਮਜ਼ਦੂਰ ਮੁਕਤੀ ਮੋਰਚਾ ਆਜ਼ਾਦ ਦੇ ਸੂਬਾ ਪ੍ਰਧਾਨ ਭਗਵੰਤ ਸਿੰਘ ਸਮਾਓਂ, ਮਿੱਡ-ਡੇਅ ਮੀਲ ਤੇ ਸਫਾਈ ਵਰਕਰ ਯੂਨੀਅਨ ਆਜ਼ਾਦ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਬੋਹਾ ਨੇ ਕਿਹਾ ਕਿ ਜਿਥੇ ਕੇਂਦਰ ਸਰਕਾਰ ਲਗਾਤਾਰ ਮਜ਼ਦੂਰ, ਮੁਲਾਜ਼ਮ ਵਿਰੋਧੀ ਨੀਤੀਆਂ ਲਾਗੂ ਕਰ ਰਹੀ ਹੈ, ਉਥੇ ਪੰਜਾਬ ਦੀ 'ਆਪ' ਸਰਕਾਰ ਦੇ ਮੁੱਖ ਮੰਤਰੀ ਭਗਵੰਤ ਮਾਨ ਵੀ ਕੱਚੇ ਕਾਮਿਆਂ ਤੇ ਸਕੀਮ ਵਰਕਰਾਂ ਨੂੰ ਪੱਕਾ ਕਰਨਾ ਤਾਂ ਦੂਰ ਤਨਖਾਹਾਂ ਵਿੱਚ ਵਾਧਾ ਕਰਨ ਦਾ ਵਾਅਦਾ ਕਰਕੇ ਵੀ ਲਾਗੂ ਨਹੀਂ ਕਰ ਰਹੇ। ਉਨ੍ਹਾਂ ਕਿਹਾ ਕਿ ਮਗਨਰੇਗਾ ਸਣੇ ਹਰ ਖੇਤਰ ਦੇ ਰੁਜ਼ਗਾਰ ਨੂੰ ਬਚਾਉਣ ਲਈ ਪਹਿਲੀ ਮਾਰਚ ਨੂੰ ਭਦੌੜ ਦਾਣਾ ਮੰਡੀ ਵਿਖੇ ਸਾਂਝੀ ਸੂਬਾ ਪੱਧਰੀ ਮਜ਼ਦੂਰ ਲਲਕਾਰ ਰੈਲੀ ਵਿੱਚ ਵੀ ਹਜ਼ਾਰਾਂ ਕੁੱਕ ਬੀਬੀਆਂ ਸ਼ਾਮਲ ਹੋਣਗੀਆਂ। ਇਸ ਮੌਕੇ ਨਿੱਕਾ ਸਿੰਘ ਬਹਾਦਰਪੁਰ, ਜਸਵਿੰਦਰ ਕੌਰ ਗਾਮੀਵਾਲਾ, ਨਸੀਬ ਕੌਰ ਪੇਰੋ, ਰਾਜ ਕੌਰ ਬੰਗੀ, ਸੁਨੀਤਾ ਭੀਖੀ, ਰੋਸ਼ਨੀ ਦਿਆਲਪੁਰਾ, ਗੁਰਮੇਲ ਕੌਰ ਮਾਨਸਾ ਨੇ ਵੀ ਸੰਬੋਧਨ ਕੀਤਾ।




ਬਠਿੰਡਾ (ਪੱਤਰ ਪ੍ਰੇਰਕ)-ਟਰੇਡ ਯੂਨੀਅਨਾਂ ਦੀ ਹੜਤਾਲ ਦੇ ਪ੍ਰਸੰਗ 'ਚ ਮਿੱਡ-ਡੇਅ ਮੀਲ ਕੁੱਕ ਯੂਨੀਅਨ ਨੇ ਅੱਜ ਇੱਥੇ ਆਪਣੀਆਂ ਮੰਗਾਂ ਦੇ ਸਬੰਧ ਵਿੱਚ ਰੋਸ ਵਿਖਾਵਾ ਕੀਤਾ। ਇਸ ਮੌਕੇ ਬੁਲਾਰਿਆਂ ਨੇ ਕਿਹਾ ਕਿ ਕੇਂਦਰ ਸਰਕਾਰ ਨੂੰ ਵਾਰ-ਵਾਰ ਮੰਗ ਪੱਤਰ ਭੇਜਣ ਦੇ ਬਾਵਜੂਦ ਵੀ ਮਿੱਡ-ਡੇਅ ਮੀਲ ਕੁੱਕਾਂ ਦੀਆਂ ਮੰਗਾਂ 'ਤੇ ਕੋਈ ਗੌਰ ਨਹੀਂ ਕੀਤੀ ਜਾ ਰਹੀ। ਉਨ੍ਹਾਂ ਮੰਗ ਕੀਤੀ ਕਿ ਬੱਚਿਆਂ ਅਤੇ ਕੁੱਕਾਂ ਦੀ ਗਿਣਤੀ ਦਾ ਅਨੁਪਾਤ ਇੰਜ ਹੋਵੇ ਕਿ 1-25 ਤੱਕ 1, 26 ਤੋਂ 50 ਤੱਕ 2, 51 ਤੋਂ 100 ਤੱਕ 3 ਕੁੱਕ ਰੱਖੇ ਜਾਣ। 2009 ਤੋਂ ਮੌਜੂਦਾ ਸਮੇਂ ਤੱਕ ਕੇਂਦਰ ਵੱਲੋਂ ਹਰ ਮਹੀਨੇ ਕੁੱਕ ਦੇ ਮਾਣ ਭੱਤੇ 'ਚ ਪਾਏ ਜਾਂਦੇ ਯੋਗਦਾਨ ਨੂੰ 600 ਤੋਂ ਵਧਾ ਕੇ 2000 ਰੁਪਏ ਮਾਸਿਕ ਕੀਤਾ ਜਾਵੇ। ਕੁੱਕਾਂ ਨੂੰ ਰੈਗੂਲਰ ਕੀਤਾ ਜਾਵੇ ਅਤੇ ਜਿੰਨਾ ਚਿਰ ਰੈਗੂਲਰ ਨਹੀਂ ਕੀਤਾ ਜਾਂਦਾ, ਉਦੋਂ ਤੱਕ ਉਜਰਤ ਵਾਲੀ ਲਿਸਟ ਵਿੱਚ ਸ਼ਾਮਲ ਕਰਕੇ ਘੱਟੋ-ਘੱਟ ਸਕੇਲ ਦਿੱਤਾ ਜਾਵੇ। ਇਸੇ ਤਰ੍ਹਾਂ ਪੰਜਾਬ ਸਰਕਾਰ ਕੁੱਕਾਂ ਨੂੰ ਕਰਨਾਟਕਾ ਸਰਕਾਰ ਦੇ ਮੁਤਾਬਿਕ ਰੈਗੂਲਰ ਕਰੇ ਅਤੇ ਜਦੋਂ ਤੱਕ ਰੈਗੂਲਰ ਨਹੀਂ ਕੀਤੇ ਜਾਂਦੇ, ਉਦੋਂ ਤੱਕ ਹਰਿਆਣਾ ਪੈਟਰਨ ਮੁਤਾਬਕ 7500 ਰੁਪਏ ਮਾਸਿਕ ਤਨਖਾਹ ਦਿੱਤੀ ਜਾਵੇ।

## ਲਿਬਰੇਸ਼ਨ ਵੱਲੋਂ ਅਮਿਤ ਸ਼ਾਹ ਦੇ ਬਿਆਨ ਦਾ ਵਿਰੋਧ

ਸ਼ੇਰਪੁਰ, 13 ਫਰਵਰੀ (ਪੱਤਰ ਪ੍ਰੇਰਕ)-ਭਾਰਤੀ ਕਮਿਊਨਿਸ਼ਟ ਪਾਰਟੀ (ਐੱਮ-ਐੱਲ)-ਲਿਬਰੇਸ਼ਨ ਨੇ ਕਿਹਾ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਕੌਮਾਂਤਰੀ ਕਮਿਊਨਿਸ਼ਟ ਲਹਿਰ ਅਤੇ ਉਸ ਦੀਆਂ ਪ੍ਰਾਪਤੀਆਂ ਬਾਰੇ ਭੋਰਾ ਵੀ ਇਲਮ ਨਹੀਂ ਹੈ ਕਿਉਂਕਿ ਉਨ੍ਹਾਂ ਦੇ ਛਤੀਸਗੜ੍ਹ ਤੋਂ ਆਏ ਬਿਆਨ ਸਚਾਈ ਤੋਂ ਕੋਹਾਂ ਦੂਰ ਹਨ। ਸੀ ਪੀ ਆਈ (ਐੱਮ ਐੱਲ) ਲਿਬਰੇਸ਼ਨ ਦੀ ਪੰਜਾਬ ਇਕਾਈ ਦੇ ਸਕੱਤਰ ਕਾਮਰੇਡ ਗੁਰਮੀਤ ਸਿੰਘ ਬਖ਼ਤਪੁਰ, ਕੇਂਦਰੀ ਕਮੇਟੀ ਮੈਂਬਰ ਰਾਜਵਿੰਦਰ ਸਿੰਘ ਰਾਣਾ ਅਤੇ ਸੂਬਾਈ ਬੁਲਾਰੇ ਕਾਮਰੇਡ ਸੁਖਦਰਸ਼ਨ ਸਿੰਘ ਨੱਤ ਨੇ ਗ੍ਰਹਿ ਮੰਤਰੀ ਦੇ ਉਸ ਬਿਆਨ ਦਾ ਵਿਰੋਧ ਕੀਤਾ ਹੈ ਜਿਸ ਵਿੱਚ ਉਨ੍ਹਾਂ ਕਿਹਾ ਸੀ ਕਿ ਦੇਸ਼ ਨੂੰ ਕਮਿਊਨਿਸਟ ਵਿਚਾਰਧਾਰਾ ਤੋਂ ਮੁਕਤ ਕਰਨ ਦੀ ਲੋੜ ਹੈ। ਲਿਬਰੇਸ਼ਨ ਆਗੂਆਂ ਨੇ ਕਿਹਾ ਕਿ ਕਮਿਊਨਿਸ਼ਟ ਵਿਚਾਰਧਾਰਾ ਦੁਨੀਆ ਭਰ ਵਿੱਚ ਮਜ਼ਦੂਰਾਂ-ਕਿਸਾਨਾਂ ਦੇ ਹਿੱਤਾਂ ਲਈ ਲੜਨ ਅਤੇ ਕਾਰਪੋਰੇਟ ਪੂੰਜੀਵਾਦ ਦੀ ਜਗ੍ਹਾ ਸਮਾਜਵਾਦੀ ਨਿਜ਼ਾਮ ਦੀ ਉਸਾਰੀ ਲਈ ਇਨਕਲਾਬੀ ਜਦੋ-ਜਹਿਦ ਕਰਨ ਦਾ ਨਾਂ ਹੈ। ਇਸ ਨੂੰ ਖ਼ਤਮ ਕਰਨ ਵਾਲੇ ਦੁਨੀਆ ਭਰ ਵਿਚਲੇ ਤਾਨਾਸ਼ਾਹ ਖੁਦ ਖ਼ਤਮ ਹੋ ਗਏ। ਆਗੂਆਂ ਨੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਉਸ ਦਾਅਵੇ ਨੂੰ ਝੂਠ ਕਰਾਰ ਦਿੱਤਾ ਜਿਸ ਵਿੱਚ ਉਨ੍ਹਾਂ ਕਿਹਾ ਹੈ ਕਿ ਕਮਿਊਨਿਸ਼ਟ ਜਿਥੇ ਵੀ ਸੱਤਾ ਵਿੱਚ ਰਹੇ, ਉਹ ਵਿਕਾਸ ਨਹੀਂ ਕਰ ਸਕੇ।

# ਭਾਰਤ ਬੰਦ ਦੇ ਸੱਦੇ 'ਤੇ ਕਿਸਾਨ ਤੇ ਟਰੇਡ ਯੂਨੀਅਨਾਂ ਨੇ ਦਿੱਤਾ ਸਾਂਝਾ ਧਰਨਾ



ਭਵਾਨੀਗੜ੍ਹ, 13 ਫਰਵਰੀ (ਪੱਤਰ ਪ੍ਰੇਰਕ)-ਦੇਸ਼ ਭਰ ਵਿੱਚ ਵੱਖ-ਵੱਖ ਟਰੇਡ ਯੂਨੀਅਨਾਂ ਵੱਲੋਂ 'ਭਾਰਤ ਬੰਦ' ਦੇ ਸੱਦੇ ਤੇ ਅੱਜ ਇੱਥੇ ਪਾਵਰਕਾਮ ਦੀਆਂ ਟਰੇਡ ਯੂਨੀਅਨਾਂ ਅਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਵੱਲੋਂ ਪਾਵਰਕਾਮ ਦਫ਼ਤਰ ਅੱਗੇ ਧਰਨਾ ਦਿੱਤਾ ਗਿਆ। ਧਰਨੇ ਨੂੰ ਸੰਬੋਧਨ ਕਰਦਿਆਂ ਆਈ.ਟੀ.ਆਈ ਇੰਪਲਾਈਜ਼ ਐਸੋਸ਼ੀਏਸ਼ਨ ਦੇ ਸਬ-ਡਵੀਜਨ ਪ੍ਰਧਾਨ ਰਾਜਿੰਦਰ ਸਿੰਘ, ਟੈਕਨੀਕਲ ਸਰਵਿਸ ਯੂਨੀਅਨ ਦੇ ਪ੍ਰਧਾਨ ਸੁਖਵਿੰਦਰ ਸਿੰਘ, ਪਾਵਰਕੌਮ ਠੇਕਾ ਮੁਲਾਜ਼ਮ ਯੂਨੀਅਨ ਦੇ ਆਗੂ ਜੁਗਰਾਜ ਸਿੰਘ ਅਤੇ ਭਾਕਿਯੂ ਡਕੌਂਦਾ ਬੁਰਜਗਿੱਲ ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਗੁਰਮੀਤ ਸਿੰਘ ਭੱਟੀਵਾਲ ਨੇ ਕਿਹਾ ਕਿ ਕੇਂਦਰ ਸਰਕਾਰ ਨਿੱਤ ਨਵੇਂ ਕਾਨੂੰਨ ਬਣਾ ਕੇ ਅਤੇ ਸਾਮਰਾਜੀ ਮੁਲਕਾਂ ਨਾਲ ਸਮਝੌਤੇ ਕਰਕੇ ਦੇਸ਼ ਦੇ ਕਿਰਤੀ ਲੋਕਾਂ ਨੂੰ ਕਮਜ਼ੋਰ ਕਰਨ ਦੀਆਂ ਕੋਝੀਆਂ ਚਾਲਾਂ ਚੱਲੀ ਰਹੀ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਾਰਪੋਰੇਟ ਘਰਾਣਿਆਂ ਦੇ ਮੁਨਾਫਿਆਂ ਲਈ ਅਮਰੀਕੀ ਰਾਸ਼ਟਰਪਤੀ ਨਾਲ ਵਪਾਰਕ ਸਮਝੌਤਾ ਕਰਕੇ ਦੇਸ਼ ਦੀ ਆਰਥਿਕਤਾ ਨੂੰ ਢਾਹ ਲਗਾਈ ਹੈ। ਉਨ੍ਹਾਂ ਦੇਸ਼ ਦੇ ਕਿਰਤੀ ਲੋਕਾਂ ਨੂੰ ਇਕ ਮੰਚ 'ਤੇ ਇਕੱਠੇ ਹੋ ਕੇ ਵੱਡਾ ਸੰਘਰਸ਼ ਵਿੱਢਣ ਦਾ ਸੱਦਾ ਦਿੱਤਾ ਤਾਂ ਕਿ ਇਸ ਵਪਾਰਕ ਸਮਝੌਤੇ ਨੂੰ ਰੱਦ ਕਰਵਾ ਕੇ ਦੇਸ਼ ਨੂੰ ਬਚਾਇਆ ਜਾ ਸਕੇ। ਇਸ ਮੌਕੇ ਉਨ੍ਹਾਂ ਪੰਜਾਬ ਦੀ 'ਆਪ' ਸਰਕਾਰ ਵੱਲੋਂ ਕਿਸਾਨਾਂ ਤੇ ਮੁਲਾਜ਼ਮਾਂ ਸਬੰਧੀ ਮਾਰੂ ਨੀਤੀਆਂ ਅਤੇ ਫ਼ੈਸਲਿਆਂ ਦੀ ਸਖਤ ਸ਼ਬਦਾਂ 'ਚ ਨਿਖੇਧੀ ਕੀਤੀ।

# ਮੁਕਤ ਵਪਾਰ ਸਮਝੌਤੇ ਖ਼ਿਲਾਫ਼ ਚੱਕਾ ਜਾਮ

## ਸਮਝੌਤਾ ਰੱਦ ਕਰਵਾਉਣ ਲਈ ਇੱਕਜੁਟ ਹੋ ਕੇ ਸੰਘਰਸ਼ ਕਰਨ ਦਾ ਸੱਦਾ

ਸੁਨਾਮ ਊਧਮ ਸਿੰਘ ਵਾਲਾ, 13 ਫਰਵਰੀ (ਪੱਤਰ ਪ੍ਰੇਰਕ)-ਟਰੇਡ ਯੂਨੀਅਨਾਂ ਦੇ ਭਾਰਤ ਬੰਦ ਦੇ ਸੱਦੇ ਨੂੰ ਲੈ ਕੇ ਅੱਜ ਸੁਨਾਮ ਵਿੱਚ ਵੱਖ-ਵੱਖ ਜਥੇਬੰਦੀਆਂ ਵੱਲੋਂ ਜ਼ੋਰਦਾਰ ਪ੍ਰਦਰਸ਼ਨ ਕੀਤਾ ਗਿਆ। ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ), ਲਾਲ ਭੱਠਾ ਮਜ਼ਦੂਰ ਯੂਨੀਅਨ (ਸੀਟੂ), ਲਾਲ ਝੰਡਾ ਮਿੱਡ-ਡੇਅ ਮੀਲ ਵਰਕਰਜ਼ ਯੂਨੀਅਨ (ਸੀਟੂ) ਅਤੇ ਆਂਗਣਵੜੀ ਵਰਕਰਜ਼ ਯੂਨੀਅਨ ਸਮੇਤ ਹੋਰ ਟਰੇਡ ਯੂਨੀਅਨਾਂ ਨੇ ਸ਼ਹੀਦ ਊਧਮ ਸਿੰਘ ਸਿਵਲ ਹਸਪਤਾਲ ਸਾਹਮਣੇ ਫਲਾਈ ਓਵਰ 'ਤੇ ਚੱਕਾ ਜਾਮ ਕੀਤਾ। ਇਸ ਦੌਰਾਨ ਕੇਂਦਰ ਅਤੇ ਪੰਜਾਬ ਸਰਕਾਰ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ। ਕਿਸਾਨ ਆਗੂ ਦਰਬਾਰਾ ਸਿੰਘ ਛਾਜਲਾ, ਜਸਵੰਤ ਸਿੰਘ ਤੋਲਾਵਾਲ, ਸੁਖਪਾਲ ਸਿੰਘ ਮਾਣਕ ਕਣਕਵਾਲ, ਕਾਮਰੇਡ ਮੱਖਣ ਸਿੰਘ ਜਖੇਪਲ, ਊਸ਼ਾ ਰਾਣੀ, ਬੀਬੀ ਜਸਮੇਲ ਕੌਰ ਅਤੇ ਤ੍ਰਿਸ਼ਨਜੀਤ ਕੌਰ ਨੇ ਕਿਹਾ ਕਿ ਕੇਂਦਰ ਸਰਕਾਰ ਭਾਰਤ-ਅਮਰੀਕਾ ਵਪਾਰ ਸਮਝੌਤੇ ਰਾਹੀਂ ਛੋਟੇ ਕਿਸਾਨਾਂ, ਦੁਕਾਨਦਾਰਾਂ ਅਤੇ ਮਜ਼ਦੂਰ ਵਰਗ ਦੇ ਹਿੱਤਾਂ ਦਾ ਘਾਣ ਕਰ ਰਹੀ ਹੈ। ਆਗੂਆਂ ਨੇ ਇਸ ਸਮਝੌਤੇ ਨੂੰ ਰੱਦ ਕਰਨ ਲਈ ਕਿਰਤੀ ਵਰਗ ਨੂੰ ਇਕੱਠੇ ਹੋ ਕੇ ਸੰਘਰਸ਼ ਤੇਜ਼ ਕਰਨ ਦੀ ਅਪੀਲ ਕੀਤੀ। ਪ੍ਰਦਰਸ਼ਨ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪੁਤਲੇ ਵੀ ਸਾੜੇ ਗਏ। ਭਾਵੇਂ ਸ਼ਹਿਰ ਦੇ ਜ਼ਿਆਦਾਤਰ ਬਾਜ਼ਾਰ ਆਮ ਦਿਨਾਂ ਵਾਂਗ ਖੁੱਲ੍ਹੇ ਰਹੇ ਪਰ ਫਲਾਈ ਓਵਰ 'ਤੇ ਚੱਕਾ ਜਾਮ ਕਾਰਨ ਆਵਾਜਾਈ ਪ੍ਰਭਾਵਿਤ ਰਹੀ ਅਤੇ ਆਮ ਲੋਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਇਸ ਮੌਕੇ ਰਾਮਸਰਨ ਸਿੰਘ ਉਗਰਾਹਾ, ਪਾਲ ਸਿੰਘ ਦੌਲਾ ਸਿੰਘ ਵਾਲਾ, ਨਿਰਮਲ ਕੌਰ, ਸੁਖਵਿੰਦਰ ਕੌਰ, ਪਰਮਜੀਤ ਕੌਰ, ਖ਼ੁਸ਼ਪ੍ਰੀਤ ਕੌਰ, ਜਸਪ੍ਰੀਤ ਕੌਰ ਅਤੇ ਹੋਰ ਮੌਜੂਦ ਸਨ।

# ਮੁਲਾਜ਼ਮ, ਕਿਸਾਨ ਅਤੇ ਮਜ਼ਦੂਰ ਸਰਕਾਰਾਂ ਖ਼ਿਲਾਫ਼ ਨਿੱਤਰੇ

## ਹੜਤਾਲ ਮੌਕੇ ਇੱਕਜੁਟਤਾ ਦਾ ਪ੍ਰਗਟਾਵਾ

ਬਠਿੰਡਾ, 13 ਫਰਵਰੀ (ਪੱਤਰ ਪ੍ਰੇਰਕ)-ਦਸ ਕੇਂਦਰੀ ਟਰੇਡ ਯੂਨੀਅਨ ਅਤੇ ਮੁਲਾਜ਼ਮ ਫੈਡਰੇਸ਼ਨਾਂ ਦੇ ਸੱਦੇ 'ਤੇ ਅੱਜ ਦੇਸ਼ ਵਿਆਪੀ ਹੜਤਾਲ ਵਿੱਚ ਬਠਿੰਡਾ ਦੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਅੱਗੇ ਪ੍ਰਦਰਸ਼ਨ ਕੀਤਾ ਗਿਆ। ਇਸ ਵਿੱਚ ਮੁਲਾਜ਼ਮਾਂ, ਮਜ਼ਦੂਰਾਂ ਅਤੇ ਕਿਸਾਨਾਂ ਨੇ ਇੱਕਜੁੱਟਤਾ ਦਾ ਪ੍ਰਦਰਸ਼ਨ ਕੀਤਾ। ਇਕੱਠ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਅਮਰੀਕਾ ਭਾਰਤ ਸਮਝੌਤਾ ਰੱਦ ਕਰਨ ਦੀ ਅਪੀਲ ਕੀਤੀ ਅਤੇ ਹੋਰ ਮੰਗਾਂ ਮੰਨਣ ਦੀ ਅਪੀਲ ਕੀਤੀ। ਮਗਰੋਂ ਫੌਜੀ ਚੌਕ ਵਿੱਚ ਰੋਸ ਰੈਲੀ ਵੀ ਕੱਢੀ ਗਈ। ਜਿਥੇ ਇੱਕ ਮੰਗ ਪੱਤਰ ਕੇਂਦਰ ਸਰਕਾਰ ਨੂੰ ਭੇਜਣ ਲਈ ਨਾਇਬ ਤਹਿਸੀਲਦਾਰ ਪ੍ਰਿੰਸਪ੍ਰੀਤ ਸਿੰਘ ਨੂੰ ਦਿੱਤਾ ਗਿਆ। ਅੱਜ ਦੇ ਇਕੱਠ ਨੂੰ ਗਗਨਦੀਪ ਸਿੰਘ ਭੁੱਲਰ, ਦਰਸ਼ਨ ਸਿੰਘ ਮੌੜ, ਹਰਨੇਕ ਸਿੰਘ ਗਹਿਰੀ, ਬਲਕਾਰ ਸਿੰਘ ਸੀ ਆਈ ਟੀ ਯੂ, ਜਤਿੰਦਰ ਕ੍ਰਿਸ਼ਨ, ਗੁਰਪ੍ਰੀਤ ਕੌਰ ਬੈਂਕ ਐਂਪਲਾਇਜ਼ ਫੈਡਰੇਸ਼ਨ ਆਦਿ ਨੇ ਸੰਬੋਧਨ ਕੀਤਾ।

ਮਾਨਸਾ (ਪੱਤਰ ਪ੍ਰੇਰਕ)-ਦੇਸ਼ ਵਿਆਪੀ ਹੜਤਾਲ ਮੌਕੇ ਸਥਾਨਕ ਬਾਰਾਂ ਹੱਟਾਂ ਚੌਕ ਵਿੱਚ ਏਟਕ, ਏਟਕੂ, ਸੀ ਟੀ ਯੂ, ਸੰਯੁਕਤ ਕਿਸਾਨ ਮੋਰਚਾ, ਐਂਪਲਾਈਜ਼ ਫੈਡਰੇਸ਼ਨਾਂ, ਮਜ਼ਦੂਰ ਜਥੇਬੰਦੀਆਂ, ਆਸ਼ਾ,ਆਂਗਨਵਾੜੀ ਵਰਕਰਾਂ, ਮੈਡੀਕਲ ਪ੍ਰੈਕਟੀਸ਼ਨਰਾ, ਬੈਂਕਾਂ ਵੱਲੋਂ ਪ੍ਰਦਰਸ਼ਨ ਰਾਜਵਿੰਦਰ ਰਾਣਾ, ਕ੍ਰਿਸ਼ਨ ਚੌਹਾਨ, ਰੁਲਦੂ ਸਿੰਘ ਮਾਨਸਾ, ਅਮਰਜੀਤ ਸਿੰਘ, ਕਰਮਜੀਤ ਤਾਮਕੋਟ, ਬਲਦੇਵ ਮੰਢਾਲੀ ਅਤੇ ਮੱਖਣ ਭੈਣੀਬਾਘਾ ਦੀ ਪ੍ਰਧਾਨਗੀ ਮੰਡਲ ਹੇਠ ਕੀਤਾ ਗਿਆ। ਹੜਤਾਲ ਦੌਰਾਨ ਜੁੜੇ ਇਕੱਠ ਨੂੰ ਸੰਬੋਧਨ ਕਰਦਿਆਂ ਸਾਬਕਾ ਵਿਧਾਇਕ ਕਾਮਰੇਡ ਹਰਦੇਵ ਸਿੰਘ ਅਰਸ਼ੀ, ਸੰਯੁਕਤ ਕਿਸਾਨ ਮੋਰਚੇ ਦੇ ਪ੍ਰਮੁੱਖ ਆਗੂ ਰੁਲਦੂ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਭਾਰਤ-ਅਮਰੀਕਾ ਵਪਾਰਕ ਸਮਝੌਤਾ ਖੇਤੀਬਾੜੀ, ਵਪਾਰਕ, ਤੇ ਡੇਅਰੀ ਫ਼ਾਰਮ ਸਣੇ ਲੋਕ ਵਿਰੋਧੀ ਫੈਸਲਿਆਂ ਕਾਰਨ ਬੇਰੁਜ਼ਗਾਰੀ ਵਿੱਚ ਵਾਧਾ ਕਰੇਗਾ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਵੱਲੋਂ ਪਹਿਲਾਂ ਹੀ ਬਿਜਲੀ ਐਕਟ, ਬੀਜ ਬਿੱਲ ਲਿਆਉਣ ਲਈ ਤਰਲੋਮੱਛੀ ਹੈ ਅਤੇ ਮਗਨਰੇਗਾ ਕਾਨੂੰਨ ਤੇ ਕਿਰਤ ਕਾਨੂੰਨਾਂ ਨੂੰ ਖ਼ਤਮ ਕਰਕੇ ਸਰਮਾਏਦਾਰੀ ਨੂੰ ਸਸਤੀ ਲੇਬਰ ਮੁਹੱਈਆ ਕਰਵਾਉਣ ਦੀ ਸਾਜ਼ਿਸ਼ ਕਰ ਚੁੱਕੀ ਹੈ।



ਫਾਜ਼ਿਲਕਾ (ਪੱਤਰ ਪ੍ਰੇਰਕ)-ਇੱਥੇ ਅੱਜ ਮਜ਼ਦੂਰਾਂ, ਮੁਲਾਜ਼ਮਾਂ, ਪੈਨਸ਼ਨਰਜ ਤੇ ਜਨਤਕ ਜਥੇਬੰਦੀਆ, ਮਿਡ-ਡੇਅ ਮੀਲ ਵਰਕਰਜ਼, ਆਸ਼ਾ ਵਰਕਰਜ਼, ਆਂਗਣਵਾੜੀ ਵਰਕਰਜ਼ ਅਧਾਰਤ ਸਾਂਝਾ ਮੋਰਚਾ ਵੱਲੋਂ ਡੀ ਸੀ ਦਫਤਰ ਬਾਹਰ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਦੀਆ ਨੀਤੀਆ ਵਿਰੁੱਧ ਰੋਹ ਭਰਪੂਰ ਰੈਲੀ ਕੀਤੀ ਗਈ। ਰੈਲੀ ਨੂੰ ਹਰਭਜਨ ਸਿੰਘ ਖੁੰਗਰ ਭਜਨ ਲਾਲ ਕਬੋਜ ਨੇ ਸੰਬੋਧਨ ਕੀਤਾ।

ਬਰਨਾਲਾ (ਪੱਤਰ ਪ੍ਰੇਰਕ)-ਕੇਦਰੀ ਟਰੇਡ ਯੂਨੀਅਨਾਂ ਤੇ ਫੈਡਰੇਸ਼ਨਾਂ ਦੇ ਕੌਮੀ ਸੱਦੇ 'ਤੇ ਅੱਜ ਜ਼ਿਲ੍ਹੇ ਦੀਆਂ ਮਜ਼ਦੂਰ, ਕਿਸਾਨ ਤੇ ਮੁਲਾਜ਼ਮ ਜਥੇਬੰਦੀਆਂ ਵੱਲੋਂ ਇੱਥੇ ਬਾਲਮੀਕੀ ਚੌਕ ਵਿੱਚ ਮੋਦੀ ਹਕੂਮਤ ਖ਼ਿਲਾਫ ਰੋਹ ਭਰਪੂਰ ਰੋਸ ਰੈਲੀ ਕੀਤੀ ਗਈ। ਉਪਰੰਤ ਸਥਾਨਕ ਰੇਲਵੇ ਸਟੇਸ਼ਨ ਤੱਕ ਮਾਰਚ ਵੀ ਕੱਢਿਆ ਗਿਆ। ਰੈਲੀ ਨੂੰ ਸੰਬੋਧਨ ਕਰਦਿਆਂ ਏਟਕ ਦੇ ਆਗੂ ਕਾ. ਖ਼ੁਸ਼ੀਆ ਸਿੰਘ , ਸੀਟੂ ਦੇ ਸੂਬਾ ਆਗੂ ਸੇਰ ਸਿੰਘ ਫਰਵਰੀ ,ਏਕਟੂ ਦੇ ਗੁਰਪ੍ਰੀਤ ਰੂੜੇਕੇ , ਸੂਬਾਈ ਮੁਲਾਜ਼ਮ ਆਗੂ ਕਰਮਜੀਤ ਬੀਹਲਾ, ਬੀਕੇਯੂ ਉਗਰਾਹਾਂ ਦੇ ਚਮਕੌਰ ਸਿੰਘ ਨੈਣੇਵਾਲ, ਟੀ ਯੂ ਸੀ ਆਈ ਦੇ ਲਾਭ ਸਿੰਘ ਅਕਲੀਆ, ਬੀ ਕੇ ਯੂ ਡਕੌਂਦਾ ਧਨੇਰ ਦੇ ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ ਤੇ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਪਵਿੱਤਰ ਲਾਲੀ ਨੇ ਕਿਹਾ ਕਿ ਭਾਜਪਾ ਦੀ ਮੋਦੀ ਸਰਕਾਰ ਦੇਸ਼ ਨੂੰ ਮੁੱਠੀ ਭਰ ਚਹੇਤੇ ਕਾਰਪੋਰੇਟ ਘਰਾਣਿਆਂ ਨੂੰ ਵੇਚਣ 'ਤੇ ਤੁਲੀ ਹੋਈ ਹੈ। ਆਗੂਆਂ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਜੇ ਲੋਕ ਮਾਰੂ ਬਿੱਲ ਰੱਦ ਨਾ ਕੀਤੇ ਤਾਂ ਦੇਸ਼ ਭਰ ਦੇ ਸਮੂਹ ਕਿਰਤੀ ਪਹਿਲਾਂ ਦੀ ਤਰ੍ਹਾਂ ਦਿੱਲੀ ਵੱਲ ਕੂਚ ਕਰਨ ਲਈ ਮਜਬੂਰ ਹੋਣਗੇ।

ਲੰਬੀ (ਪੱਤਰ ਪ੍ਰੇਰਕ)-ਇੱਥੇ ਮੋਰਚੇ ਦੇ ਸਹਿਯੋਗ ਨਾਲ ਮੰਡਲ ਬਾਦਲ ਦੀਆਂ ਸਮੂਹ ਬਿਜਲੀ ਮੁਲਾਜ਼ਮ ਜਥੇਬੰਦੀਆਂ ਵੱਲੋਂ ਪਾਵਰਕੌਮ ਦੇ ਲੰਬੀ ਸਬ ਡਿਵੀਜ਼ਨ ਦਫਤਰ ਅੱਗੇ ਧਰਨਾ ਲਗਾਇਆ ਗਿਆ। ਧਰਨੇ ਉਪਰੰਤ ਪਿੰਡ ਲੰਬੀ ਤੱਕ ਪੈਦਲ ਮਾਰਚ ਕੀਤਾ ਗਿਆ ਅਤੇ ਕੇਂਦਰ, ਪੰਜਾਬ ਸਰਕਾਰ ਅਤੇ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਦਾ ਪੁਤਲਾ ਸਾੜਿਆ ਗਿਆ।

# ਕਲੋਨਾਈਜ਼ਰਾਂ ਦੇ ਪ੍ਰੋਗਰਾਮ ਨੇ ਚਰਚਾ ਛੇੜੀ

## ਨਾਮੀ ਗਾਇਕ ਦੇ ਅਖਾੜੇ 'ਚ ਵੱਡੇ ਨੋਟਾਂ ਦੀ ਵਰਖਾ ਹੋਈ

ਸ਼ੇਰਪੁਰ, 13 ਫਰਵਰੀ (ਪੱਤਰ ਪ੍ਰੇਰਕ)-ਸ਼ੇਰਪੁਰ 'ਚ ਕੁਝ ਨਾਮਵਰ ਕਲੋਨਾਈਜ਼ਰਾਂ ਵੱਲੋਂ ਇੱਕ ਪੈਲੇਸ ਵਿੱਚ ਕਰਵਾਏ ਗਏ ਪ੍ਰੋਗਰਾਮ ਨੇ ਚਰਚਾ ਛੇੜ ਦਿੱਤੀ ਹੈ। ਇਹ ਪ੍ਰੋਗਰਾਮ ਕਥਿਤ ਅਣ-ਅਧਿਕਾਰਤ ਕਲੋਨੀ ਦੇ ਪਲਾਟਾਂ ਦੀ ਸੇਲ ਦੀ ਪ੍ਰਮੋਸ਼ਨ ਲਈ ਕਰਵਾਇਆ ਗਿਆ ਸੀ। ਸੂਤਰਾਂ ਅਨੁਸਾਰ ਇਸ ਪ੍ਰੋਗਰਾਮ ਦੌਰਾਨ ਪ੍ਰਾਪਰਟੀ ਦੇ ਕਾਰੋਬਾਰ ਨਾਲ ਜੁੜੇ ਲੋਕਾਂ ਨੇ ਸ਼ਮੂਲੀਅਤ ਕੀਤੀ। ਇਸ ਦੌਰਾਨ ਨਾਮੀ ਗਾਇਕ ਦੇ ਅਖਾੜੇ ਦੌਰਾਨ ਜਿੱਥੇ ਵੱਡੇ ਨੋਟਾਂ ਦੀ ਵਰਖਾ ਨੇ ਲੋਕਾਂ ਨੂੰ ਹੈਰਾਨ ਕੀਤਾ, ਉੱਥੇ ਕੁਝ ਖਾਸ ਨੰਬਰਾਂ ਵਾਲੇ ਪਲਾਟਾਂ ਦੇ ਮਾਲਕਾਂ ਨੂੰ ਡਰਾਅ ਸਿਸਟਮ ਰਾਹੀਂ ਗੱਡੀਆਂ ਦਿੱਤੀਆਂ ਗਈਆਂ। ਉਂਜ ਇਸ ਮਾਮਲੇ 'ਤੇ ਦਬੀ ਜ਼ੁਬਾਨ ਰਾਹੀਂ ਕੁਝ ਲੋਕਾਂ ਵੱਲੋਂ ਉੱਚ ਪੱਧਰੀ ਜਾਂਚ ਦੀ ਮੰਗ ਹੋਣ ਲੱਗੀ ਹੈ। ਉਧਰ ਸਬੰਧਤ ਐੱਸ ਡੀ ਐੱਮ ਨੇ ਕਿਹਾ ਕਿ ਕਲੋਨੀਆਂ ਸਬੰਧੀ ਉੱਚ ਅਧਿਕਾਰੀ ਹੀ ਦੱਸ ਸਕਦੇ ਹਨ। ਏ ਡੀ ਸੀ (ਜਨਰਲ)ਸੰਗਰੂਰ ਵੱਲੋਂ ਫੋਨ ਨਾ ਚੁੱਕੇ ਜਾਣ ਮਗਰੋਂ ਉਨ੍ਹਾਂ ਦਾ ਪੱਖ ਲੈਣ ਲਈ ਇਸ ਪ੍ਰਤੀਨਿਧ ਵੱਲੋਂ ਲਿਖਤੀ ਤੌਰ 'ਤੇ ਮੋਬਾਈਲ ਸੁਨੇਹਾ ਵੀ ਭੇਜਿਆ ਗਿਆ ਪਰ ਦੇਰ ਸ਼ਾਮ ਤੱਕ ਉਨ੍ਹਾਂ ਦਾ ਕੋਈ ਜਵਾਬ ਨਹੀਂ ਆਇਆ। 'ਹੋਪ ਫਾਰ ਮਹਿਲ ਕਲਾਂ' ਦੇ ਇੰਚਾਰਜ ਕੁਲਵੰਤ ਸਿੰਘ ਟਿੱਬਾ ਨੇ ਇਸ ਪ੍ਰਤੀਨਿਧ ਨੂੰ ਦੱਸਿਆ ਕਿ ਇਹ ਮਾਮਲਾ ਆਮ ਵਰਤਾਰਾ ਨਹੀਂ ਹੈ। ਇਸ ਵਿੱਚ ਨਿਯਮਾਂ ਦੀਆਂ ਧੱਜੀਆਂ ਉਡਾਏ ਜਾਣ ਦਾ ਵੱਡਾ ਮਾਮਲਾ ਹੈ ਜਿਸ ਸਬੰਧੀ ਉਨ੍ਹਾਂ ਅੱਜ ਪੰਜਾਬ ਸਰਕਾਰ ਦੇ ਪ੍ਰਮੁੱਖ ਸਕੱਤਰ ਸਮੇਤ ਹੋਰ ਸਬੰਧਤ ਅਧਿਕਾਰੀਆਂ ਨੂੰ ਲਿਖਤੀ ਪੱਤਰ ਰਾਹੀਂ ਧਿਆਨ ਵਿੱਚ ਲਿਆਉਣ ਤੋਂ ਇਲਾਵਾ ਕੁਝ ਅਧਿਕਾਰੀਆਂ ਨਾਲ ਫੋਨ 'ਤੇ ਗੱਲਬਾਤ ਵੀ ਕੀਤੀ ਹੈ। ਉਨ੍ਹਾਂ ਦੱਸਿਆ ਕਿ ਉਹ ਇਸ ਮਾਮਲੇ ਦੀ ਪੈਰਵੀ ਕਰਨਗੇ।

## ਜਨ ਜਾਗਰਣ

# ਸਿਹਤ ਦੀ ਅਣਦੇਖੀ

ਇਹ ਅੰਕੜੇ ਬੇਚੈਨ ਕਰਨ ਵਾਲੇ ਹਨ ਕਿ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ ਵਿੱਚ ਕੈਂਸਰ ਨਾਲ ਰੋਜਾਨਾ ਲਗਪਗ 17 ਔਰਤਾਂ ਦੀ ਮੌਤ ਹੁੰਦੀ ਹੈ। ਕੇਂਦਰੀ ਸਿਹਤ ਮੰਤਰਾਲੇ ਵੱਲੋਂ ਹਾਲ ਹੀ ਵਿੱਚ ਰਾਜ ਸਭਾ ਵਿੱਚ ਸਾਂਝੇ ਕੀਤੇ ਗਏ 2021-25 ਦੇ ਅੰਕੜੇ ਅਜਿਹੀ ਪ੍ਰਣਾਲੀ 'ਤੇ ਸਵਾਲ ਖੜ੍ਹਾ ਕਰਦੇ ਹਨ, ਜਿਸ ਵਿੱਚ ਸਾਰੇ ਸੂਬਿਆਂ 'ਚ ਹੀ ਔਰਤਾਂ ਦੀ ਸਿਹਤ ਤਰਜੀਹ ਦੇ ਕੇਂਦਰ ਵਿੱਚ ਨਹੀਂ ਹੁੰਦੀ। ਕੈਂਸਰ ਨਾਲ ਔਰਤਾਂ ਦੀ ਮੌਤ ਦਰ ਵਿੱਚ ਇਹ ਵਾਧਾ ਲਿੰਗਕ ਨਾਬਰਾਬਰੀ ਨੂੰ ਦਰਸਾਉਂਦਾ ਹੈ। ਸਮਾਜਿਕ ਅਣਗਹਿਲੀ, ਜਾਗਰੂਕਤਾ ਦੀ ਘਾਟ ਅਤੇ ਔਰਤਾਂ ਦੀ ਸਿਹਤ ਨੂੰ ਨਜਰਅੰਦਾਜ ਕੀਤੇ ਜਾਣ ਆਦਿ ਕਾਰਨਾਂ ਕਰਕੇ ਇਲਾਜ ਵਿੱਚ ਦੇਰੀ ਇੱਕ ਆਮ ਰੁਝਾਨ ਬਣ ਗਿਆ ਹੈ। ਛਾਤੀ ਅਤੇ ਬੱਚੇਦਾਨੀ ਦੇ ਕੈਂਸਰ ਦੀ ਜਾਂਚ ਲਗਪਗ ਹਰ ਥਾਂ ਅਨਿਯਮਿਤ ਹੈ, ਵੱਡੀ ਗਿਣਤੀ ਆਬਾਦੀ ਨੂੰ ਇਸ ਬਾਰੇ ਜਾਣਕਾਰੀ ਨਹੀਂ ਹੈ ਅਤੇ ਪਹਾੜੀ ਤੇ ਪੇਂਡੂ ਇਲਾਕਿਆਂ ਵਿੱਚ ਇਹ ਜਾਂਚ ਬਹੁਤ ਹੀ ਘੱਟ ਕੀਤੀ ਜਾਂਦੀ ਹੈ। ਕਈ ਵਾਰ ਜਦੋਂ ਤੱਕ ਔਰਤਾਂ ਨੂੰ ਹਸਪਤਾਲ ਲਿਜਾਇਆ ਜਾਂਦਾ ਹੈ, ਉਦੋਂ ਤੱਕ ਇਲਾਜ ਹੋ ਸਕਣ ਦੀ ਸੰਭਾਵਨਾ ਬਹੁਤ ਘੱਟ ਰਹਿ ਜਾਂਦੀ ਹੈ। ਸਿੱਟੇ ਵਜੋਂ ਨਿਰਾਸ਼ਾ ਹੀ ਪੱਲੇ ਪੈਂਦੀ ਹੈ।ਸਿਹਤ ਨੀਤੀ ਇਹ ਸਮਝਣ ਵਿੱਚ ਨਾਕਾਮ ਰਹੀ ਹੈ ਕਿ ਔਰਤਾਂ ਨੂੰ ਵਿੱਤੀ ਨਿਰਭਰਤਾ, ਪਰਿਵਾਰਕ ਜਿਮੇਵਾਰੀਆਂ ਅਤੇ ਇਕੱਲਿਆਂ ਬਾਹਰ ਆਉਣ-ਜਾਣ ਦੀ ਅਸਮਰੱਥਾ ਜਿਹੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਹਾਲਾਂਕਿ, ਸਰਕਾਰੀ ਯੋਜਨਾਵਾਂ ਮੁਫਤ ਜਾਂ ਸਸਤੇ ਇਲਾਜ ਦਾ ਵਾਅਦਾ ਕਰਦੀਆਂ ਹਨ, ਪਰ ਆਉਣ-ਜਾਣ ਤੇ ਦਵਾਈਆਂ ਦਾ ਖਰਚ ਅਤੇ ਘੱਟ ਆਮਦਨ ਵਰਗੇ ਲੁਕਵੇਂ ਤੱਥ ਪਰਿਵਾਰਾਂ ਨੂੰ ਸੰਕਟ ਵਿੱਚ ਪਾ ਦਿੰਦੇ ਹਨ। ਮੁੱਢਲੇ ਸਿਹਤ ਸੰਭਾਲ ਕੇਂਦਰਾਂ ਵਿੱਚ ਲੋੜੀਂਦੀਆਂ ਸਹੂਲਤਾਂ ਦੀ ਘਾਟ ਹੈ ਅਤੇ ਰੈਫਰਲ ਪ੍ਰਣਾਲੀ ਹਰ ਜਿਲ੍ਹੇ ਤੇ ਸੂਬੇ ਵਿੱਚ ਵੱਖੋ-ਵੱਖਰੇ ਢੰਗ ਨਾਲ ਕੰਮ ਕਰਦੀ ਹੈ। ਖੇਤਰੀ ਤਾਲਮੇਲ ਦੀ ਘਾਟ ਇਸ ਸਥਿਤੀ ਨੂੰ ਹੋਰ ਵੀ ਗੰਭੀਰ ਬਣਾ ਦਿੰਦੀ ਹੈ।ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਵਿੱਚ ਉੱਚ ਸਹੂਲਤਾਂ ਵਾਲੇ ਹਸਪਤਾਲਾਂ ਵਿੱਚ ਸਾਰੇ ਸੂਬਿਆਂ ਦੇ ਮਰੀਜਾਂ ਦਾ ਇਲਾਜ ਹੁੰਦਾ ਹੈ, ਪਰ ਫਿਰ ਵੀ ਸਿਹਤ ਯੋਜਨਾਬੰਦੀ ਇਕਸਾਰ ਨਹੀਂ ਹੈ। ਕੈਂਸਰ ਲਈ ਕਿਸੇ ਸੂਬੇ ਦੀਆਂ ਹੱਦਾਂ ਮਾਅਨੇ ਨਹੀਂ ਰੱਖਦੀਆਂ, ਇਸ ਲਈ ਨੀਤੀਗਤ ਹੁੰਗਾਰੇ ਦੇ ਮਾਮਲੇ ਵਿੱਚ ਵੀ ਅਜਿਹਾ ਨਹੀਂ ਹੋਣਾ ਚਾਹੀਦਾ। ਸਾਂਝੀਆਂ ਕੈਂਸਰ ਰਜਿਸਟਰੇਸ਼ਨਾਂ, ਇੱਕ ਤੋਂ ਦੂਜੇ ਸੂਬੇ ਵਿੱਚ ਰੈਫਰਲ ਪ੍ਰਣਾਲੀ, ਸਾਂਝੀਆਂ ਸਕ੍ਰੀਨਿੰਗ ਮੁਹਿੰਮਾਂ ਅਤੇ ਜਾਂਚ ਲਈ ਲੋੜੀਂਦੀ ਮਸ਼ੀਨਰੀ ਦੀ ਸਾਂਝੀ ਖਰੀਦ ਨਾਲ ਨਤੀਜਿਆਂ ਵਿੱਚ ਸੁਧਾਰ ਕੀਤਾ ਜਾ ਸਕਦਾ ਹੈ। ਪਹਾੜੀ ਜਿਲ੍ਹਿਆਂ ਦੀ ਸਿਹਤ ਸੇਵਾਵਾਂ ਤੱਕ ਪਹੁੰਚ ਸੁਖਾਲੀ ਨਹੀਂ। ਖੇਤੀ ਪ੍ਰਧਾਨ ਖੇਤਰ ਪ੍ਰਦੂਸਣ ਨਾਲ ਸਬੰਧਿਤ ਕੈਂਸਰ ਨਾਲ ਜੂਝ ਰਹੇ ਹਨ ਅਤੇ ਸ਼ਹਿਰੀ ਕੇਂਦਰ ਮਰੀਜਾਂ ਦੀ ਵੱਧ ਗਿਣਤੀ ਤੋਂ ਪ੍ਰੇਸ਼ਾਨ ਹਨ। ਇਨ੍ਹਾਂ ਵੱਖੋ-ਵੱਖਰੀਆਂ ਸਮੱਸਿਆਵਾਂ ਲਈ ਇੱਕੋ ਜਿਹੇ ਪ੍ਰੋਗਰਾਮਾਂ ਦੀ ਥਾਂ ਆਪਸ ਵਿੱਚ ਸਹਿਯੋਗ ਕਰਨ ਵਾਲੀਆਂ ਖਿੱਤਾ ਆਧਾਰਿਤ ਰਣਨੀਤੀਆਂ ਦੀ ਲੋੜ ਹੈ।ਕੈਂਸਰ ਕਾਰਨ ਮਰਨ ਵਾਲੀਆਂ ਔਰਤਾਂ ਦੀ ਗਿਣਤੀ ਘਟਾਉਣ ਲਈ ਨਿਰੰਤਰ ਸਕਰੀਨਿੰਗ ਅਤੇ ਸਿਹਤ ਖੇਤਰ ਵਿੱਚ ਸਹਿਯੋਗ ਭਰਪੂਰ ਢਾਂਚੇ ਦੀ ਲੋੜ ਹੈ। ਜਦੋਂ ਤੱਕ ਔਰਤਾਂ ਦੀ ਜਿਦਗੀ ਨੂੰ ਨੀਤੀ ਦੇ ਕੇਂਦਰ ਵਿੱਚ ਨਹੀਂ ਰੱਖਿਆ ਜਾਂਦਾ, ਉਦੋਂ ਤੱਕ ਉਨ੍ਹਾਂ ਦੀਆਂ ਕੀਮਤੀ ਜਾਨਾਂ ਇਸ ਮਹਾਮਾਰੀ ਦੀ ਭੇਟ ਚੜ੍ਹਦੀਆਂ ਰਹਿਣਗੀਆਂ, ਜਿਨ੍ਹਾਂ ਨੂੰ ਬਚਾਇਆ ਜਾ ਸਕਦਾ ਹੈ।

Editor - Charanjeet Singh ( Under PRP act 2023), Printer and Publisher Ravi Bhardwaj for M/S RR MULTIMEDIA PRIVATE LIMITED, Printed from Impressions Printing and Packaging Limited, Plot No- 22, Industrial Area, Phase- II, Panchkula (Haryana), Published from Jalandhar Office- 7/2, Third Floor, Monica Tower, ER- 146, Pucca Bagh, Milap Chowk, Jalandhar City, Punjab.
( RNI No- PUNPUN/2011/44547)

**Chandigarh Head Office** - Jan Jagran Office, Deshsewak Building, First Floor, Baba Sohan Singh Bhakna Bhawan, Sec -29D, Chandigarh

**Punjab Office** - Monica Tower, 7/2, 3rd Floor, Pacca Bagh, Milap Chowk, Jalandhar, Punjab

**Delhi Office** - Shakti Complex, 6/18, Samaypur Industrial Area, Delhi-110042

# ਪ੍ਰਦੂਸ਼ਣ ਵਧਿਆ, ਪਰ ਬਜਟ ਘਟਿਆ

ਜਿੰਨੀ ਤੇਜੀ ਨਾਲ ਮਨੁੱਖ ਤਰੱਕੀ ਕਰ ਰਿਹਾ ਹੈ, ਉਸੇ ਰਫਤਾਰ ਨਾਲ ਬਿਮਾਰੀਆਂ ਵੀ ਵਧ ਰਹੀਆਂ ਹਨ। ਪੰਜਾਬ ਸਮੇਤ ਪੂਰੇ ਦੇਸ ਵਿੱਚ ਪਾਣੀ ਪ੍ਰਦੂਸ਼ਿਤ ਹੁੰਦਾ ਜਾ ਰਿਹਾ ਹੈ। ਭਾਵੇਂ ਸਰਕਾਰਾਂ ਵੱਲੋਂ ਇਸ ਨੂੰ ਸੁੱਧ ਕਰਨ ਲਈ ਕਈ ਤੌਰ-ਤਰੀਕੇ ਵਰਤੇ ਜਾ ਰਹੇ ਹਨ, ਪਰ ਅਸਲ ਗੱਲ ਇਹ ਹੈ ਕਿ ਸਰਕਾਰਾਂ ਸਿਰਫ਼ ਤੇ ਸਿਰਫ਼ ਇਸਤਿਹਾਰਬਾਜੀ 'ਤੇ ਜੋਰ ਦੇ ਰਹੀਆਂ ਨੇ, ਇਸ ਤੋਂ ਇਲਾਵਾ ਅਮਲੀ ਤੌਰ 'ਤੇ ਕੁਝ ਨਜਰ ਨਹੀਂ ਆਉਂਦਾ।ਦਿਨ-ਬ-ਦਿਨ ਦੇਸ਼ ਵਿੱਚ ਹਵਾ ਪ੍ਰਦੂਸਣ, ਜਲ ਪ੍ਰਦੂਸਣ ਅਤੇ ਸੋਰ ਪ੍ਰਦੂਸਣ ਵਧਦਾ ਜਾ ਰਿਹਾ ਹੈ। ਪ੍ਰਦੂਸਣ ਕੰਟਰੋਲ ਕਰਨ ਲਈ ਜਿਹੜੀਆਂ ਸੰਸਥਾਵਾਂ ਬਣਾਈਆਂ ਗਈਆਂ ਹਨ, ਉਹ ਸਿਰਫ਼ ਤੇ ਸਿਰਫ਼ ਖਾਨਾਪੂਰਤੀ ਕਰਕੇ ਹੀ ਡੰਗ ਸਾਰ ਰਹੀਆਂ ਨੇ। ਜੇਕਰ ਇਹ ਸੰਸਥਾਵਾਂ ਕਾਰਗਰ ਢੰਗ ਨਾਲ ਆਪਣਾ ਕੰਮ ਕਰਦੀਆਂ ਹੁੰਦੀਆਂ ਤਾਂ ਅੱਜ ਸਥਿਤੀ ਏਨੀ ਬਦਤਰ ਨਾ ਹੁੰਦੀ। ਪੰਜ ਦਰਿਆਵਾਂ ਦੀ ਧਰਤੀ ਪੰਜਾਬ ਦਾ ਪਾਣੀ ਤਾਂ ਵਿਆਪਕ ਪੱਧਰ ਉੱਤੇ ਦੂਸ਼ਿਤ ਹੁੰਦਾ ਜਾ ਰਿਹਾ ਹੈ।ਇਸ ਕਾਰਨ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਮਨੁੱਖ ਨੂੰ ਖਾ ਰਹੀਆਂ ਹਨ। ਪੰਜਾਬ ਵਿੱਚ ਰੋਜਾਨਾ ਹੀ ਦਰਜਨਾਂ ਲੋਕ ਅਜਿਹੀਆਂ ਭਿਆਨਕ ਬਿਮਾਰੀਆਂ ਨਾਲ ਮਰਦੇ ਹਨ। ਹਾਲਾਂਕਿ ਇਨ੍ਹਾਂ ਬਿਮਾਰੀਆਂ ਦਾ ਇਲਾਜ ਮੌਜੂਦ ਹੈ, ਪਰ ਇਲਾਜ ਕਰਾਉਣ ਲਈ ਲੋਕ ਆਰਥਿਕ ਪੱਖੋਂ ਸਮਰੱਥ ਨਹੀਂ ਹਨ।ਖ਼ੈਰ, ਪ੍ਰਦੂਸਣ ਦਾ ਮਸਲਾ ਬਹੁਤ ਵੱਡਾ ਹੈ। ਪਿਛਲੇ ਦਿਨੀਂ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਵੱਲੋਂ ਬਜਟ ਪੇਸ ਕੀਤਾ ਗਿਆ। ਭਾਵੇਂ ਕਿ ਬਜਟ ਵਿੱਚ ਕੋਈ ਬਹੁਤਾ ਵੱਡਾ ਐਲਾਨ ਨਹੀਂ ਹੋਇਆ, ਪਿਛਲੇ ਸਾਲ ਦਾ ਬਜਟ ਹੀ ਦੁਹਰਾਇਆ ਗਿਆ ਅਤੇ ਕਈ ਚੀਜਾਂ ਤਾਂ ਪਿਛਲੇ ਸਾਲ ਨਾਲੋਂ ਵੀ ਘਟਾ ਦਿੱਤੀਆਂ ਗਈਆਂ ਜਾਂ ਮੰਨ ਕੇ ਚੱਲੋ ਕਿ ਕਟੌਤੀ ਕਰ ਦਿੱਤੀ ਗਈ ਹੈ। ਸਿੱਖਿਆ ਤੇ ਸਿਹਤ ਬਜਟ ਵਿੱਚ ਕੋਈ ਬਹੁਤਾ ਵਾਧਾ ਨਹੀਂ ਹੋਇਆ। ਅੱਜ ਦੇਸ਼ ਵਿੱਚ ਪ੍ਰਦੂਸ਼ਣ ਇੱਕ ਵੱਡੀ ਸਮੱਸਿਆ ਬਣ ਚੁੱਕਾ ਹੈ। ਭਾਵੇਂ ਵਿਰੋਧੀ ਧਿਰਾਂ ਸਰਕਾਰ ਨੂੰ ਪ੍ਰਦੂਸਣ ਦੇ ਮਸਲੇ 'ਤੇ ਲੋਕ ਸਭਾ ਅਤੇ ਰਾਜ ਸਭਾ ਦੇ ਅੰਦਰ ਅਤੇ ਬਾਹਰ ਦੋਵਾਂ ਥਾਵਾਂ 'ਤੇ ਘੇਰ ਰਹੀਆਂ ਹਨ, ਪਰ ਅਸਲ ਗੱਲ ਇਹ ਹੈ ਕਿ ਵਿਰੋਧੀ ਧਿਰਾਂ ਵੱਲੋਂ ਬਜਟ ਵਿੱਚ ਪ੍ਰਦੂਸਣ ਕੰਟਰੋਲ 'ਤੇ ਇੱਕ ਸਬਦ ਤੱਕ ਨਹੀਂ ਬੋਲਿਆ ਗਿਆ। ਜਾਣਕਾਰੀ ਮੁਤਾਬਿਕ, ਇਸ ਵਿੱਤੀ ਸਾਲ ਵਿੱਚ ਪ੍ਰਦੂਸਣ ਕੰਟਰੋਲ ਕਰਨ ਵਾਸਤੇ 1,091 ਕਰੋੜ ਰੁਪਏ ਰੱਖੇ ਗਏ ਹਨ, ਜੋ ਕਿ ਪਿਛਲੇ ਸਾਲ ਨਾਲੋਂ ਕਾਫ਼ੀ ਘੱਟ ਹਨ। ਮੀਡੀਆ ਰਿਪੋਰਟਾਂ ਦੀ ਮੰਨੀਏ ਤਾਂ ਲੰਘੇ ਸਾਲ ਇਹ ਬਜਟ 1,300 ਕਰੋੜ ਰੁਪਏ ਸੀ।ਇਸ ਤੋਂ ਸਾਫ਼ ਨਜਰ ਆਉਂਦਾ ਹੈ ਕਿ ਸਰਕਾਰ ਪ੍ਰਦੂਸਣ ਕੰਟਰੋਲ ਕਰਨ ਲਈ ਕਿੰਨੀ ਕੁ ਸੁਹਿਰਦ ਹੈ। ਬੇਸੱਕ, ਲੋਕ ਵੀ ਪ੍ਰਦੂਸਣ ਲਈ ਵੱਡੇ ਪੱਧਰ 'ਤੇ ਜਿੰਮੇਵਾਰ ਨੇ, ਪਰ ਲੋਕਾਂ ਨੂੰ ਜਾਗਰੂਕ ਕਰਨਾ ਤੇ ਹਿੱਤਧਾਰਕਾਂ ਨਾਲ ਸਹਿਮਤੀ ਬਣਾਉਣਾ ਸਰਕਾਰ ਦਾ ਕੰਮ ਹੈ। ਵਾਤਾਵਰਨ ਮਾਹਿਰਾਂ ਦਾ ਕਹਿਣਾ ਹੈ ਕਿ ਇਹ ਸਥਿਤੀ ਦੇਸ ਵਾਸੀਆਂ ਲਈ



'ਦੋਹਰਾ ਝਟਕਾ' ਹੈ। ਇੱਕ ਪਾਸੇ, ਬਜਟ ਵਿੱਚ ਲਗਾਤਾਰ ਕਟੌਤੀ ਕੀਤੀ ਜਾ ਰਹੀ ਹੈ ਅਤੇ ਦੂਜੇ ਪਾਸੇ, ਸਰਕਾਰੀ ਮਸੀਨਰੀ ਉਪਲਬਧ ਫੰਡਾਂ ਦੀ ਵਰਤੋਂ ਕਰਨ ਵਿੱਚ ਪੂਰੀ ਤਰ੍ਹਾਂ ਬੇਅਸਰ ਸਾਬਤ ਹੋ ਰਹੀ ਹੈ।ਮਾਹਿਰਾਂ ਅਨੁਸਾਰ ਇਹ ਬਜਟ ਕਟੌਤੀ ਅਜਿਹੇ ਸਮੇਂ ਆਈ ਹੈ, ਜਦੋਂ ਪ੍ਰਦੂਸਣ ਨਾਲ ਸਬੰਧਿਤ ਬਿਮਾਰੀਆਂ ਅਤੇ ਮੌਤਾਂ ਤੇਜੀ ਨਾਲ ਵਧ ਰਹੀਆਂ ਹਨ। ਇੱਥੇ ਜਿਕਰ ਕਰਨਾ ਬਣਦਾ ਹੈ ਕਿ ਪ੍ਰਦੂਸਣ ਹਾਲ ਹੀ ਵਿੱਚ ਲੋਕਾਂ ਦੇ ਜੀਵਨ ਅਤੇ ਰੋਜੀ-ਰੋਟੀ ਲਈ ਇੱਕ ਵੱਡੇ ਖ਼ਤਰੇ ਵਜੋਂ ਉੱਭਰਿਆ ਹੈ। ਦੇਸ ਅੰਦਰ ਲਗਾਤਾਰ ਵਧ ਰਹੇ ਪ੍ਰਦੂਸਣ ਕਾਰਨ ਜਿੱਥੇ ਕਈ ਥਾਵਾਂ 'ਤੇ ਕੰਮਕਾਜੀ ਥਾਵਾਂ ਨੂੰ ਬੰਦ ਕਰਨ ਦੀ ਨੌਬਤ ਆ ਚੁੱਕੀ ਹੈ, ਉੱਥੇ ਹੀ ਦੂਜੇ ਪਾਸੇ ਵਿੱਦਿਅਕ ਅਦਾਰੇ ਵੀ ਬੰਦ ਰਹੇ ਹਨ। ਹਵਾ ਵਿੱਚ ਮੌਜੂਦ ਜਹਿਰੀਲੇ ਤੱਤ ਹੌਲੀ-ਹੌਲੀ ਨਾ ਸਿਰਫ ਫੇਫੜਿਆਂ ਅਤੇ ਦਿਲ ਨੂੰ, ਸਗੋਂ ਦਿਮਾਗ ਨੂੰ ਵੀ ਨੁਕਸਾਨ ਪਹੁੰਚਾ ਰਹੇ ਹਨ। ਸਵੀਡਨ ਦੇ ਕੈਰੋਲਿੰਸਕਾ ਇੰਸਟੀਚਿਊਟ ਦੇ ਵਿਗਿਆਨੀਆਂ ਦੁਆਰਾ ਕੀਤੇ ਗਏ ਇੱਕ ਨਵੇਂ ਅਧਿਐਨ ਵਿੱਚ ਇਹ ਖੁਲਾਸਾ ਹੋਇਆ ਹੈ ਕਿ ਪ੍ਰਦੂਸ਼ਿਤ ਹਵਾ ਦੇ ਲੰਮੇ ਸਮੇਂ ਤੱਕ ਸੰਪਰਕ ਵਿੱਚ ਰਹਿਣ ਨਾਲ ਦਿਮਾਗ ਅਤੇ ਨਸਾਂ ਨਾਲ ਸਬੰਧਿਤ ਗੰਭੀਰ ਬਿਮਾਰੀਆਂ ਦਾ ਖਤਰਾ ਵਧ ਸਕਦਾ ਹੈ। ਇਸ ਅਧਿਐਨ ਦੇ ਨਤੀਜੇ ਵੱਕਾਰੀ ਮੈਡੀਕਲ ਜਰਨਲ 'ਜਾਮਾ ਨਿਊਰੋਲੋਜੀ' ਵਿੱਚ ਪ੍ਰਕਾਸ਼ਿਤ ਕੀਤੇ ਗਏ ਹਨ। ਆਪਣੇ ਅਧਿਐਨ ਵਿੱਚ ਖੋਜਕਰਤਾਵਾਂ ਨੇ ਹਵਾ ਪ੍ਰਦੂਸਣ ਅਤੇ ਐਮੀਓਟ੍ਰੋਫਿਕ ਲੈਟਰਲ ਸਕਲੇਰੋਸਿਸ ਵਰਗੀਆਂ ਬਿਮਾਰੀਆਂ ਵਿਚਾਲੇ ਇੱਕ ਖਤਰਨਾਕ ਸਬੰਧ ਦਾ ਪਤਾ ਲਾਇਆ ਹੈ।ਜਿਕਰਯੋਗ ਹੈ ਕਿ ਐਮੀਓਟ੍ਰਫਿਕ ਲੈਟਰਲ ਸਕਲੇਰੋਸਿਸ ਮੋਟਰ ਨਿਊਰੋਨ ਬਿਮਾਰੀ ਦਾ ਸਭ ਤੋਂ ਭਿਆਨਕ ਰੂਪ ਹੈ, ਜੋ ਕਿ ਲਗਭਗ 85 ਤੋਂ 90 ਪ੍ਰਤੀਸਤ ਮਾਮਲਿਆਂ ਵਿੱਚ ਹੁੰਦਾ ਹੈ। ਹਵਾ ਪ੍ਰਦੂਸਣ ਦੇ ਨਾਲ ਫੈਲਣ ਵਾਲੀ ਇਸ ਬਿਮਾਰੀ ਕਾਰਨ ਮਾਸਪੇਸੀਆਂ ਸੁੰਗੜਨ ਲੱਗਦੀਆਂ ਹਨ, ਹੱਡੀਆਂ ਕਮਜੋਰ ਹੋ ਜਾਂਦੀਆਂ ਹਨ ਅਤੇ ਇਹ ਅਧਰੰਗ ਦਾ ਕਾਰਨ ਵੀ ਬਣ ਸਕਦੀ ਹੈ।ਹਵਾ ਪ੍ਰਦੂਸਣ ਕਾਰਨ ਫੈਲਦੀਆਂ ਬਿਮਾਰੀਆਂ ਵੱਲ ਧਿਆਨ ਦੇਣ ਦੀ ਬਜਾਏ ਕਿਸਾਨਾਂ ਨੂੰ ਭੰਡਿਆ ਜਾਂਦਾ ਹੈ। ਰਾਜਨੀਤਕ ਧਿਰਾਂ ਪਰਾਲੀ ਦੀ ਰਹਿੰਦ-ਖੂੰਹਦ ਉੱਤੇ ਸਿਆਸਤ ਕਰਦੀਆਂ ਹਨ। ਜਦੋਂਕਿ ਸਰਕਾਰ ਦੀ ਇਹ ਤਰਜੀਹ ਹੋਣੀ ਚਾਹੀਦੀ ਹੈ ਕਿ ਪ੍ਰਦੂਸਣ ਦੇ ਮੁੱਖ ਸਰੋਤਾਂ ਨੂੰ ਕੰਟਰੋਲ ਕਰਨ ਲਈ ਬਜਟ ਵਿੱਚ ਢੁੱਕਵਾਂ ਪ੍ਰਬੰਧ ਕਰੇ ਤਾਂ ਜੋ ਇਸ ਨਾਲ ਹੁੰਦਾ ਨੁਕਸਾਨ ਰੋਕਿਆ ਜਾ ਸਕੇ।

-ਗੁਰਪ੍ਰੀਤ

# ਸਿਆਸੀ ਧਿਰਾਂ 'ਚ ਸੰਵਾਦ ਲਾਜ਼ਮੀ

ਲੋਕ ਸਭਾ ਵਿੱਚ ਬਜਟ 'ਤੇ ਹੋਣ ਵਾਲੀ ਚਰਚਾ ਸਮੇਂ ਪਿਆ ਵਿਘਨ ਹੁਣ ਦੂਰ ਹੋ ਗਿਆ ਹੈ। ਹਾਲਾਂਕਿ, ਸਪੀਕਰ ਓਮ ਬਿਰਲਾ ਵਿਰੁੱਧ ਵਿਰੋਧੀ ਧਿਰ ਵੱਲੋਂ ਬੇਭਰੋਸਗੀ ਦੇ ਮਤੇ ਨਾਲ ਤਲਖੀ ਦਾ ਇੱਕ ਨਵਾਂ ਅਧਿਆਇ ਸੁਰੂ ਹੋ ਗਿਆ ਹੈ। ਲੋਕ ਸਭਾ ਦੇ ਇਸ ਸੈਸ਼ਨ ਦੌਰਾਨ ਵਿਰੋਧੀ ਧਿਰ ਸਪੀਕਰ ਓਮ ਬਿਰਲਾ 'ਤੇ ਦੋਸ ਲਗਾਉਂਦੀ ਰਹੀ ਹੈ ਕਿ ਉਹ ਵਿਰੋਧੀ ਧਿਰ ਨੂੰ ਸਦਨ ਵਿੱਚ ਬੋਲਣ ਲਈ ਲੋੜੀਂਦਾ ਸਮਾਂ ਨਹੀਂ ਦੇ ਰਹੇ। ਇਸ ਬਜਟ ਸੈਸਨ ਦੀ ਸੁਰੂਆਤ ਤੋਂ ਹੀ ਕਾਂਗਰਸ ਪਾਰਟੀ ਖਾਸ ਤੌਰ 'ਤੇ ਇਸ ਗੱਲ ਤੋਂ ਨਾਰਾਜ ਚਲੀ ਆ ਰਹੀ ਹੈ ਕਿ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੂੰ ਬੋਲਣ ਦੀ ਇਜਾਜਤ ਨਹੀਂ ਦਿੱਤੀ ਗਈ।ਰਾਹੁਲ ਗਾਂਧੀ ਸਾਬਕਾ ਫੌਜ ਮੁਖੀ ਜਨਰਲ ਮਨੋਜ ਮੁਕੁੰਦ ਨਰਵਣੇ ਦੀ ਕਿਤਾਬ 'ਫੋਰ ਸਟਾਰਜ ਔਫ ਡੈਸਟਿਨੀ' ਦੇ ਅੰਸਾਂ ਬਾਰੇ ਸਦਨ 'ਚ ਚਰਚਾ ਕਰਨੀ ਚਾਹੁੰਦੇ ਸਨ। ਇਹ ਕਿਤਾਬ ਜਨਤਕ ਤੌਰ 'ਤੇ ਉਪਲਬਧ ਨਹੀਂ ਹੈ। ਰੱਖਿਆ ਮੰਤਰਾਲੇ ਤੋਂ ਇਸ ਨੂੰ ਹਾਲੇ ਪ੍ਰਵਾਨਗੀ ਦੀ ਉਡੀਕ ਹੈ। ਜਨਰਲ ਨਰਵਣੇ ਨੇ ਕਿਹਾ ਹੈ ਕਿ ਪ੍ਰਕਾਸਕਾਂ ਨੇ ਇਸ ਨੂੰ ਪ੍ਰਵਾਨਗੀ ਲਈ ਰੱਖਿਆ ਮੰਤਰਾਲੇ ਨੂੰ ਭੇਜਿਆ ਸੀ। ਸ੍ਰੀ ਗਾਂਧੀ ਨੇ ਸੰਸਦ ਵਿੱਚ ਇਸ ਕਿਤਾਬ ਦੀ ਇੱਕ ਕਾਪੀ ਪ੍ਰਦਰਸ਼ਿਤ ਕੀਤੀ। ਕਿਤਾਬ ਦੀਆਂ ਸੌਫਟ ਕਾਪੀਆਂ ਔਨਲਾਈਨ ਉਪਲਬਧ ਹਨ। ਦਿੱਲੀ ਪੁਲੀਸ ਨੇ ਇਹ ਜਾਂਚ ਕਰਨ ਲਈ ਐੱਫ ਆਈ ਆਰ ਦਰਜ ਕੀਤੀ ਹੈ ਕਿ ਜਦੋਂ ਕਿਤਾਬ ਦੀ ਪ੍ਰਕਾਸਨਾ ਲਈ ਮਨਜੂਰੀ ਨਹੀਂ ਮਿਲੀ ਤਾਂ ਇਹ ਔਨਲਾਈਨ ਪਲੈਟਫਾਰਮਾਂ 'ਤੇ ਕਿਵੇਂ ਉਪਲਬਧ ਹੈ।ਸਰਕਾਰ ਨੇ ਲੋਕ ਸਭਾ ਵਿੱਚ ਇਹ ਪੱਖ ਰੱਖਿਆ ਹੈ ਕਿ ਸ੍ਰੀ ਗਾਂਧੀ ਉਸ ਕਿਤਾਬ ਦਾ ਜਿਕਰ ਨਹੀਂ ਕਰ ਸਕਦੇ, ਜਿਸ ਦੀ ਪ੍ਰਕਾਸਨਾ ਲਈ ਮਨਜੂਰੀ ਨਹੀਂ ਦਿੱਤੀ ਗਈ। ਇਹ ਗੱਲ ਤਕਨੀਕੀ ਤੌਰ 'ਤੇ ਸਹੀ ਹੋ ਸਕਦੀ ਹੈ, ਪਰ ਇਹ ਵੀ ਪਤਾ ਹੀ ਹੋਵੇਗਾ ਕਿ 2020 ਵਿੱਚ ਪੂਰਬੀ ਲੱਦਾਖ ਵਿੱਚ ਭਾਰਤ-ਚੀਨ ਦੀਆਂ ਝੜਪਾਂ ਬਾਰੇ ਜਨਰਲ ਨਰਵਣੇ ਦੀ ਕਿਤਾਬ ਵਿੱਚ ਜੋ ਲਿਖਿਆ ਸੀ, ਉਹ ਇੰਟਰਨੈੱਟ 'ਤੇ ਦੇਖਿਆ ਜਾ ਸਕਦਾ ਹੈ। ਇਉਂ ਸਰਕਾਰ ਦਾ ਦ੍ਰਿਸਟੀਕੋਣ ਜਾਣੇ ਬਿਨਾਂ ਬਹੁਤ




ਸਾਰੇ ਲੋਕ ਇਸ ਬਾਰੇ ਆਪਣੀ ਰਾਇ ਬਣਾ ਲੈਣਗੇ।ਯਾਦਾਂ ਬਾਰੇ ਇੱਕ ਤਰਕ ਦਿੱਤਾ ਜਾ ਸਕਦਾ ਹੈ।ਸੰਵੇਦਨਸੀਲ ਅਤੇ ਸੀਨੀਅਰ ਅਹੁਦਿਆਂ 'ਤੇ ਰਹੇ ਫੌਜੀ ਅਤੇ ਪ੍ਰਸ਼ਾਸਕੀ ਅਧਿਕਾਰੀਆਂ ਨੂੰ ਆਪਣੀਆਂ ਯਾਦਾਂ ਲਿਖਦੇ ਸਮੇਂ ਗੁਪਤ ਜਾਣਕਾਰੀ ਸਾਂਝੀ ਕਰਨ ਦੀ ਲਾਲਸਾ ਤੋਂ ਬਚਣਾ ਚਾਹੀਦਾ ਹੈ। ਉਨ੍ਹਾਂ ਨੂੰ ਇਸ ਗੱਲੋਂ ਵੀ ਚੇਤੰਨ ਰਹਿਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਸੇਵਾਕਾਲ ਦੌਰਾਨ ਸਿਆਸੀ ਲੀਡਰਸ਼ਿਪ ਨਾਲ ਉਨ੍ਹਾਂ ਦੀ ਗੱਲਬਾਤ ਹਮੇਸਾ ਵਿਸਵਾਸ ਦੇ ਆਧਾਰ 'ਤੇ ਹੁੰਦੀ ਸੀ। ਇਹ ਮਾਣ ਅਤੇ ਜਿਮੇਵਾਰੀ ਵਾਲੀ ਗੱਲ ਹੈ ਕਿ ਸੇਵਾਕਾਲ ਦੌਰਾਨ ਜਾਂ ਸੇਵਾਮੁਕਤੀ ਮਗਰੋਂ ਵੀ ਫੌਜੀ ਅਤੇ ਸਿਵਿਲ ਪ੍ਰਸ਼ਾਸਕੀ ਅਧਿਕਾਰੀਆਂ ਅਤੇ ਸਿਆਸੀ ਲੀਡਰਸ਼ਿਪ ਦਰਮਿਆਨ ਵਿਸਵਾਸ ਕਾਇਮ ਰੱਖਿਆ ਜਾਵੇ। ਜੇਕਰ ਕੈਬਨਿਟ ਕਮੇਟੀ ਦੀਆਂ ਮੀਟਿੰਗਾਂ ਜਾਂ ਫੈਸਲੇ ਲੈਣ ਦੀਆਂ ਪ੍ਰਕਿਰਿਆਵਾਂ, ਖਾਸਕਰ ਰਾਸਟਰੀ ਸੁਰੱਖਿਆ ਨਾਲ ਜੁੜੇ ਵੇਰਵੇ ਜਨਤਕ ਹੋ ਜਾਣ ਤਾਂ ਸਿਸਟਮ ਨੂੰ ਭਾਰੀ ਨੁਕਸਾਨ ਪੁੱਜੇਗਾ। ਜੇਕਰ ਇਨ੍ਹਾਂ ਅਧਿਕਾਰੀਆਂ ਨੂੰ ਜਾਪਦਾ ਹੈ ਕਿ ਸਿਆਸੀ ਆਗੂਆਂ ਨੇ ਉਦੋਂ ਕੋਈ ਗਲਤੀ ਕੀਤੀ ਜਾਂ ਉਨ੍ਹਾਂ ਨੂੰ ਨੀਵਾਂ ਦਿਖਾਇਆ ਸੀ ਤਾਂ ਵੀ ਉਨ੍ਹਾਂ ਨੂੰ ਸੇਵਾਮੁਕਤੀ ਮਗਰੋਂ ਵਿਸਵਾਸ ਤੋੜਨ ਦੀ ਆਜਾਦੀ ਨਹੀਂ।ਸੀਨੀਅਰ ਫੌਜੀ ਅਤੇ ਸਿਵਿਲ ਪ੍ਰਸ਼ਾਸਕੀ ਅਧਿਕਾਰੀਆਂ ਨੂੰ ਆਪਣੇ ਫਰਜਾਂ ਤੇ ਅਧਿਕਾਰ ਖੇਤਰ ਬਾਰੇ ਚੇਤੰਨ ਹੋਣਾ ਚਾਹੀਦਾ ਹੈ। ਇਸ ਲਈ ਸਿਵਿਲ ਪ੍ਰਸ਼ਾਸਕੀ ਅਧਿਕਾਰੀਆਂ ਨੂੰ ਇਸ ਗੱਲੋਂ ਚੇਤੰਨ ਹੋਣਾ ਚਾਹੀਦਾ ਹੈ ਕਿ ਸਿਆਸੀ ਆਗੂਆਂ ਵੱਲੋਂ ਦਿੱਤੇ ਗਏ ਹੁਕਮਾਂ ਦੀ ਵਿਆਖਿਆ ਉਨ੍ਹਾਂ (ਅਧਿਕਾਰੀਆਂ) ਦੀਆਂ ਜਿੰਮੇਵਾਰੀਆਂ ਦੇ ਦਾਇਰੇ ਵਿੱਚ ਕੀਤੀ ਜਾਣੀ ਚਾਹੀਦੀ ਹੈ। ਇਸ ਦੇ ਨਾਲ ਹੀ ਫੌਜੀ ਅਧਿਕਾਰੀਆਂ ਨੂੰ ਸਿਆਸੀ ਲੀਡਰਸ਼ਿਪ ਦੇ ਫੈਸਲਿਆਂ ਜਾਂ ਸਲਾਹਾਂ ਨੂੰ ਆਪਣੀਆਂ ਫੌਜੀ ਜਿਮੇਵਾਰੀਆਂ ਦੀ ਰੌਸ਼ਨੀ ਵਿੱਚ ਵਿਚਾਰਨਾ ਚਾਹੀਦਾ ਹੈ। ਉਹ ਇਨ੍ਹਾਂ ਨੂੰ ਕਿਸੇ ਹੋਰ ਦ੍ਰਿਸਟੀਕੋਣ ਤੋਂ ਨਹੀਂ ਦੇਖ ਸਕਦੇ। ਇਸ ਲਈ ਜੇਕਰ ਕੋਈ ਮਾਮਲਾ ਉਨ੍ਹਾਂ ਦੀ ਸੂਝ-ਬੂਝ 'ਤੇ ਛੱਡ ਦਿੱਤਾ ਜਾਂਦਾ ਹੈ ਤਾਂ ਉਨ੍ਹਾਂ ਨੂੰ ਇਸ ਦੀ ਵਿਆਖਿਆ ਸਿਰਫ ਆਪਣੇ ਫੌਜੀ ਫਰਜਾਂ ਦੇ ਸੰਦਰਭ ਵਿੱਚ ਕਰਨੀ ਚਾਹੀਦੀ ਹੈ, ਕੂਟਨੀਤਕ ਤੇ ਰਾਜਨੀਤਕ ਖੇਤਰਾਂ ਮੁਤਾਬਿਕ ਨਹੀਂ। ਇਹ ਸਟੇਟ ਦੀਆਂ ਕੂਟਨੀਤਕ ਤੇ ਰਾਜਨੀਤਕ ਸੰਸਥਾਵਾਂ ਦਾ ਖੇਤਰ ਹੈ। ਅਜਿਹੇ ਹਾਲਾਤ ਵਿੱਚ ਫੌਜੀ ਅਧਿਕਾਰੀਆਂ ਨੂੰ ਇਹ ਮੰਨਣਾ ਚਾਹੀਦਾ ਹੈ ਕਿ ਸਿਆਸੀ ਲੀਡਰਸ਼ਿਪ ਨੇ ਦੇਸ਼ ਦੇ ਕੂਟਨੀਤਕ ਅਤੇ ਰਾਜਨੀਤਕ ਹਿੱਤਾਂ ਨੂੰ ਧਿਆਨ ਵਿੱਚ ਰੱਖਦਿਆਂ ਹੀ ਅਗਲਾ ਫੈਸਲਾ ਫੌਜੀ ਅਧਿਕਾਰੀਆਂ 'ਤੇ ਛੱਡਿਆ ਹੋਵੇਗਾ।ਲੋਕ ਸਭਾ ਵਿੱਚ ਹਾਲ ਹੀ ਵਿੱਚ ਪੈਦਾ ਹੋਇਆ ਜਮੂਦ ਅਤੇ ਸਪੀਕਰ ਓਮ ਬਿਰਲਾ ਖਿਲਾਫ ਮਤਾ ਇੱਕ ਵਾਰ ਫਿਰ ਸਿਆਸੀ ਜਮਾਤ ਦੇ ਵੱਖ-ਵੱਖ ਹਿੱਸਿਆਂ ਦਰਮਿਆਨ ਸੰਵਾਦ ਦੀ ਘਾਟ ਨੂੰ ਉਜਾਗਰ ਕਰਦਾ ਹੈ। ਦਰਅਸਲ, ਸੰਸਦ ਦੇ ਸੈਸਨਾਂ ਦੌਰਾਨ ਆਗੂਆਂ ਦਾ ਕੁਝ ਹੱਦ ਤੱਕ ਆਪਸੀ ਸੰਪਰਕ ਜਰੂਰ ਹੁੰਦਾ ਹੈ, ਜਿਸ ਨਾਲ ਸੰਸਦ ਸੁਚਾਰੂ ਰੂਪ ਵਿੱਚ ਕੰਮ ਕਰ ਸਕੇ।ਹਾਲਾਂਕਿ, ਮੁੱਦਿਆਂ 'ਤੇ ਸੰਵਾਦ ਦੀ ਘਾਟ ਪ੍ਰਤੱਖ ਹੈ। ਇਹ ਬੀਤੇ ਸਮਿਆਂ ਦੇ ਉਲਟ ਵਰਤਾਰਾ ਹੈ। ਸਾਬਕਾ ਸਿਵਿਲ ਪ੍ਰਸ਼ਾਸਕੀ ਅਧਿਕਾਰੀਆਂ ਨੂੰ ਯਾਦ ਹੋਵੇਗਾ ਕਿ ਸਰਕਾਰ ਅਤੇ ਵਿਰੋਧੀ ਧਿਰ ਦੇ ਆਗੂ ਰਾਸਟਰੀ ਅਹਿਮੀਅਤ ਦੇ ਮੁੱਦਿਆਂ 'ਤੇ ਇੱਕ-ਦੂਜੇ ਨਾਲ ਲਗਾਤਾਰ ਸੰਪਰਕ ਵਿੱਚ ਰਹਿੰਦੇ ਸਨ। ਇਸ ਲੇਖਕ ਨੂੰ ਆਪਣੇ ਕੂਟਨੀਤਕ ਪੇਸ਼ੇਵਰ ਜੀਵਨ ਦੇ ਉਹ ਵੇਲੇ ਯਾਦ ਹਨ, ਜਦੋਂ ਸਰਕਾਰ ਵੱਡੀਆਂ ਕੂਟਨੀਤਕ ਪੇਸ਼ਕਦਮੀਆਂ ਤੋਂ ਪਹਿਲਾਂ ਜਾਂ ਦੇਸ ਨੂੰ ਅਚਾਨਕ ਦਰਪੇਸ਼ ਕਿਸੇ ਸੰਕਟ ਸਮੇਂ ਵਿਰੋਧੀ ਧਿਰ ਦੇ ਆਗੂਆਂ ਨੂੰ ਬਾਕਾਇਦਾ ਜਾਣਕਾਰੀ ਦਿੰਦੀ ਸੀ।ਅਜਿਹਾ ਇਸ ਲਈ ਨਹੀਂ ਸੀ ਕੀਤਾ ਜਾਂਦਾ ਕਿਉਂਕਿ ਅਜਿਹੀ ਪਹੁੰਚ ਨਾਲ ਉਨ੍ਹਾਂ ਮੁੱਦਿਆਂ ਕਾਰਨ ਆਉਣ ਵਾਲੇ ਸਿਆਸੀ ਉਤਰਾਅ-ਚੜ੍ਹਾਅ ਰੁਕ ਸਕਦੇ ਸਨ, ਸਗੋਂ ਜਾਣਕਾਰੀ ਇਸ ਲਈ ਸਾਂਝੀ ਕੀਤੀ ਜਾਂਦੀ ਸੀ ਕਿਉਂਕਿ ਇਸ ਦਾ ਮਕਸਦ ਸਿਆਸੀ ਜਮਾਤ ਦੇ ਸਾਰੇ ਵਰਗਾਂ ਨੂੰ ਇਨ੍ਹਾਂ ਮੁੱਦਿਆਂ ਨਾਲ ਜੁੜੀਆਂ ਚੁਣੌਤੀਆਂ ਅਤੇ ਮੌਕਿਆਂ ਬਾਰੇ ਜਾਣਕਾਰੀ ਦੇਣਾ ਹੁੰਦਾ ਸੀ। ਕੁਝ ਮਾਮਲਿਆਂ ਵਿੱਚ ਸੱਤਾ ਅਤੇ ਵਿਰੋਧੀ ਧਿਰ ਦੇ ਆਗੂਆਂ ਨੇ ਇੱਕ-ਦੂਜੇ ਨਾਲ ਸਿੱਧੇ ਤੌਰ 'ਤੇ ਗੱਲ ਕੀਤੀ, ਜਦੋਂਕਿ ਕਈ ਮਾਮਲਿਆਂ ਵਿੱਚ ਉਨ੍ਹਾਂ ਨੇ ਭਰੋਸੇਯੋਗ ਸਹਾਇਕਾਂ ਰਾਹੀਂ ਰਾਬਤਾ ਕੀਤਾ। ਸੱਤਾਧਾਰੀ ਅਤੇ ਵਿਰੋਧੀ ਧਿਰਾਂ ਦਰਮਿਆਨ ਹੁਣ ਲਗਭਗ ਰੋਜਾਨਾ ਦਿਸਣ ਵਾਲੀ ਕੁੜੱਤਣ, ਵੈਰ-ਭਾਵ ਅਤੇ ਨਿੰਦਾ ਦਰਸਾਉਂਦੀ ਹੈ ਕਿ ਆਪਸੀ ਸੰਵਾਦ ਜਾਂ ਤਾਂ ਗੈਰਹਾਜਰ ਹੈ ਜਾਂ ਫਿਰ ਓਨਾ ਨਹੀਂ, ਜਿੰਨਾ ਹੋਣਾ ਚਾਹੀਦਾ ਹੈ। ਇਹ ਦੇਸ ਦੇ ਹਿੱਤਾਂ ਲਈ ਨੁਕਸਾਨਦੇਹ ਹੈ ਕਿਉਂਕਿ ਦੇਸ ਨੂੰ ਗੰਭੀਰ ਰਣਨੀਤਕ ਚੁਣੌਤੀਆਂ ਦਰਪੇਸ਼ ਹਨ।ਸੱਤਾਧਾਰੀ ਅਤੇ ਵਿਰੋਧੀ ਧਿਰ ਦਰਮਿਆਨ ਸੰਵਾਦ ਦੀ ਘਾਟ ਰਾਹੁਲ ਗਾਂਧੀ ਵੱਲੋਂ ਨਰਵਣੇ ਦੀ ਕਿਤਾਬ ਦੇ ਹਵਾਲੇ ਤੋਂ ਸਪੱਸਟ ਹੈ। ਜਦੋਂ ਰਾਹੁਲ ਗਾਂਧੀ ਨੇ ਪਹਿਲੀ ਵਾਰ ਇਸ ਦਾ ਜਿਕਰ ਕੀਤਾ ਤਾਂ ਸਰਕਾਰ ਉਸ ਨੂੰ ਦੱਸ ਸਕਦੀ ਸੀ ਕਿ ਉਹ ਇਸ ਕਿਤਾਬ 'ਤੇ ਕਿਸੇ ਵੀ ਤਰ੍ਹਾਂ ਦੀ ਚਰਚਾ ਲਈ ਸਹਿਮਤੀ ਨਹੀਂ ਦੇ ਸਕਦੀ। ਸਰਕਾਰ ਇਹ ਵੀ ਦੱਸ ਸਕਦੀ ਸੀ ਕਿ ਕਿਤਾਬ ਨੂੰ ਕਿਨ੍ਹਾਂ ਕਾਰਨਾਂ ਕਰਕੇ ਮਨਜੂਰੀ ਨਹੀਂ ਸੀ ਦਿੱਤੀ ਜਾ ਸਕਦੀ। ਇਹ ਉਸ ਨੂੰ ਭਰੋਸੇ 'ਚ ਲੈਂਦਿਆਂ ਪੂਰਬੀ ਲੱਦਾਖ ਵਿੱਚ ਅਹਿਮ ਘਟਨਾਵਾਂ ਬਾਰੇ ਸੂਚਿਤ ਕਰ ਸਕਦੀ ਸੀ, ਜਿਨ੍ਹਾਂ ਬਾਰੇ ਇਸ ਕਿਤਾਬ ਵਿੱਚ ਵੀ ਜਿਕਰ ਕੀਤਾ ਗਿਆ ਹੈ। ਆਖਰਕਾਰ, ਸਾਰੇ ਸਿਆਸਤਦਾਨ ਰਾਸਟਰ ਦੇ ਹਿੱਤਾਂ ਲਈ ਵਚਨਬੱਧ ਹਨ। ਉਹ ਸਾਰੇ ਜਾਣਦੇ ਹਨ ਕਿ ਕੀ ਖੁਲਾਸਾ ਕੀਤਾ ਜਾ ਸਕਦਾ ਹੈ ਅਤੇ ਕੀ ਗੁਪਤ ਰੱਖਿਆ ਜਾਣਾ ਚਾਹੀਦਾ ਹੈ।ਮੈਂ ਅਕਸਰ ਸਾਬਕਾ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਦੀ ਪ੍ਰਧਾਨਗੀ ਵਾਲੀ ਵਿਦੇਸ ਮਾਮਲਿਆਂ ਦੀ ਸਥਾਈ ਕਮੇਟੀ ਵਿੱਚ ਵਾਪਰੀ ਇੱਕ ਘਟਨਾ ਨੂੰ ਯਾਦ ਕਰਦਾ ਹਾਂ, ਜਿਸ ਨੇ ਦਰਸਾਇਆ ਕਿ ਸਿਆਸੀ ਜਮਾਤ ਜਾਣਦੀ ਹੈ ਕਿ ਕਿਹੜੇ ਖੁਲਾਸੇ ਕੀਤੇ ਜਾ ਸਕਦੇ ਹਨ ਅਤੇ ਕਿਹੜੇ ਨਹੀਂ। ਵਿਦੇਸ ਸਕੱਤਰ ਕੇ. ਰਘੂਨਾਥ ਤੋਂ ਉੱਤਰੀ ਗੱਠਜੋੜ ਨੂੰ ਭਾਰਤ ਦੀ ਸਹਾਇਤਾ ਬਾਰੇ ਪੁੱਛਗਿੱਛ ਕੀਤੀ ਜਾ ਰਹੀ ਸੀ। ਕੇ. ਰਘੂਨਾਥ ਦੇ ਗੋਲ-ਮੋਲ ਜਿਹੇ ਜਵਾਬਾਂ ਕਾਰਨ ਸੰਸਦ ਮੈਂਬਰਾਂ ਦੇ ਸਬਰ ਦਾ ਬੰਨ੍ਹ ਟੁੱਟ ਰਿਹਾ ਸੀ। ਸ੍ਰੀ ਗੁਜਰਾਲ ਨੇ ਟੋਕਦਿਆਂ ਕਿਹਾ ਕਿ ਉਹ ਜਾਣਦੇ ਹਨ, ਵਿਦੇਸ ਮੰਤਰਾਲਾ ਕੀ ਕਰ ਰਿਹਾ ਹੈ ਅਤੇ ਉਨ੍ਹਾਂ ਚਰਚਾ ਰੋਕ ਦਿੱਤੀ। ਕਿਸੇ ਵੀ ਸੰਸਦ ਮੈਂਬਰ ਨੇ ਇਸ 'ਤੇ ਇਤਰਾਜ ਨਾ ਕੀਤਾ।

-ਵਿਵੇਕ ਕਾਟਜੂ

# ਕੁਦਰਤ, ਪੈਸਾ ਅਤੇ ਸਿਹਤ: ਇੱਕ ਸੰਤੁਲਿਤ ਦ੍ਰਿਸਟੀਕੋਣ

ਅੱਜ ਦੇ ਸੰਸਾਰ ਵਿੱਚ, ਸਿਹਤ ਪ੍ਰਤੀ ਸਾਡੀਆਂ ਧਾਰਨਾਵਾਂ ਤੇਜੀ ਨਾਲ ਬਦਲ ਗਈਆਂ ਹਨ।ਆਧੁਨਿਕ ਜੀਵਨ ਸੈਲੀ, ਤਕਨਾਲੋਜੀ, ਮਹਿੰਗੀਆਂ ਡਾਕਟਰੀ ਸਹੂਲਤਾਂ ਅਤੇ ਵਧਦੀ ਆਮਦਨ ਨੇ ਇਹ ਵਿਸਵਾਸ ਪੈਦਾ ਕੀਤਾ ਹੈ ਕਿ ਪੈਸਾ ਬਿਹਤਰ ਸਿਹਤ ਦੀ ਕੁੰਜੀ ਹੈ। ਵੱਡੇ ਸਹਿਰਾਂ ਵਿੱਚ ਰਹਿਣ ਵਾਲੇ ਲੋਕ ਮੰਨਦੇ ਹਨ ਕਿ ਜੇਕਰ ਉਨ੍ਹਾਂ ਕੋਲ ਚੰਗੇ ਹਸਪਤਾਲਾਂ, ਪ੍ਰਸਿੱਧ ਡਾਕਟਰਾਂ, ਨਿੱਜੀ ਬੀਮਾ ਅਤੇ ਆਧੁਨਿਕ ਉਪਕਰਣਾਂ ਤੱਕ ਪਹੁੰਚ ਹੋਵੇ, ਤਾਂ ਬਿਮਾਰੀ ਅਣਗਿਣਤ ਹੋਵੇਗੀ। ਪਰ ਜਦੋਂ ਅਸੀਂ ਦੇਸ ਅਤੇ ਦੁਨੀਆ ਭਰ ਦੀਆਂ ਪ੍ਰਮੁੱਖ ਹਸਤੀਆਂ - ਦੌਲਤ, ਸਰੋਤਾਂ ਅਤੇ ਸਭ ਤੋਂ ਵਧੀਆ ਡਾਕਟਰੀ ਸਹੂਲਤਾਂ ਤੱਕ ਪਹੁੰਚ ਵਾਲੇ - ਨੂੰ ਗੰਭੀਰ ਬਿਮਾਰੀਆਂ ਤੋਂ ਪੀੜਤ ਦੇਖਦੇ ਹਾਂ, ਤਾਂ ਇਹ ਵਿਸਵਾਸ ਡਗਮਗਾਣਾ ਸੁਰੂ ਹੋ ਜਾਂਦਾ ਹੈ। ਇਹ ਸਵਾਲ ਉੱਠਣਾ ਸੁਭਾਵਿਕ ਹੈ ਕਿ ਇੰਨੀ ਦੇਖਭਾਲ, ਸਾਵਧਾਨੀ ਅਤੇ ਸਰੋਤਾਂ ਦੇ ਬਾਵਜੂਦ, ਲੋਕ ਕੈਂਸਰ, ਦਿਲ ਦੀ ਬਿਮਾਰੀ ਅਤੇ ਹੋਰ ਗੁੰਝਲਦਾਰ ਬਿਮਾਰੀਆਂ ਤੋਂ ਕਿਉਂ ਨਹੀਂ ਬਚ ਸਕੇ। ਕੀ ਆਧੁਨਿਕ ਜੀਵਨ ਸੈਲੀ ਸਾਨੂੰ ਸੱਚਮੁੱਚ ਸਿਹਤਮੰਦ ਬਣਾ ਰਹੀ ਹੈ, ਜਾਂ ਕੀ ਅਸੀਂ ਅਣਜਾਣੇ ਵਿੱਚ ਆਪਣੇ ਸਰੀਰ ਦੀ ਕੁਦਰਤੀ ਤਾਕਤ ਨੂੰ ਕਮਜੋਰ ਕਰ ਰਹੇ ਹਾਂ? ਇਹ ਸਵਾਲ ਸਿਰਫ ਅਮੀਰਾਂ ਅਤੇ ਮਸਹੂਰ ਲੋਕਾਂ ਤੱਕ ਸੀਮਿਤ ਨਹੀਂ ਹੈ, ਸਗੋਂ ਹਰ ਉਸ ਵਿਅਕਤੀ ਲਈ ਚਿੰਤਾ ਦਾ ਵਿਸ਼ਾ ਹੈ ਜੋ ਤੇਜ ਰਫਤਾਰ, ਨਕਲੀ ਅਤੇ ਤਣਾਅਪੂਰਨ ਜਿੰਦਗੀ ਜੀਉਂਦਾ ਹੈ।ਮਨੁੱਖੀ ਸਰੀਰ ਕੁਦਰਤ ਦਾ ਤੋਹਫਾ ਹੈ ਅਤੇ ਲੱਖਾਂ ਸਾਲਾਂ ਦੇ ਵਿਕਾਸ ਦਾ ਨਤੀਜਾ ਹੈ। ਸਾਡੇ ਸਰੀਰ ਕੁਦਰਤੀ ਭੋਜਨ, ਸੁੱਧ ਹਵਾ, ਸਾਫ ਪਾਣੀ, ਸੂਰਜ ਦੀ ਰੌਸਨੀ ਅਤੇ ਸਰੀਰਕ ਮਿਹਨਤ ਦੇ ਨਾਲ ਇਕਸੁਰਤਾ ਵਿੱਚ ਵਿਕਸਤ ਹੋਏ ਹਨ। ਜਦੋਂ ਅਸੀਂ ਇਸ ਕੁਦਰਤੀ ਸੰਤੁਲਨ ਤੋਂ ਭਟਕ ਜਾਂਦੇ ਹਾਂ - ਬਹੁਤ ਜਿਆਦਾ ਪ੍ਰੋਸੈਸਡ ਭੋਜਨ ਖਾਂਦੇ ਹਾਂ, ਬੰਦ ਕਮਰਿਆਂ ਵਿੱਚ ਘੰਟੇ ਬਿਤਾਉਂਦੇ ਹਾਂ, ਅਤੇ ਮੋਬਾਈਲ ਫੋਨਾਂ ਅਤੇ ਸਕ੍ਰੀਨਾਂ ਦੇ ਸਾਹਮਣੇ ਆਪਣੀ ਜਿੰਦਗੀ ਬਿਤਾਉਂਦੇ ਹਾਂ-ਤਾਂ ਸਰੀਰ ਦਾ ਸੰਤੁਲਨ ਵਿਗੜਨਾ ਸੁਰੂ ਹੋ ਜਾਂਦਾ ਹੈ। ਬਿਮਾਰੀਆਂ ਅਚਾਨਕ ਨਹੀਂ ਆਉਂਦੀਆਂ; ਇਹ ਸਾਲਾਂ ਦੀਆਂ ਬੁਰੀਆਂ ਆਦਤਾਂ, ਤਣਾਅ ਅਤੇ ਅਸੰਤੁਲਨ ਦਾ ਨਤੀਜਾ ਹਨ।ਅੱਜ ਦਾ ਭੋਜਨ ਇਸਦੀ ਇੱਕ ਪ੍ਰਮੁੱਖ ਉਦਾਹਰਣ ਹੈ। ਪੈਕ ਕੀਤੇ, ਲੰਬੇ ਸਮੇਂ ਤੱਕ ਚੱਲਣ ਵਾਲੇ, ਅਤੇ ਸੁਆਦ ਵਧਾਉਣ ਵਾਲੇ ਰਸਾਇਣਾਂ ਨਾਲ ਭਰੇ ਹੋਏ ਸਾਡੇ ਪਲੇਟਾਂ 'ਤੇ ਕਬਜਾ ਕਰ ਲਿਆ ਹੈ। ਫਲਾਂ ਦੇ ਰਸ, ਜੰਮੀਆਂ ਸਬਜੀਆਂ, ਅਤੇ ਪ੍ਰੋਸੈਸਡ ਦੁੱਧ ਸਾਡੀ ਰੋਜਾਨਾ ਖੁਰਾਕ ਦਾ ਹਿੱਸਾ ਬਣ ਗਏ ਹਨ। ਸੁਵਿਧਾਜਨਕ ਹੋਣ ਦੇ ਬਾਵਜੂਦ, ਇਹ ਹਮੇਸਾ ਸਿਹਤਮੰਦ ਨਹੀਂ ਹੁੰਦੇ। ਕੁਦਰਤ ਸਾਨੂੰ ਇਸਦੇ ਪੂਰੇ ਰੂਪ ਵਿੱਚ ਭੋਜਨ ਪ੍ਰਦਾਨ ਕਰਦੀ ਹੈ - ਫਾਈਬਰ, ਵਿਟਾਮਿਨ ਅਤੇ ਪੌਸਟਿਕ ਤੱਤਾਂ ਦੀ ਸੰਤੁਲਿਤ ਖੁਰਾਕ। ਜਦੋਂ ਅਸੀਂ ਉਸ ਰੂਪ ਨੂੰ ਬਦਲਦੇ ਹਾਂ, ਤਾਂ ਇਸਦੀ ਪ੍ਰਭਾਵਸੀਲਤਾ ਵੀ ਬਦਲ ਜਾਂਦੀ ਹੈ।ਸਫਾਈ ਅਤੇ ਸੁਰੱਖਿਆ ਦੇ ਨਾਮ 'ਤੇ, ਅਸੀਂ ਆਪਣੇ ਆਲੇ ਦੁਆਲੇ ਦੇ



ਵਾਤਾਵਰਣ ਨੂੰ ਬਹੁਤ ਹੀ ਨਕਲੀ ਬਣਾ ਦਿੱਤਾ ਹੈ। ਹਰ ਚੀਜ ਨੂੰ ਕੀਟਾਣੂ-ਰਹਿਤ ਕਰਨ ਦੀ ਦੌੜ ਲੱਗੀ ਹੋਈ ਹੈ। ਸਾਬਣ, ਸੈਨੀਟਾਈਜਰ ਅਤੇ ਰਸਾਇਣਕ ਕਲੀਨਰਾਂ ਤੋਂ ਬਿਨਾਂ ਜਿੰਦਗੀ ਅਧੂਰੀ ਜਾਪਦੀ ਹੈ। ਬਿਨਾਂ ਸੱਕ, ਸਫਾਈ ਜਰੂਰੀ ਹੈ, ਪਰ ਜਿਆਦਾ ਵਰਤੋਂ ਹਮੇਸਾ ਨੁਕਸਾਨਦੇਹ ਹੁੰਦੀ ਹੈ। ਵਿਗਿਆਨੀ ਇਹ ਵੀ ਸਹਿਮਤ ਹਨ ਕਿ ਕੁਦਰਤੀ ਬੈਕਟੀਰੀਆ ਦੇ ਸੰਪਰਕ ਵਿੱਚ ਆਉਣਾ, ਭਾਵੇਂ ਸੀਮਤ ਮਾਤਰਾ ਵਿੱਚ ਵੀ, ਸਾਡੀ ਇਮਿਊਨ ਸਿਸਟਮ ਨੂੰ ਮਜਬੂਤ ਬਣਾਉਂਦਾ ਹੈ। ਇੱਕ ਸਰੀਰ ਜੋ ਹਰ ਛੋਟੀ ਜਿਹੀ ਚੁਣੌਤੀ ਤੋਂ ਸੁਰੱਖਿਅਤ ਹੈ, ਕਿਸੇ ਵੱਡੀ ਚੁਣੌਤੀ ਦਾ ਸਾਹਮਣਾ ਕਰਨ 'ਤੇ ਕਮਜੋਰ ਹੋ ਸਕਦਾ ਹੈ।ਇਸ ਸੰਦਰਭ ਵਿੱਚ ਅਕਸਰ ਪੇਂਡੂ ਅਤੇ ਸਹਿਰੀ ਜੀਵਨ ਦੀ ਤੁਲਨਾ ਕੀਤੀ ਜਾਂਦੀ ਹੈ। ਪਿੰਡਾਂ ਵਿੱਚ ਰਹਿਣ ਵਾਲੇ ਬਜੁਰਗ ਲੋਕ ਸਾਦਾ ਭੋਜਨ ਖਾਂਦੇ ਹਨ, ਵਧੇਰੇ ਸਰੀਰਕ ਮਿਹਨਤ ਕਰਦੇ ਹਨ, ਅਤੇ ਹੌਲੀ ਰਫਤਾਰ ਨਾਲ ਜੀਉਂਦੇ ਹਨ। ਮਾਨਸਿਕ ਤਣਾਅ ਵੀ ਮੁਕਾਬਲਤਨ ਘੱਟ ਹੁੰਦਾ ਹੈ। ਇਸ ਲਈ ਉਹ ਦਵਾਈ ਤੋਂ ਬਿਨਾਂ ਛੋਟੀਆਂ ਬਿਮਾਰੀਆਂ ਨੂੰ ਬਰਦਾਸਤ ਕਰ ਸਕਦੇ ਹਨ। ਇਸ ਦੌਰਾਨ, ਸਹਿਰੀ ਨਿਵਾਸੀ ਆਰਾਮਦਾਇਕ ਜੀਵਨ ਜੀਉਂਦੇ ਹਨ, ਪਰ ਇੱਕ ਸਧਾਰਨ ਬੁਖਾਰ ਵੀ ਉਨ੍ਹਾਂ ਨੂੰ ਬਿਸਤਰੇ ਤੱਕ ਸੀਮਤ ਕਰ ਸਕਦਾ ਹੈ। ਇਹ ਅੰਤਰ ਸਿਰਫ ਡਾਕਟਰੀ ਸਹੂਲਤਾਂ ਬਾਰੇ ਨਹੀਂ ਹੈ, ਸਗੋਂ ਜੀਵਨ ਸੈਲੀ ਅਤੇ ਮਾਨਸਿਕ ਸਥਿਤੀ ਬਾਰੇ ਵੀ ਹੈ।ਹਾਲਾਂਕਿ, ਇਹ ਮੰਨਣਾ ਗਲਤ ਹੋਵੇਗਾ ਕਿ ਕੁਦਰਤ ਨਾਲ ਜੁੜਨਾ ਹਰ ਬਿਮਾਰੀ ਦਾ ਇਲਾਜ ਹੈ। ਬਹੁਤ ਸਾਰੀਆਂ ਬਿਮਾਰੀਆਂ ਜੈਨੇਟਿਕ ਹੁੰਦੀਆਂ ਹਨ, ਬਹੁਤ ਸਾਰੀਆਂ ਲਾਗਾਂ ਕਾਰਨ ਹੁੰਦੀਆਂ ਹਨ, ਅਤੇ ਬਹੁਤ ਸਾਰੀਆਂ ਉਮਰ ਦੇ ਨਾਲ ਕੁਦਰਤੀ ਤੌਰ 'ਤੇ ਆਉਂਦੀਆਂ ਹਨ। ਆਧੁਨਿਕ ਡਾਕਟਰੀ ਵਿਗਿਆਨ ਨੇ ਇਨ੍ਹਾਂ ਖੇਤਰਾਂ ਵਿੱਚ ਬੇਮਿਸਾਲ ਤਰੱਕੀ ਕੀਤੀ ਹੈ। ਟੀਕੇ, ਐਂਟੀਬਾਇਓਟਿਕਸ, ਸਰਜਰੀ, ਅਤੇ ਆਧੁਨਿਕ ਡਾਇਗਨੌਸਟਿਕ ਤਕਨੀਕਾਂ ਨੇ ਲੱਖਾਂ ਜਾਨਾਂ ਬਚਾਈਆਂ ਹਨ। ਵਿਗਿਆਨ ਨੂੰ ਸਿਰਫ "ਕੁਦਰਤੀ" ਦੇ ਨਾਮ 'ਤੇ ਖਾਰਜ ਕਰਨਾ ਵੀ ਇੱਕ ਖਤਰਨਾਕ ਵਿਚਾਰ ਹੋਵੇਗਾ।ਅਸਲ ਸਮੱਸਿਆ ਉਦੋਂ ਪੈਦਾ ਹੁੰਦੀ ਹੈ ਜਦੋਂ ਅਸੀਂ ਇੱਕ ਹੱਦ ਤੱਕ ਜਾਂਦੇ ਹਾਂ। ਜਾਂ ਤਾਂ ਅਸੀਂ ਮਸੀਨਾਂ, ਦਵਾਈਆਂ ਅਤੇ ਸਹੂਲਤਾਂ 'ਤੇ ਪੂਰੀ ਤਰ੍ਹਾਂ ਨਿਰਭਰ ਹੋ ਜਾਂਦੇ ਹਾਂ, ਜਾਂ ਅਸੀਂ ਵਿਗਿਆਨ ਨੂੰ ਰੱਦ ਕਰਦੇ ਹਾਂ ਅਤੇ ਹਰ ਸਮੱਸਿਆ ਦਾ ਹੱਲ ਸਿਰਫ ਘਰੇਲੂ ਉਪਚਾਰਾਂ ਰਾਹੀਂ ਲੱਭਦੇ ਹਾਂ। ਦੋਵੇਂ ਤਰੀਕੇ ਅਧੂਰੇ ਹਨ। ਸਿਹਤ ਇੱਕ ਸੰਤੁਲਨ ਹੈ - ਜਿੱਥੇ ਕੁਦਰਤ ਅਤੇ ਵਿਗਿਆਨ ਦੋਵਾਂ ਦੀਆਂ ਆਪਣੀਆਂ ਭੂਮਿਕਾਵਾਂ ਹਨ।ਮਾਨਸਿਕ ਸਿਹਤ ਇਸ ਸੰਤੁਲਨ ਦਾ ਇੱਕ ਹੋਰ ਮਹੱਤਵਪੂਰਨ ਪਹਿਲੂ ਹੈ, ਜਿਸਨੂੰ ਅਕਸਰ ਨਜਰਅੰਦਾਜ ਕੀਤਾ ਜਾਂਦਾ ਹੈ। ਅੱਜ ਦਾ ਮਨੁੱਖ ਸਰੀਰਕ ਤੌਰ 'ਤੇ ਸੁੱਖ-ਸਹੂਲਤਾਂ ਨਾਲ ਘਿਰਿਆ ਹੋ ਸਕਦਾ ਹੈ, ਪਰ ਮਾਨਸਿਕ ਤੌਰ 'ਤੇ ਉਹ ਅਸੁਰੱਖਿਅਤ, ਚਿੰਤਤ ਅਤੇ ਤਣਾਅ ਵਿੱਚ ਹੈ। ਮੁਕਾਬਲਾ, ਅਸਫਲਤਾ ਦਾ ਡਰ, ਸਮਾਜਿਕ ਦਬਾਅ ਅਤੇ ਭਵਿੱਖ ਬਾਰੇ ਚਿੰਤਾਵਾਂ ਸਾਡੇ ਮਨਾਂ ਨੂੰ ਲਗਾਤਾਰ ਵਿਅਸਤ ਰੱਖਦੀਆਂ ਹਨ। ਇਹ ਮਾਨਸਿਕ ਤਣਾਅ ਹੌਲੀ-ਹੌਲੀ ਸਰੀਰ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਗੰਭੀਰ ਬਿਮਾਰੀਆਂ ਵੱਲ ਲੈ ਜਾਂਦਾ ਹੈ। ਪੈਸਾ ਇਸ ਤਣਾਅ ਨੂੰ ਪੂਰੀ ਤਰ੍ਹਾਂ ਖਤਮ ਨਹੀਂ ਕਰ ਸਕਦਾ।ਇਹ ਸਮਝਣਾ ਵੀ ਜਰੂਰੀ ਹੈ ਕਿ ਅਮੀਰ ਲੋਕਾਂ ਦੀਆਂ ਬਿਮਾਰੀਆਂ ਸਾਨੂੰ ਵਧੇਰੇ ਦਿਖਾਈ ਦਿੰਦੀਆਂ ਹਨ ਕਿਉਂਕਿ ਉਹ ਜਨਤਕ ਜੀਵਨ ਵਿੱਚ ਹੁੰਦੀਆਂ ਹਨ। ਆਮ ਲੋਕ ਵੀ ਉਹੀ ਬਿਮਾਰੀਆਂ ਤੋਂ ਪੀੜਤ ਹੁੰਦੇ ਹਨ, ਪਰ ਉਨ੍ਹਾਂ ਬਾਰੇ ਚਰਚਾ ਨਹੀਂ ਕੀਤੀ ਜਾਂਦੀ।

ਇਸਦਾ ਮਤਲਬ ਇਹ ਨਹੀਂ ਹੈ ਕਿ ਦੌਲਤ ਆਪਣੇ ਆਪ ਬਿਮਾਰੀ ਲਿਆਉਂਦੀ ਹੈ, ਸਗੋਂ ਇਹ ਕਿ ਦੌਲਤ ਬਿਮਾਰੀ ਤੋਂ ਪੂਰੀ ਸੁਰੱਖਿਆ ਪ੍ਰਦਾਨ ਨਹੀਂ ਕਰ ਸਕਦੀ।ਅੱਜ, ਸਾਨੂੰ ਸਿਹਤ ਨੂੰ ਸਿਰਫ ਡਾਕਟਰੀ ਦ੍ਰਿਸਟੀਕੋਣ ਤੋਂ ਹੀ ਨਹੀਂ, ਸਗੋਂ ਜੀਵਨ ਸੈਲੀ ਦੇ ਦ੍ਰਿਸਟੀਕੋਣ ਤੋਂ ਵੀ ਸਮਝਣ ਦੀ ਲੋੜ ਹੈ। ਇੱਕ ਸਾਦਾ ਅਤੇ ਸੰਤੁਲਿਤ ਖੁਰਾਕ, ਨਿਯਮਤ ਸਰੀਰਕ ਗਤੀਵਿਧੀ, ਲੋੜੀਂਦੀ ਨੀਂਦ, ਕੁਦਰਤ ਨਾਲ ਸਮਾਂ ਬਿਤਾਉਣਾ ਅਤੇ ਮਾਨਸਿਕ ਸਾਂਤੀ - ਇਹ ਕਿਸੇ ਵੀ ਦਵਾਈ ਨਾਲੋਂ ਘੱਟ ਪ੍ਰਭਾਵਸਾਲੀ ਨਹੀਂ ਹਨ। ਇਸ ਤੋਂ ਇਲਾਵਾ, ਸਮੇਂ ਸਿਰ ਡਾਕਟਰ ਦੀ ਸਲਾਹ ਲੈਣਾ ਅਤੇ ਲੋੜ ਪੈਣ 'ਤੇ ਆਧੁਨਿਕ ਦਵਾਈ ਦਾ ਲਾਭ ਉਠਾਉਣਾ ਵੀ ਉਨਾ ਹੀ ਮਹੱਤਵਪੂਰਨ ਹੈ।

-ਡਾ. ਪ੍ਰਿਯੰਕਾ ਸੌਰਭ

# ਹਰਿਆਣਾ ਵਿੱਚ ਪੁਲਿਸ ਮੁਲਾਜ਼ਮ ਨੇ 22 ਸਾਲਾ ਕੁੜੀ ਨੂੰ ਦਰੜਿਆ, ਲੜਕੀ ਦੀ ਮੌਕੇ 'ਤੇ ਮੌਤ

### ਨਸ਼ੇ ਦੀ ਹਾਲਤ ਵਿਚ ਦੱਸਿਆ ਜਾ ਰਿਹਾ ਮੁਲਜ਼ਮ



ਅੰਬਾਲਾ, 13 ਫਰਵਰੀ (ਪੱਤਰ ਪ੍ਰੇਰਕ) ਹਰਿਆਣਾ ਦੇ ਅੰਬਾਲਾ ਵਿੱਚ ਇੱਕ ਪੁਲਿਸ ਅਧਿਕਾਰੀ ਨੇ 22 ਸਾਲਾ ਲੜਕੀ ਨੂੰ ਕੁਚਲ ਦਿੱਤਾ। ਲੜਕੀ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮ੍ਰਿਤਕ ਲੜਕੀ ਦਾ ਨਾਮ ਨਿਕਿਤਾ ਦੱਸਿਆ ਜਾ ਰਿਹਾ ਹੈ। ਲੋਕਾਂ ਨੇ ਦੋਸ਼ੀ ਪੁਲਿਸ ਅਧਿਕਾਰੀ ਨੂੰ ਮੌਕੇ 'ਤੇ ਹੀ ਕਾਬੂ ਕਰ ਲਿਆ। ਰਿਪੋਰਟਾਂ ਅਨੁਸਾਰ, ਕਾਰ ਵਿੱਚ ਸਵਾਰ ਪੁਲਿਸ ਮੁਲਜ਼ਮ ਨੇ ਪਹਿਲਾਂ ਇੱਕ ਈ-ਰਿਕਸ਼ਾ ਨੂੰ ਟੱਕਰ ਮਾਰੀ, ਜਿਸ ਵਿੱਚ ਬੈਠੀ ਨਿਕਿਤਾ ਡਿੱਗ ਪਈ। ਕਾਰ ਰੋਕਣ ਦੀ ਬਜਾਏ ਪੁਲਿਸ ਵਾਲੇ ਨੇ ਲੜਕੀ ਉੱਤੇ ਗੱਡੀ ਚੜ੍ਹਾ ਦਿੱਤੀ। ਇਸ ਦੌਰਾਨ ਲੜਕੀ ਗੰਭੀਰ ਜ਼ਖ਼ਮੀ ਹੋ ਗਈ। ਲੋਕਾਂ ਨੇ ਗੰਭੀਰ ਜ਼ਖ਼ਮੀ ਨਿਕਿਤਾ ਨੂੰ ਹਸਪਤਾਲ ਪਹੁੰਚਾਇਆ, ਜਿੱਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਨਿਕਿਤਾ ਅੰਬਾਲਾ ਵਿੱਚ ਰਹਿੰਦੀ ਸੀ। ਉਹ ਆਪਣੇ ਭਰਾ ਹਰਸ਼ ਬਜਾਜ ਨਾਲ ਦਿੱਲੀ ਤੋਂ ਰੇਲਗੱਡੀ ਰਾਹੀਂ ਅੰਬਾਲਾ ਛਾਉਣੀ ਪਹੁੰਚੀ ਸੀ। ਰਾਤ ਲਗਭਗ 8:15 ਵਜੇ, ਉਹ ਅੰਬਾਲਾ ਛਾਉਣੀ ਤੋਂ ਸ਼ਹਿਰ ਲਈ ਇੱਕ ਈ-ਰਿਕਸ਼ਾ ਵਿੱਚ ਸਵਾਰ ਹੋਏ। ਜਿਵੇਂ ਹੀ ਉਹ ਕਾਲੀ ਪਲਟਨ ਪੁਲ ਤੋਂ ਲਗਭਗ 100 ਮੀਟਰ ਦੀ ਦੂਰੀ 'ਤੇ ਹੀ ਪਹੁੰਚੇ ਕਿ ਇੱਕ ਤੇਜ਼ ਰਫ਼ਤਾਰ ਹੌਂਡਾ ਸਿਟੀ ਨੇ ਉਨ੍ਹਾਂ ਨੂੰ ਪਿੱਛੇ ਤੋਂ ਟੱਕਰ ਮਾਰ ਦਿੱਤੀ। ਟੱਕਰ ਇੰਨੀ ਜ਼ਬਰਦਸਤ ਸੀ ਕਿ ਈ-ਰਿਕਸ਼ਾ ਕੰਟਰੋਲ ਤੋਂ ਬਾਹਰ ਹੋ ਗਿਆ ਅਤੇ ਉਸ ਵਿੱਚ ਬੈਠੀ ਨਿਕਿਤਾ ਸੜਕ 'ਤੇ ਡਿੱਗ ਪਈ। ਕਾਰ ਚਾਲਕ ਨੇ ਸੜਕ 'ਤੇ ਡਿੱਗੀ ਨਿਕਿਤਾ ਨੂੰ ਕੁਚਲ ਦਿੱਤਾ। ਜਿਸ ਨਾਲ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮੌਕੇ 'ਤੇ ਇਕੱਠੇ ਹੋਏ ਲੋਕਾਂ ਨੇ ਡਰਾਈਵਰ ਨੂੰ ਫੜ ਲਿਆ। ਦੋਸ਼ ਹੈ ਕਿ ਉਹ ਸ਼ਰਾਬੀ ਸੀ ਅਤੇ ਪੁਲਿਸ ਦੀ ਵਰਦੀ ਪਾਈ ਹੋਈ ਸੀ। ਸਥਾਨਕ ਲੋਕਾਂ ਨੇ ਡਾਇਲ 112 ਅਤੇ ਪੁਲਿਸ ਸਟੇਸ਼ਨ ਨੂੰ ਸੂਚਿਤ ਕੀਤਾ।

# ਵਿਦੇਸ਼ ਬੈਠੇ ਗੈਂਗਸਟਰਾਂ ਦੀ ਜਾਇਦਾਦ ਜ਼ਬਤ ਕਰਾਂਗੇ: ਯਾਦਵ



ਸੰਗਰੂਰ, 13 ਫਰਵਰੀ (ਪੱਤਰ ਪ੍ਰੇਰਕ)- ਡਾਇਰੈਕਟਰ ਬਿਊਰੋ ਆਫ਼ ਇਨਵੈਸਟੀਗੇਸ਼ਨ ਐੱਸ ਕੇ ਯਾਦਵ ਨੇ ਅੱਜ ਅਪਰੇਸ਼ਨ ਪ੍ਰਹਾਰ-2 ਤਹਿਤ ਸੰਗਰੂਰ ਜ਼ਿਲ੍ਹੇ ਦਾ ਦੌਰਾ ਕਰਦਿਆਂ ਨਾਕਿਆਂ ਦਾ ਜਾਇਜ਼ਾ ਮੁਆਇਨਾ ਕੀਤਾ। ਉਨ੍ਹਾਂ ਕਿਹਾ ਕਿ ਸੰਗਰੂਰ ਜ਼ਿਲ੍ਹੇ 'ਚ ਐੱਸ ਐੱਸ ਪੀ ਸਰਤਾਜ ਸਿੰਘ ਚਾਹਲ ਦੀ ਅਗਵਾਈ ਹੇਠ ਗੈਂਗਸਟਰਾਂ, ਨਸ਼ਾ ਤਸਕਰਾਂ ਅਤੇ ਫਿਰੌਤੀਆਂ ਮੰਗਣ ਵਾਲਿਆਂ ਦਾ ਨੈੱਟਵਰਕ ਤੋੜਨ ਲਈ ਮੁਹਿੰਮਾਂ ਸ਼ੁਰੂ ਕੀਤੀਆਂ ਗਈਆਂ ਅਤੇ ਭਵਿੱਖ ਵਿੱਚ ਵੀ ਅਜਿਹੇ ਮਾੜੇ ਅਨਸਰਾਂ ਖਿਲਾਫ ਕਾਨੂੰਨ ਅਨੁਸਾਰ ਸਖ਼ਤ ਤੋਂ ਸਖ਼ਤ ਕਾਰਵਾਈ ਜਾਰੀ ਰਹੇਗੀ। ਸ੍ਰੀ ਯਾਦਵ ਨੇ ਦੱਸਿਆ ਅਪਰੇਸ਼ਨ ਪ੍ਰਹਾਰ-2 ਤਹਿਤ 9 ਫਰਵਰੀ ਤੋਂ ਅੱਜ 11 ਫਰਵਰੀ ਤੱਕ ਸੰਗਰੂਰ ਵਿਚ ਕੁੱਲ 301 ਥਾਵਾਂ 'ਤੇ ਛਾਪੇਮਾਰੀਆਂ ਕੀਤੀਆਂ ਗਈਆਂ, ਜਿਨ੍ਹਾਂ ਵਿੱਚੋਂ 148 ਲੋੜੀਂਦੇ ਅਪਰਾਧੀ ਗ੍ਰਿਫਤਾਰ ਕੀਤੇ ਗਏ, 200 ਤੋਂ ਵੱਧ ਇਹਤਿਹਾਤੀ ਕਾਰਵਾਈ ਕੀਤੀ ਗਈ। ਤਕਰੀਬਨ 800 ਸ਼ੱਕੀ ਵਿਅਕਤੀਆਂ ਨੂੰ ਵੈਰੀਫਾਈ ਕੀਤਾ ਗਿਆ, ਵੱਖ-ਵੱਖ ਮੁਕੱਦਮਿਆਂ ਵਿੱਚ ਭਗੌੜੇ 06 ਪੀ ਓਜ਼ ਨੂੰ ਗ੍ਰਿਫਤਾਰ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਸਰਚ ਦੌਰਾਨ ਨਸ਼ੀਲੇ ਪਦਾਰਥ ਤੇ ਹਥਿਆਰ ਵੀ ਬਰਾਮਦ ਕੀਤੇ ਗਏ। ਉਨ੍ਹਾਂ ਦੱਸਿਆ ਕਿ ਗੈਂਗਸਟਰਾਂ ਤੇ ਫਿਰੌਤੀ ਮੰਗਣ ਵਾਲਿਆਂ ਖ਼ਿਲਾਫ਼ ਐੱਲ ਓ ਸੀ, ਉਨ੍ਹਾਂ ਦੀਆਂ ਜੀਓ ਲੋਕੇਸ਼ਨ/ ਬਲਿਊ ਨੋਟਿਸ ਅਤੇ ਟਰੇਸ ਹੋਣ 'ਤੇ ਰੈਡ ਨੋਟਿਸ, ਪ੍ਰੋਵੀਜ਼ਨਲ ਗ੍ਰਿਫ਼ਤਾਰੀ ਅਤੇ ਹਵਾਲਗੀ ਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ। ਜੇਕਰ ਗੈਂਗਸਟਰਾਂ ਅਤੇ ਅਪਰਾਧੀਆਂ ਦੀ ਚੱਲ ਅਚੱਲ ਜਾਇਦਾਦ ਭਾਰਤ ਤੋਂ ਬਾਹਰ ਸਾਹਮਣੇ ਆਉਂਦੀ ਹੈ ਤਾਂ ਇੰਟਰਪੋਲ ਦੀ ਮਦਦ ਨਾਲ ਸਿਲਵਰ ਨੋਟਿਸ/86 ਬੀ ਐੱਨ ਐੱਸ ਐੱਸ ਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

**ਪਾਤੜਾਂ ਪੁਲੀਸ ਵੱਲੋਂ ਫਲੈਗ ਮਾਰਚ**

ਪਾਤੜਾਂ (ਪੱਤਰ ਪ੍ਰੇਰਕ): ਪੰਜਾਬ ਪੁਲੀਸ ਵੱਲੋਂ ਚਲਾਏ ਜਾ ਰਹੇ ਅਪਰੇਸ਼ਨ ਪ੍ਰਹਾਰ 2 ਤਹਿਤ ਪਾਤੜਾਂ ਪੁਲੀਸ ਵੱਲੋਂ ਡੀ ਐੱਸ ਪੀ ਇੰਦਰਪਾਲ ਸਿੰਘ ਚੌਹਾਨ ਦੀ ਅਗਵਾਈ ਹੇਠ ਸ਼ਹਿਰ ਵਿੱਚ ਫਲੈਗ ਮਾਰਚ ਕੀਤਾ ਗਿਆ। ਫਲੈਗ ਮਾਰਚ ਵਿੱਚ ਪੁਲੀਸ ਚੌਕੀਆਂ ਤੇ ਥਾਣਿਆਂ ਦੇ ਮੁਲਾਜ਼ਮਾਂ ਨੇ ਹਿੱਸਾ ਲਿਆ। ਇਹ ਮਾਰਚ ਦਿੱਲੀ-ਸੰਗਰੂਰ ਕੌਮੀ ਮੁੱਖ ਮਾਰਗ ਉੱਤੇ ਸ਼ਹਿਰ ਦੇ ਸ਼ਹੀਦ ਭਗਤ ਸਿੰਘ ਚੌਕ ਤੋਂ ਸ਼ੁਰੂ ਹੋ ਕੇ ਸ਼ਹੀਦ ਊਧਮ ਸਿੰਘ ਚੌਕ ਸੰਗਰੂਰ ਰੋਡ ਕੈਂਚੀਆਂ ਪਾਤੜਾਂ ਬਾਈਪਾਸ ਤੋਂ ਹੁੰਦਾ ਹੋਇਆ ਮੁੜ ਚੌਕ ਵਿੱਚ ਸਮਾਪਤ ਹੋਇਆ। ਡੀ ਐੱਸ ਪੀ ਪਾਤੜਾਂ ਇੰਦਰਪਾਲ ਸਿੰਘ ਚੌਹਾਨ ਨੇ ਦੱਸਿਆ ਕਿ ਪੁਲੀਸ ਦੇ ਉੱਚ ਅਧਿਕਾਰੀਆਂ ਦੀਆਂ ਹਦਾਇਤਾਂ ਉੱਤੇ ਅਮਨ ਕਾਨੂੰਨ ਦੀ ਰਾਖੀ ਲਈ ਗੈਂਗਸਟਰਾਂ ਅਤੇ ਹੋਰਾਂ ਖਿਲਾਫ ਸ਼ੁਰੂ ਕੀਤੀ ਗਈ ਮੁਹਿੰਮ ਤਹਿਤ ਫਲੈਗ ਮਾਰਚ ਕੀਤਾ ਗਿਆ ਹੈ।

# ਪਾਵਰਕੌਮ ਇੰਜਨੀਅਰਾਂ ਵੱਲੋਂ ਹੜਤਾਲ



ਪਟਿਆਲਾ, 13 ਫਰਵਰੀ (ਪੱਤਰ ਪ੍ਰੇਰਕ) ਪੀ ਐੱਸ ਪੀ ਸੀ ਐੱਲ ਅਤੇ ਪੀ ਐੱਸ ਟੀ ਸੀ ਐੱਲ ਦੇ ਪਾਵਰ ਜੂਨੀਅਰ ਇੰਜਨੀਅਰਜ਼ ਅਤੇ ਪਦਉੱਨਤ ਅਫ਼ਸਰਾਂ ਦੀ ਪ੍ਰਤੀਨਿਧ ਸੰਸਥਾ, 'ਕੌਂਸਲ ਆਫ ਜੂਨੀਅਰ ਇੰਜਨੀਅਰਜ਼ ਪੀ ਐੱਸ ਈ ਬੀ' ਨੇ ਪ੍ਰਸਤਾਵਿਤ ਬਿਜਲੀ ਸੋਧ ਬਿੱਲ ਦੇ ਖ਼ਰੜੇ ਅਤੇ ਕੇਂਦਰ ਦੀਆਂ ਜਨਤਕ ਖੇਤਰ ਵਿਰੋਧੀ ਨੀਤੀਆਂ ਦੇ ਖ਼ਿਲਾਫ ਅੱਜ ਇੱਕ ਰੋਜ਼ਾ ਹੜਤਾਲ ਕੀਤੀ। ਬਿਜਲੀ ਅਦਾਰੇ ਦੇ ਅਨੇਕਾਂ ਦਫ਼ਤਰਾਂ ਅੱਗੇ ਪ੍ਰਦਰਸ਼ਨ ਕੀਤੇ ਗਏ। ਕੌਂਸਲ ਦੇ ਮੁੱਖ ਸਰਪ੍ਰਸਤ ਇੰਜਨੀਅਰ ਦਵਿੰਦਰ ਸਿੰਘ, ਪ੍ਰਧਾਨ ਇੰਜ ਪਰਮਜੀਤ ਖੱਟੜਾ ਅਤੇ ਜਨਰਲ ਸਕੱਤਰ ਇੰਜਨੀਅਰ ਅਮਨਦੀਪ ਜੇਹਲਵੀ ਵੱਲੋਂ ਜਾਰੀ ਸੂਬਾਈ ਰਿਪੋਰਟ ਮੁਤਾਬਕ ਪਾਵਰ ਸੈਕਟਰ ਦੀਆਂ ਖਾਲੀ ਜ਼ਮੀਨਾਂ ਵੇਚਣ, ਸਟੇਟ ਸੈਕਟਰ ਅਧੀਨ 800 ਮੈਗਾਵਾਟ ਸਮਰੱਥਾ ਦੇ 2 ਨੰਬਰ ਅਤਿ-ਆਧੁਨਿਕ ਤਕਨੀਕ ਦੇ ਰੋਪੜ ਵਿੱਚ ਥਰਮਲ ਪਲਾਂਟ ਲਗਾਉਣ ਅਤੇ ਪ੍ਰਸਤਾਵਿਤ ਬਿਜਲੀ ਸੋਧ ਬਿੱਲ 2025 ਦੇ ਖ਼ਰੜੇ ਖ਼ਿਲਾਫ਼ ਕਰਮਚਾਰੀਆਂ, ਇੰਜਨੀਅਰਾਂ ਅਤੇ ਪੈਨਸ਼ਨਰਾਂ ਵੱਲੋਂ ਜਨਵਰੀ 'ਚ ਸੂਬਾਈ ਹੜਤਾਲ ਉਪਰੰਤ 4 ਫਰਵਰੀ ਨੂੰ ਪਾਵਰਕੌਮ ਦਫ਼ਤਰ ਸਾਹਮਣੇ ਸੂਬਾਈ ਧਰਨਾ ਦਿੱਤਾ ਗਿਆ ਸੀ ਪਰ ਮੰਗਾਂ ਨਾ ਮੰਨੇ ਜਾਣ ਕਰ ਕੇ ਅੱਜ ਮੁੜ ਹੜਤਾਲ ਕਰਨੀ ਪਈ। ਉਨ੍ਹਾਂ ਦੱਸਿਆ ਕਿ ਦੇਸ਼ ਦੀਆਂ ਬਿਜਲੀ ਵੰਡ ਕੰਪਨੀਆਂ ਨੇ 2024-25 ਵਿੱਚ 2701 ਕਰੋੜ ਰੁਪਏ ਦਾ ਮੁਨਾਫ਼ਾ ਦਰਜ ਕੀਤਾ ਸੀ। 2013-14 ਵਿੱਚ ਜੋ ਘਾਟਾ 67,962 ਕਰੋੜ ਸੀ, 2024 ਵਿੱਚ 25,553 ਕਰੋੜ ਰਹਿ ਗਿਆ। ਲਾਈਨਾਂ ਦੇ ਘਾਟੇ, ਜੋ 2014 ਦੌਰਾਨ 22.62 ਫ਼ੀਸਦੀ ਸਨ, ਹੁਣ 15.04 ਫ਼ੀਸਦੀ ਰਹਿ ਗਏ।

# ਸਕੂਲ ਵਿੱਚ ਅਰਦਾਸ ਸਮਾਗਮ




ਚੰਡੀਗੜ੍ਹ 13 ਫਰਵਰੀ (ਪੱਤਰ ਪ੍ਰੇਰਕ): ਇੱਥੋਂ ਦੇ ਗੁਰੂ ਨਾਨਕ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ ਸੈਕਟਰ 30 ਵਿਚ ਅਰਦਾਸ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਸਕੂਲ ਦੇ ਵਿਦਿਆਰਥੀਆਂ ਨੇ ਸਹਿਜ ਪਾਠ ਦੇ ਭੋਗ ਉਪਰੰਤ ਸ਼ਬਦ ਕੀਰਤਨ ਕੀਤਾ। ਇਸ ਉਪਰੰਤ ਕਾਰਜਕਾਰੀ ਮੁੱਖ ਅਧਿਆਪਕਾ ਰਮਨਜੀਤ ਕੌਰ ਨੇ ਵਿਦਿਆਰਥੀਆਂ ਨੂੰ ਪ੍ਰੇਰਣਾਦਾਇਕ ਭਾਸ਼ਣ ਦਿੱਤਾ। ਉਨ੍ਹਾਂ ਵਿਦਿਆਰਥੀਆਂ ਨੂੰ ਪ੍ਰਾਰਥਨਾ ਦੀ ਮਹੱਤਤਾ, ਬਜ਼ੁਰਗਾਂ ਦਾ ਆਸ਼ੀਰਵਾਦ ਅਤੇ ਕਿਸੇ ਵੀ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਸਖ਼ਤ ਮਿਹਨਤ ਕਰਨ ਦੀ ਅਪੀਲ ਕੀਤੀ। ਇਸ ਮੌਕੇ ਸਕੂਲ ਪ੍ਰਬੰਧਕ ਕਮੇਟੀ ਦੇ ਅਸਿਸਟੈਂਟ ਮੈਨੇਜਰ ਦਮਨਦੀਪ ਸਿੰਘ, ਸਿੱਖਿਆ ਸ਼ਾਸਤਰੀ ਜੋਗਿੰਦਰ ਸਿੰਘ ਦਰਗਨ ਅਤੇ ਸਕੂਲ ਪ੍ਰਬੰਧਕ ਕਮੇਟੀ ਦੇ ਮੈਂਬਰ ਵੀ ਵਿਦਿਆਰਥੀਆਂ ਨੂੰ ਸ਼ੁੱਭਕਾਮਨਾਵਾਂ ਦੇਣ ਲਈ ਪੁੱਜੇ।

# ਨਿਗਮ ਵੱਲੋਂ 13 ਕਰੋੜ ਦੇ ਵਿਕਾਸ ਕਾਰਜਾਂ 'ਤੇ ਮੋਹਰ



ਪਟਿਆਲਾ, 13 ਫਰਵਰੀ (ਪੱਤਰ ਪ੍ਰੇਰਕ)-ਨਗਰ ਨਿਗਮ ਦੀ ਐਫ ਐਂਡ ਸੀ ਸੀ ਦੀ ਮੀਟਿੰਗ ਮੇਅਰ ਕੁੰਦਨ ਗੋਗੀਆ ਅਤੇ ਕਮਿਸ਼ਨਰ ਪਰਮਜੀਤ ਸਿੰਘ ਦੀ ਅਗਵਾਈ ਵਿੱਚ ਹੋਈ ਜਿਸ ਦੌਰਾਨ 13 ਕਰੋੜ ਰੁਪਏ ਦੇ ਵਿਕਾਸ ਕਾਰਜਾਂ 'ਤੇ ਮੋਹਰ ਲਾਈ ਗਈ। ਸ਼ਹਿਰ ਦੀ ਸਾਫ਼-ਸਫਾਈ ਲਈ 11.18 ਕਰੋੜ ਦਾ ਬਜਟ ਰੱਖਿਆ ਗਿਆ ਹੈ। ਸਫਾਈ ਲਈ ਨਵੀਆਂ ਮਸ਼ੀਨਾਂ ਖਰੀਦੀਆਂ ਜਾਣਗੀਆਂ ਜੋ ਇੱਕ ਘੰਟੇ ਵਿੱਚ 6 ਤੋਂ 8 ਕਿਲੋਮੀਟਰ ਤੱਕ ਸੜਕ ਦੀ ਸਫਾਈ ਕਰਨ ਦੇ ਸਮਰੱਥ ਹਨ। ਪਾਣੀ ਦਾ ਛਿੜਕਾਅ ਵੀ ਕਰਦੀਆਂ ਹਨ। ਇਸ ਮੌਕੇ ਵਾਰਡ ਪੱਧਰੀ ਵਿਕਾਸ ਕਾਰਜਾਂ ਨੂੰ ਮਨਜ਼ੂਰੀ ਦਿੱਤੀ ਗਈ ਜਿਸ ਵਿੱਚ ਤਫੱਜ਼ਲਪੁਰਾ ਪਾਰਕ 'ਚ ਸਟਰੀਟ ਲਾਈਟਾਂ ਲਾਉਣ ਦਾ ਕੰਮ 11.09 ਲੱਖ, ਸੰਨੀ ਐਨਕਲੇਵ, ਮੁੱਖ ਸੜਕ ਦਾ ਨਿਰਮਾਣ 16.88 ਲੱਖ, ਛੋਟਾ ਅਰਾਈ ਮਾਜਰਾ ਵਿੱਚ ਫਿਰਨੀ ਅਤੇ ਸੜਕਾਂ 'ਤੇ ਪੀ ਸੀ ਪਾਉਣ ਲਈ 30 ਲੱਖ, ਮੰਦਰ ਕੇਦਾਰਨਾਥ ਤੋਂ ਕਪੂਰ ਚੌਕ ਤੱਕ ਸੜਕ ਦੀ ਮੁਰੰਮਤ ਲਈ 8.97 ਲੱਖ, ਗ੍ਰੀਨ ਲਹਿਰ ਕਲੋਨੀ ਵਿਚ ਬੋਰ ਇੰਸਟਾਲੇਸ਼ਨ ਲਈ 13 ਲੱਖ, ਡੋਗਰਾ ਮਹੱਲਾ ਗਲੀ ਨੰਬਰ 3, ਸਰਹੰਦੀ ਗੇਟ ਸਦਕਾ ਲਈ 12.35 ਲੱਖ, ਗੋਪਾਲ ਕਾਲੋਨੀ ਵਿੱਚ ਇੰਟਰਲੌਕਿੰਗ ਟਾਈਲਾਂ ਲਈ 20.02 ਲੱਖ, ਹੀਰਾ ਬਾਗ ਵਿੱਚ ਸੀ ਸੀ ਰੋਡ ਬਣਾਉਣ ਲਈ 6.38 ਲੱਖ, ਫੁਹਾਰਾ ਚੌਕ ਤੋਂ ਸ਼ੇਰਾਂਵਾਲਾ ਗੇਟ ਮੁੱਖ ਮਾਰਗ 'ਤੇ ਸਟਰੀਟ ਲਾਈਟਾਂ ਲਾਉਣ ਲਈ 21.02 ਲੱਖ ਤੇ ਵੱਡੀ ਨਦੀ ਦੇ ਨਾਲ ਸਟਰੀਟ ਲਾਈਟਾਂ ਦੇ ਨਿਰਮਾਣ ਲਈ 32.34 ਲੱਖ, ਝਿੱਲ ਅਤੇ ਨੰਬਰਦਾਰ ਐਨਕਲੇਵ ਵਾਸਤੇ ਨਵੇਂ ਸਟਰੀਟ ਲਾਈਟ ਪੁਆਇੰਟਾਂ ਲਈ 3.75 ਲੱਖ ਰੁਪਏ ਰੱਖੇ ਗਏ ਹਨ। ਇਸੇ ਤਰ੍ਹਾਂ ਸੋਡੀਅਮ ਹਾਈਪੋਕਲੋਰਾਈਡ ਨਾਲ ਪਾਣੀ ਨੂੰ ਕੀਟਾਣੂ ਰਹਿਤ ਕਰਨ ਲਈ 61.16 ਲੱਖ ਦਾ ਵਰਕ ਆਰਡਰ ਜਾਰੀ ਕੀਤਾ ਗਿਆ ਹੈ, ਗ੍ਰੀਨ ਲਹਿਲ ਕਲੋਨੀ ਵਿੱਚ 13.36 ਲੱਖ ਦਾ ਨਵਾਂ ਬੋਰ ਲਾਇਆ ਜਾਵੇਗਾ। ਨਿਗਮ ਦੇ ਕੰਮਕਾਜ ਨੂੰ ਡਿਜੀਟਲ ਕਰਨ ਲਈ 48.08 ਲੱਖ ਦੇ ਨਵੀਨਤਮ ਕੰਪਿਊਟਰ ਅਤੇ ਪ੍ਰਿੰਟਰ ਖਰੀਦੇ ਜਾਣਗੇ। ਬਡੂੰਗਰ ਸ਼ਮਸ਼ਾਨਘਾਟ ਵਿੱਚ ਬਿਜਲਈ ਮਸ਼ੀਨ ਦੇ 3 ਸਾਲਾਂ ਦੇ ਰੱਖ-ਰਖਾਅ ਲਈ 9.75 ਲੱਖ ਦਾ ਟੈਂਡਰ ਵੀ ਏਜੰਡੇ ਵਿੱਚ ਸ਼ਾਮਲ ਸੀ। ਇਸ ਮੌਕੇ ਸੀਨੀਅਰ ਡਿਪਟੀ ਮੇਅਰ ਹਰਿੰਦਰ ਕੋਹਲੀ ਅਤੇ ਡਿਪਟੀ ਮੇਅਰ ਜਗਦੀਪ ਜੱਗਾ ਵੀ ਮੌਜੂਦ ਸਨ।

# ਸੁਪਰੀਮ ਕੋਰਟ ਵੱਲੋਂ 'ਰੇਰਾ' ਦੀ ਤਿੱਖੀ ਨੁਕਤਾਚੀਨੀ

### ਡਿਫਾਲਟਰ ਬਿਲਡਰਾਂ ਨੂੰ ਸਹੂਲਤਾਂ ਦੇਣ ਤੋਂ ਬਿਨਾਂ ਕੁਝ ਨਹੀਂ ਕਰ ਰਿਹਾ 'ਰੇਰਾ'

ਨਵੀਂ ਦਿੱਲੀ, 13 ਫਰਵਰੀ (ਪੱਤਰ ਪ੍ਰੇਰਕ) ਸੁਪਰੀਮ ਕੋਰਟ ਨੇ ਅੱਜ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਸਾਰੇ ਸੂਬੇ ਰੀਅਲ ਐਸਟੇਟ ਰੈਗੂਲੇਟਰੀ ਅਥਾਰਟੀ (ਰੇਰਾ) ਦੇ ਗਠਨ ਬਾਰੇ ਮੁੜ ਵਿਚਾਰ ਕਰਨ, ਕਿਉਂਕਿ ਇਹ ਸੰਸਥਾ ਡਿਫਾਲਟਰ ਬਿਲਡਰਾਂ ਨੂੰ ਸਹੂਲਤਾਂ ਦੇਣ ਤੋਂ ਇਲਾਵਾ ਹੋਰ ਕੁਝ ਨਹੀਂ ਕਰ ਰਹੀ। ਚੀਫ ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਜੋਇਮਾਲਿਆ ਬਾਗਚੀ ਦੇ ਬੈਂਚ ਨੇ ਕਿਹਾ ਕਿ ਜਿਨ੍ਹਾਂ ਲੋਕਾਂ ਲਈ ਰੇਰਾ ਬਣਾਇਆ ਗਿਆ ਸੀ, ਉਹ ਪੂਰੀ ਤਰ੍ਹਾਂ ਨਿਰਾਸ਼ ਅਤੇ ਦੁਖੀ ਹਨ। ਅਦਾਲਤ ਨੇ ਇੱਥੋਂ ਤੱਕ ਕਹਿ ਦਿੱਤਾ ਕਿ ਜੇ ਇਸ ਸੰਸਥਾ ਨੂੰ ਖ਼ਤਮ ਵੀ ਕਰ ਦਿੱਤਾ ਜਾਵੇ ਤਾਂ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ। ਇਹ ਟਿੱਪਣੀਆਂ ਉਦੋਂ ਆਈਆਂ ਜਦੋਂ ਬੈਂਚ ਨੇ ਹਿਮਾਚਲ ਪ੍ਰਦੇਸ਼ ਸਰਕਾਰ ਨੂੰ ਰੇਰਾ ਦੇ ਦਫ਼ਤਰ ਨੂੰ ਆਪਣੀ ਪਸੰਦ ਦੀ ਜਗ੍ਹਾ 'ਤੇ ਤਬਦੀਲ ਕਰਨ ਦੀ ਇਜਾਜ਼ਤ ਦਿੱਤੀ। ਅਦਾਲਤ ਹਿਮਾਚਲ ਪ੍ਰਦੇਸ਼ ਸਰਕਾਰ ਵੱਲੋਂ ਦਾਇਰ ਉਸ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਸੀ, ਜਿਸ ਵਿੱਚ ਹਿਮਾਚਲ ਪ੍ਰਦੇਸ਼ ਹਾਈ ਕੋਰਟ ਦੇ ਉਸ ਹੁਕਮ ਨੂੰ ਚੁਣੌਤੀ ਦਿੱਤੀ ਗਈ ਸੀ ਜੋ ਸੂਬੇ ਦੇ ਰੇਰਾ ਦਫ਼ਤਰ ਨੂੰ ਸ਼ਿਮਲਾ ਤੋਂ ਧਰਮਸ਼ਾਲਾ ਤਬਦੀਲ ਕਰਨ ਨਾਲ ਸਬੰਧਤ ਸੀ। ਸੁਪਰੀਮ ਕੋਰਟ ਨੇ ਇਸ ਮਾਮਲੇ ਵਿੱਚ ਹਿਮਾਚਲ ਪ੍ਰਦੇਸ਼ ਹਾਈ ਕੋਰਟ ਦੇ ਹੁਕਮ ਵਿਰੁੱਧ ਦਾਇਰ ਪਟੀਸ਼ਨ 'ਤੇ ਨੋਟਿਸ ਜਾਰੀ ਕੀਤਾ ਹੈ। ਹਾਈ ਕੋਰਟ ਨੇ ਇਸ ਤੋਂ ਪਹਿਲਾਂ ਜੂਨ 2025 ਦੇ ਉਸ ਨੋਟੀਫਿਕੇਸ਼ਨ 'ਤੇ ਰੋਕ ਲਗਾ ਦਿੱਤੀ ਸੀ, ਜੋ ਰੇਰਾ ਦਫ਼ਤਰ ਨੂੰ ਤਬਦੀਲ ਕਰਨ ਨਾਲ ਸਬੰਧਤ ਸੀ। ਬਾਅਦ ਵਿੱਚ 30 ਦਸੰਬਰ 2025 ਨੂੰ ਦਿੱਤੇ ਆਪਣੇ ਹੁਕਮ ਵਿੱਚ ਹਾਈ ਕੋਰਟ ਨੇ ਇਸ ਅੰਤ੍ਰਿਮ ਰੋਕ ਨੂੰ ਜਾਰੀ ਰੱਖਣ ਦਾ ਨਿਰਦੇਸ਼ ਦਿੱਤਾ ਸੀ। ਸਿਖ਼ਰਲੀ ਅਦਾਲਤ ਨੇ ਹਾਈ ਕੋਰਟ ਦੇ 30 ਦਸੰਬਰ ਵਾਲੇ ਨਿਰਦੇਸ਼ 'ਤੇ ਰੋਕ ਲਗਾ ਦਿੱਤੀ ਹੈ।

# ਡਾ. ਜਗਦੀਪ ਨੂੰ ਪੰਜਾਬ ਅਕੈਡਮੀ ਆਫ ਸਾਇੰਸਿਜ਼ ਨੇ ਫੈਲੋ ਚੁਣਿਆ



ਪਟਿਆਲਾ, 13 ਫਰਵਰੀ (ਪੱਤਰ ਪ੍ਰੇਰਕ)-ਪੰਜਾਬੀ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਜਗਦੀਪ ਸਿੰਘ ਨੂੰ 'ਪੰਜਾਬ ਅਕੈਡਮੀ ਆਫ ਸਾਇੰਸਿਜ਼' ਵੱਲੋਂ ਫ਼ੈਲੋ ਚੁਣਿਆ ਗਿਆ ਹੈ। ਜ਼ਿਕਰਯੋਗ ਹੈ ਕਿ ਇਹ ਫ਼ੈਲੋਸ਼ਿਪ ਹਰ ਸਾਲ ਵਿਗਿਆਨ ਵਿਸ਼ੇ ਦੀ ਖੋਜ ਦੇ ਖੇਤਰ ਵਿੱਚ ਯੋਗਦਾਨ ਪਾਉਣ ਵਾਲੀਆਂ ਭਾਰਤੀ ਅਤੇ ਵਿਦੇਸ਼ੀ ਸ਼ਖ਼ਸੀਅਤਾਂ ਨੂੰ ਪ੍ਰਦਾਨ ਕੀਤੀ ਜਾਂਦੀ ਹੈ ਤੇ ਡਾ. ਜਗਦੀਪ ਸਿੰਘ ਦੀ ਇਹ ਚੋਣ ਵੀ ਉਨ੍ਹਾਂ ਵੱਲੋਂ ਲਾਈਫ਼ ਸਾਇੰਸਿਜ਼ ਦੇ ਖੇਤਰ ਵਿੱਚ ਪਾਏ ਗਏ ਯੋਗਦਾਨ ਬਦਲੇ ਕੀਤੀ ਗਈ ਹੈ। ਵਰਨਣਯੋਗ ਹੈ ਕਿ ਵਿਸ਼ੇ ਪੱਖੋਂ ਜੀਵ ਵਿਗਿਆਨ ਵਿੱਚ ਪੀ ਐੱਚ ਡੀ ਕਰਨ ਵਾਲੇ ਡਾ. ਜਗਦੀਪ ਸਿੰਘ ਨੇ ਮੌਲੀਕਿਊਲਰ ਬਾਇਓਲੋਜੀ ਦੇ ਖੇਤਰ ਵਿੱਚ ਪੋਸਟ-ਡਾਕਟਰਲ ਪੱਧਰ ਦੀ ਸਿਖਲਾਈ ਪ੍ਰਾਪਤ ਕੀਤੀ ਹੈ।

# ਗ੍ਰਿਫਤਾਰੀ ਤੋਂ ਕੁਝ ਘੰਟਿਆਂ ਬਾਅਦ ਹੀ ਸ਼ਿਵਮ ਮਿਸ਼ਰਾ ਨੂੰ ਮਿਲੀ ਜ਼ਮਾਨਤ

ਕਾਨਪੁਰ, 13 ਫਰਵਰੀ (ਪੱਤਰ ਪ੍ਰੇਰਕ) ਤੰਬਾਕੂ ਕਾਰੋਬਾਰੀ ਕੇ.ਕੇ. ਮਿਸ਼ਰਾ ਦੇ ਪੁੱਤਰ ਸ਼ਿਵਮ ਮਿਸ਼ਰਾ ਨੂੰ ਹਫਤੇ ਦੇ ਸ਼ੁਰੂ ਵਿੱਚ ਵੀਆਈਪੀ ਰੋਡ 'ਤੇ ਹੋਏ ਹਾਈ-ਪ੍ਰੋਫਾਈਲ ਲੈਂਬੋਰਗਿਨੀ ਹਾਦਸੇ ਦੇ ਸਬੰਧ ਵਿੱਚ ਗ੍ਰਿਫਤਾਰੀ ਤੋਂ ਕੁਝ ਘੰਟਿਆਂ ਬਾਅਦ ਕਾਨਪੁਰ ਅਦਾਲਤ ਤੋਂ ਜ਼ਮਾਨਤ ਮਿਲ ਗਈ ਹੈ। ਗ੍ਰਿਫਤਾਰੀ ਤੋਂ ਬਾਅਦ ਪੁਲੀਸ ਨੇ ਸ਼ਿਵਮ ਨੂੰ ਸਵੇਰੇ 10 ਵਜੇ ਦੇ ਕਰੀਬ ਵਧੀਕ ਮੁੱਖ ਜੁਡੀਸ਼ੀਅਲ ਮੈਜਿਸਟਰੇਟ ਦੀ ਅਦਾਲਤ ਵਿੱਚ ਪੇਸ਼ ਕਰਕੇ ਉਸ ਦੀ ਨਿਆਂਇਕ ਹਿਰਾਸਤ ਦੀ ਮੰਗ ਕੀਤੀ ਸੀ। ਜ਼ਿਲ੍ਹਾ ਸਰਕਾਰੀ ਕੌਂਸਲ (ਕ੍ਰਾਈਮ) ਦਿਲੀਪ ਅਵਸਥੀ ਨੇ ਦੱਸਿਆ ਕਿ ਸ਼ਿਵਮ ਨੂੰ 20,000 ਰੁਪਏ ਦਾ ਜ਼ਮਾਨਤੀ ਬਾਂਡ ਭਰਨ ਤੋਂ ਬਾਅਦ ਰਿਹਾਅ ਕਰ ਦਿੱਤਾ ਗਿਆ। ਮੁਲਜ਼ਮ ਦੇ ਵਕੀਲ ਅਨੰਤ ਸ਼ਰਮਾ ਨੇ ਦੱਸਿਆ ਕਿ ਪੁਲੀਸ ਨੇ ਮਿਸ਼ਰਾ ਦੇ ਰਿਮਾਂਡ ਦੀ ਮੰਗ ਕਰਦਿਆਂ ਅਦਾਲਤ ਵਿੱਚ ਅਰਜ਼ੀ ਦਾਇਰ ਕੀਤੀ ਸੀ, ਪਰ ਉਨ੍ਹਾਂ ਦਾਅਵਾ ਕੀਤਾ ਕਿ ਰਿਮਾਂਡ ਦੇ ਕਾਗਜ਼ਾਂ ਵਿੱਚ ਕਈ ਤਰੁੱਟੀਆਂ ਸਨ। ਜ਼ਿਕਰਯੋਗ ਹੈ ਕਿ ਕਾਨਪੁਰ ਦੀ ਵੀ.ਆਈ.ਪੀ. ਰੋਡ 'ਤੇ ਵਾਪਰੇ ਭਿਆਨਕ ਲੈਂਬੋਰਗਿਨੀ ਹਾਦਸੇ ਦੇ ਮਾਮਲੇ ਵਿੱਚ ਪੁਲੀਸ ਨੇ ਵੱਡੀ ਕਾਰਵਾਈ ਕਰਦਿਆਂ ਮਸ਼ਹੂਰ ਤੰਬਾਕੂ ਕਾਰੋਬਾਰੀ ਕੇ.ਕੇ. ਮਿਸ਼ਰਾ ਦੇ ਪੁੱਤਰ ਸ਼ਿਵਮ ਮਿਸ਼ਰਾ ਨੂੰ ਗ੍ਰਿਫ਼ਤਾਰ ਕੀਤਾ ਸੀ। ਇਹ ਹਾਦਸਾ ਚਾਰ ਦਿਨ ਪਹਿਲਾਂ ਵਾਪਰਿਆ ਸੀ, ਜਦੋਂ ਇੱਕ ਬੇਕਾਬੂ ਲੈਂਬੋਰਗਿਨੀ ਨੇ ਕਈ ਵਾਹਨਾਂ ਅਤੇ ਰਾਹਗੀਰਾਂ ਨੂੰ ਜ਼ੋਰਦਾਰ ਟੱਕਰ ਮਾਰ ਦਿੱਤੀ ਸੀ। ਇਸ ਹਾਦਸੇ ਵਿੱਚ ਕਈ ਲੋਕ ਗੰਭੀਰ ਰੂਪ ਵਿੱਚ ਜ਼ਖਮੀ ਹੋਏ ਸਨ। ਹਾਦਸੇ ਤੋਂ ਬਾਅਦ ਲਗਜ਼ਰੀ ਕਾਰ ਦੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਕਾਫ਼ੀ ਵਾਇਰਲ ਹੋਈਆਂ ਸਨ। ਜਿਸ ਤੋਂ ਬਾਅਦ ਪੁਲੀਸ ਲਗਾਤਾਰ ਇਸ ਮਾਮਲੇ ਵਿੱਚ ਜਾਂਚ ਕਰ ਰਹੀ ਸੀ ਜਾਂਚ ਦੌਰਾਨ ਇਸ ਗੱਲ 'ਤੇ ਕਾਫ਼ੀ ਹੰਗਾਮਾ ਹੋਇਆ ਕਿ ਕਾਰ ਕੌਣ ਚਲਾ ਰਿਹਾ ਸੀ। ਸ਼ਿਵਮ ਦੇ ਪਰਿਵਾਰ ਅਤੇ ਵਕੀਲ ਨੇ ਦਾਅਵਾ ਕੀਤਾ ਸੀ ਕਿ ਕਾਰ ਮੋਹਨ ਨਾਮ ਦਾ ਡਰਾਈਵਰ ਚਲਾ ਰਿਹਾ ਸੀ। ਹਾਲਾਂਕਿ, ਪੁਲੀਸ ਨੇ ਸੀ.ਸੀ.ਟੀ.ਵੀ. ਫੁਟੇਜ ਅਤੇ ਚਸ਼ਮਦੀਦਾਂ ਦੇ ਬਿਆਨਾਂ ਦੇ ਅਧਾਰ 'ਤੇ ਇਹ ਸਪੱਸ਼ਟ ਕੀਤਾ ਕਿ ਹਾਦਸੇ ਵੇਲੇ ਸ਼ਿਵਮ ਮਿਸ਼ਰਾ ਹੀ ਡਰਾਈਵਰ ਸੀਟ 'ਤੇ ਮੌਜੂਦ ਸੀ। ਡਰਾਈਵਰ ਵੱਲੋਂ ਅਦਾਲਤ ਵਿੱਚ ਆਤਮ-ਸਮਰਪਣ ਕਰਨ ਦੀ ਕੋਸ਼ਿਸ਼ ਨੂੰ ਵੀ ਨਕਾਰ ਦਿੱਤਾ ਗਿਆ ਹੈ।

# ਸਰਕਾਰੀ ਬੱਸਾਂ ਚੱਕਾ ਜਾਮ, ਯੂਨੀਅਨ ਆਗੂਆਂ ਦੀ ਰਿਹਾਈ ਲਈ ਮੁੜ ਸੰਘਰਸ਼



ਜਲੰਧਰ, 13 ਫਰਵਰੀ (ਪੱਤਰ ਪ੍ਰੇਰਕ)- ਰੋਡਵੇਜ਼ 'ਚ ਕਿੱਲੋਮੀਟਰ ਸਕੀਮ ਦੀਆਂ ਬੱਸਾਂ ਦਾ ਵਿਰੋਧ ਕਰਦੇ ਹੋਏ ਤੇ ਨੌਂ ਤੋਂ ਵੱਧ ਕਾਂਟ੍ਰੈਕਟ ਮੁਲਾਜਮਾਂ ਨੂੰ ਪੱਕਾ ਕਰਨ ਦੀ ਮੰਗ ਲਈ ਗ੍ਰਿਫਤਾਰ ਕੀਤੇ 10 ਯੂਨੀਅਨ ਆਗੂਆਂ ਦੀ ਰਿਹਾਈ ਦੀ ਮੰਗ ਸਬੰਧੀ ਵੀਰਵਾਰ ਨੂੰ ਕਰਮਚਾਰੀ ਚੱਕਾ ਜਾਮ ਕਰਨਗੇ। ਸਿਰਫ ਜਲੰਧਰ ਡਿਪੂ ਤੋਂ ਹੀ ਪੰਜਾਬ ਰੋਡਵੇਜ, ਪਨਬੱਸ ਤੇ ਪੀਆਰਟੀਸੀ ਦੀਆਂ 200 ਤੋਂ ਵੱਧ ਬੱਸਾਂ ਰੂਟਾਂ 'ਤੇ ਨਹੀਂ ਚੱਲਣਗੀਆਂ। ਰੋਡਵੇਜ ਦੀ ਹੜਤਾਲ ਦੇ ਨਾਲ-ਨਾਲ ਆਂਗਨਵਾੜੀ ਮੁਲਾਜਮ ਯੂਨੀਅਨ ਸੀਟੂ, ਜਲ ਸਪਲਾਈ ਤੇ ਇੰਟਕ ਦੀਆਂ ਯੂਨੀਅਨਾਂ ਵੀ ਸਹਿਯੋਗ ਦੇ ਰਹੀਆਂ ਹਨ। ਰੋਡਵੇਜ ਨੇ ਆਪਣੀਆਂ ਮੰਗਾਂ ਨੂੰ ਲੈ ਕੇ ਦਸੰਬਰ 'ਚ ਪ੍ਰਦਰਸਨ ਸ਼ੁਰੂ ਕੀਤਾ ਸੀ। ਇਸ ਦੌਰਾਨ ਸੰਗਰੂਰ, ਬਰਨਾਲਾ ਤੇ ਪਟਿਆਲਾ ਡਿਪੂ ਨਾਲ ਸਬੰਧਿਤ 10 ਯੂਨੀਅਨ ਆਗੂਆਂ 'ਤੇ ਕੇਸ ਦਰਜ ਕਰਕੇ ਉਨ੍ਹਾਂ ਨੂੰ ਸੰਗਰੂਰ ਜੇਲ੍ਹ ਭੇਜ ਦਿੱਤਾ ਗਿਆ। ਆਗੂਆਂ ਦੀ ਰਿਹਾਈ ਲਈ ਕਰਮਚਾਰੀ ਸੰਗਠਨਾਂ ਵੱਲੋਂ ਵਿਰੋਧ ਕੀਤਾ ਗਿਆ ਤੇ ਸਰਕਾਰੀ ਨੁਮਾਇੰਦਿਆਂ ਨਾਲ ਚਾਰ ਮੀਟਿੰਗਾਂ ਹੋਈਆਂ, ਜਿਨ੍ਹਾਂ 'ਚ ਰਿਹਾਈ ਤੇ ਕੇਸ ਖਤਮ ਕਰਨ ਦਾ ਭਰੋਸਾ ਦਿੱਤਾ ਗਿਆ ਸੀ। ਭਰੋਸੇ ਦੇ ਬਾਵਜੂਦ ਰਿਹਾਈ ਨਾ ਹੋਣ 'ਤੇ 13 ਫਰਵਰੀ ਨੂੰ ਚੱਕਾ ਜਾਮ ਤੇ ਮੁੱਖ ਮੰਤਰੀ ਨਿਵਾਸ ਦਾ ਘਿਰਾਓ ਕਰਨ ਦਾ ਐਲਾਨ ਕੀਤਾ ਗਿਆ ਹੈ। ਇਹ ਰੂਟ ਪ੍ਰਭਾਵਿਤ ਰਹਿਣਗੇ ਜਲੰਧਰ ਡਿਪੂ-1 ਤੇ 2 ਦੇ ਨਾਲ ਪੰਜਾਬ ਰੋਡਵੇਜ, ਪੀਆਰਟੀਸੀ ਤੇ ਪਨਬੱਸ ਦੀਆਂ 200 ਤੋਂ ਵੱਧ ਬੱਸਾਂ ਰੂਟਾਂ 'ਤੇ ਨਹੀਂ ਚੱਲਣਗੀਆਂ। ਬੁੱਧਵਾਰ ਸਾਮ ਨੂੰ ਜਲੰਧਰ ਡਿਪੂ-1 ਤੇ 2 ਨੂੰ ਬੰਦ ਕਰਕੇ ਬੱਸਾਂ ਅੰਦਰ ਖੜ੍ਹੀਆਂ ਕਰ ਦਿੱਤੀਆਂ ਗਈਆਂ। ਵੀਰਵਾਰ ਨੂੰ ਅੰਮ੍ਰਿਤਸਰ, ਚੰਡੀਗੜ੍ਹ, ਲੁਧਿਆਣਾ, ਪਟਿਆਲਾ, ਅੰਬਾਲਾ, ਦਿੱਲੀ, ਜੈਪੁਰ, ਹਲਦਵਾਨੀ, ਜੰਮੂ, ਸ਼ਿਮਲਾ, ਫਿਰੋਜਪੁਰ, ਫਾਜਿਲਕਾ, ਨਵਾਂਸਹਿਰ ਸਮੇਤ ਕਈ ਹੋਰ ਰੂਟਾਂ 'ਤੇ ਸਰਕਾਰੀ ਬੱਸਾਂ 'ਚ ਸਫਰ ਨਹੀਂ ਹੋ ਸਕੇਗਾ। ਜਲੰਧਰ ਹੀ ਨਹੀਂ, ਸੂਬੇ ਦੇ ਹੋਰ ਡਿਪੂ ਵੀ ਵੀਰਵਾਰ ਨੂੰ ਹੜਤਾਲ 'ਤੇ ਰਹਿਣਗੇ। ਦੇਸ ਭਗਤ ਯਾਦਗਾਰ ਹਾਲ ਤੋਂ ਸ਼ੁਰੂ ਹੋਵੇਗਾ ਵਿਰੋਧ ਪ੍ਰਦਰਸਨ ਸਰਕਾਰ ਦੇ ਭਰੋਸੇ ਦੇ ਬਾਵਜੂਦ ਗ੍ਰਿਫਤਾਰ ਯੂਨੀਅਨ ਨੇਤਾਵਾਂ ਨੂੰ ਰਿਹਾਅ ਨਹੀਂ ਕੀਤਾ ਗਿਆ, ਉਨ੍ਹਾਂ ਦੀ ਗ੍ਰਿਫਤਾਰੀ ਨੂੰ ਦੋ ਮਹੀਨੇ ਹੋ ਚੁੱਕੇ ਹਨ। ਰੋਡਵੇਜ, ਪੀਆਰਟੀਸੀ ਤੇ ਪਨਬੱਸ ਦੇ 900 ਤੋਂ ਵੱਧ ਮੁਲਾਜਮ ਕਾਂਟ੍ਰੈਕਟ 'ਤੇ ਹਨ, ਜਦਕਿ ਪੱਕੇ ਕਰਮਚਾਰੀ ਸੇਵਾਮੁਕਤ ਹੋ ਰਹੇ ਹਨ, ਫਿਰ ਵੀ ਕਾਂਟ੍ਰੈਕਟ ਮੁਲਾਜਮਾਂ ਨੂੰ ਪੱਕਾ ਨਹੀਂ ਕੀਤਾ ਜਾ ਰਿਹਾ। ਮੰਗਾਂ ਲਈ ਪ੍ਰਦਰਸਨ ਕਰਨ 'ਤੇ ਆਗੂਆਂ ਨੂੰ ਜੇਲ੍ਹ ਭੇਜ ਦਿੱਤਾ ਜਾਂਦਾ ਹੈ। -ਚਾਨਣ ਸਿੰਘ, ਮਹਾਂ ਸਕੱਤਰ, ਪੰਜਾਬ ਰੋਡਵੇਜ ਕਾਂਟ੍ਰੈਕਟ ਯੂਨੀਅਨ ਹੜਤਾਲ 'ਚ ਸਾਮਲ ਹੋਣ ਤੋਂ ਪਹਿਲਾਂ ਪੀਐੱਸਪੀਸੀਐੱਲ ਨੇ ਜਾਰੀ ਕੀਤਾ ਨੋਟਿਸ ਕੇਂਦਰ ਤੇ ਰਾਜ ਸਰਕਾਰ ਦੀਆਂ ਮੁਲਾਜਮ ਵਿਰੋਧੀ ਨੀਤੀਆਂ ਖਿਲਾਫ ਸੰਯੁਕਤ ਕਿਸਾਨ ਮੋਰਚਾ, ਕੇਂਦਰੀ ਟਰੇਡ ਯੂਨੀਅਨਾਂ ਤੇ ਮੁਲਾਜਮ ਫੈਡਰੇਸਨ ਵੱਲੋਂ 13 ਫਰਵਰੀ ਨੂੰ ਰਾਸਟਰੀ ਪੱਧਰ ਦੀ ਹੜਤਾਲ ਦਾ ਐਲਾਨ ਕੀਤਾ ਗਿਆ ਹੈ। ਵੱਖ-ਵੱਖ ਵਿਭਾਗਾਂ ਦੇ ਕਰਮਚਾਰੀ ਦੇਸ ਭਗਤ ਯਾਦਗਾਰ ਹਾਲ 'ਚ ਇਕੱਠੇ ਹੋ ਕੇ ਸਰਕਾਰਾਂ ਖਿਲਾਫ ਰੋਸ ਪ੍ਰਦਰਸਨ ਕਰਨਗੇ। ਮੁੱਖ ਮੰਗਾਂ 'ਚ ਮਜਦੂਰੀ ਕਾਨੂੰਨਾਂ 'ਚ ਕੀਤੀਆਂ ਤਬਦੀਲੀਆਂ ਰੱਦ ਕਰਨ, ਪੁਰਾਣੀ ਪੈਨਸਨ ਸਕੀਮ ਬਹਾਲ ਕਰਨ, ਪੀਐੱਫਆਰਡੀਏ ਬਿਲ ਰੱਦ ਕਰਨ, ਸਭ ਫਸਲਾਂ 'ਤੇ ਐੱਮਐੱਸਪੀ ਲਾਗੂ ਕਰਨ, ਸਰਕਾਰੀ ਵਿਭਾਗਾਂ ਨੂੰ ਕਾਰਪੋਰੇਟ ਹੱਥਾਂ 'ਚ ਵੇਚਣ 'ਤੇ ਰੋਕ ਲਗਾਉਣ ਤੇ ਅੱਠਵਾਂ ਤਨਖਾਹ ਕਮਿਸਨ ਲਾਗੂ ਕਰਨ ਦੀ ਮੰਗ ਸਾਮਲ ਹੈ। ਪੀਐੱਸਪੀਸੀਐੱਲ ਨੇ ਹੜਤਾਲ 'ਚ ਸਾਮਲ ਹੋਣ ਤੋਂ ਪਹਿਲਾਂ ਮੁਲਾਜਮਾਂ ਲਈ ਹਦਾਇਤਾਂ ਜਾਰੀ ਕੀਤੀਆਂ ਹਨ। ਨੋਟਿਸ ਅਨੁਸਾਰ ਹੈੱਡਕੁਆਰਟਰ ਛੱਡਣ ਤੋਂ ਪਹਿਲਾਂ ਅਧਿਕਾਰੀ ਨੂੰ ਜਾਣਕਾਰੀ ਦੇਣੀ ਲਾਜਮੀ ਹੈ। ਕੋਈ ਵੀ ਦਫਤਰ ਬੰਦ ਨਾ ਕੀਤਾ ਜਾਵੇ ਤੇ ਕੈਸ ਕਾਊਂਟਰ ਖੁੱਲ੍ਹੇ ਰਹਿਣ। ਹੜਤਾਲ ਦੇ ਦਿਨ ਸਿਰਫ ਮੈਡੀਕਲ ਆਧਾਰ 'ਤੇ ਹੀ ਛੁੱਟੀ ਮਿਲੇਗੀ। ਜੇ ਕੋਈ ਕਰਮਚਾਰੀ ਹੜਤਾਲ 'ਚ ਸਾਮਲ ਹੋ ਕੇ ਡਿਊਟੀ 'ਤੇ ਹਾਜਰ ਨਹੀਂ ਹੁੰਦਾ ਤਾਂ ਉਸ ਦੀ ਗੈਰਹਾਜਰੀ ਲਗਾਈ ਜਾਵੇਗੀ ਤੇ ਇਕ ਦਿਨ ਦੀ ਤਨਖਾਹ ਨਹੀਂ ਦਿੱਤੀ ਜਾਵੇਗੀ। ਦੋ ਘੰਟੇ ਲਈ ਵੀ ਹੜਤਾਲ 'ਚ ਸਾਮਲ ਹੋਣ 'ਤੇ ਉਸ ਦਿਨ ਦੀ ਤਨਖਾਹ ਨਹੀਂ ਮਿਲੇਗੀ। ਜਿਹੜੇ ਕਰਮਚਾਰੀ 2026-27 'ਚ ਰਿਟਾਇਰ ਹੋਣ ਵਾਲੇ ਹਨ, ਉਹ ਹੜਤਾਲ 'ਚ ਸਾਮਲ ਹੋਏ ਤਾਂ ਉਨ੍ਹਾਂ ਦੇ ਪੈਨਸਨ ਲਾਭ ਰੋਕੇ ਜਾ ਸਕਦੇ ਹਨ। ਠੇਕੇ 'ਤੇ ਭਰਤੀ, ਵਰਕਚਾਰਜ ਤੇ ਡੇਲੀ ਵੇਜ ਕਰਮਚਾਰੀ ਹੜਤਾਲ 'ਚ ਸਾਮਲ ਹੋਣ 'ਤੇ ਉਨ੍ਹਾਂ ਦੀਆਂ ਸੇਵਾਵਾਂ ਖਤਮ ਕੀਤੀਆਂ ਜਾ ਸਕਦੀਆਂ ਹਨ।

# ਅੰਤਰਰਾਜੀ ਨਸ਼ਾ ਤਸਕਰੀ ਨੈੱਟਵਰਕ ਦਾ ਪਰਦਾਫਾਸ਼

ਸ਼ਿਮਲਾ, 13 ਫਰਵਰੀ (ਪੱਤਰ ਪ੍ਰੇਰਕ) ਸ਼ਿਮਲਾ ਪੁਲੀਸ ਨੇ ਇੱਕ ਵੱਡੀ ਕਾਰਵਾਈ ਕਰਦਿਆਂ ਅੰਤਰ-ਰਾਜੀ ਨਸ਼ਾ ਤਸਕਰੀ ਨੈੱਟਵਰਕ ਦਾ ਪਰਦਾਫਾਸ਼ ਕੀਤਾ ਹੈ ਅਤੇ ਇਸ ਦੇ ਕਥਿਤ ਮੁੱਖ ਸਰਗਨਾ ਵਿਜੇ ਉਰਫ਼ ਡੇਵਿਡ ਉਰਫ਼ ਬਿਹਾਰੀ ਨੂੰ ਪੰਜਾਬ ਦੇ ਜ਼ੀਰਕਪੁਰ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ, ਜੋ ਜ਼ਿਲ੍ਹੇ ਦੇ ਕਈ ਐੱਨ ਡੀ ਪੀ ਐੱਸ ਕੇਸਾਂ ਵਿੱਚ ਲੋੜੀਂਦਾ ਸੀ। ਜ਼ਿਲ੍ਹਾ ਪੁਲੀਸ ਅਨੁਸਾਰ ਨਸ਼ਾ ਤਸਕਰੀ ਦੇ ਪਿਛੋਕੜ ਦੀ ਜਾਂਚ ਦੌਰਾਨ ਥਿਓਗ, ਬਾਲੂਗੰਜ, ਰਾਮਪੁਰ ਅਤੇ ਕੁਮਾਰਸੈਨ ਥਾਣਿਆਂ ਵਿੱਚ ਦਰਜ ਪੰਜ ਹਾਲੀਆ ਮਾਮਲਿਆਂ ਵਿੱਚ ਇਹ ਸਾਹਮਣੇ ਆਇਆ ਕਿ ਸਾਰੇ ਮੁਲਜ਼ਮ ਵਿਜੇ ਉਰਫ਼ ਡੇਵਿਡ ਤੋਂ ਹੀ ਹੈਰੋਇਨ (ਚਿੱਟਾ) ਖਰੀਦ ਰਹੇ ਸਨ। ਪੁਲੀਸ ਦੀ ਵਿਸ਼ੇਸ਼ ਟੀਮ ਨੇ ਤਕਨੀਕੀ ਸਬੂਤਾਂ ਦੇ ਆਧਾਰ 'ਤੇ 24 ਘੰਟਿਆਂ ਦੇ ਅਪਰੇਸ਼ਨ ਤੋਂ ਬਾਅਦ ਵਿਜੇ ਅਤੇ ਉਸ ਦੇ ਸਾਥੀ ਨਿਤੇਸ਼ ਸ਼ਰਮਾ ਨੂੰ ਕਾਬੂ ਕੀਤਾ। 28 ਸਾਲਾ ਵਿਜੇ ਅੰਬਾਲਾ ਕੈਂਟ ਦਾ ਰਹਿਣ ਵਾਲਾ ਹੈ ਅਤੇ ਹਿਮਾਚਲ ਦੇ ਵੱਖ-ਵੱਖ ਹਿੱਸਿਆਂ ਵਿੱਚ 70 ਤੋਂ ਵੱਧ ਲੋਕਾਂ ਨੂੰ ਚਿੱਟੇ ਦੀ ਸਪਲਾਈ ਕਰ ਰਿਹਾ ਸੀ। ਉਸ ਦਾ ਪੁਰਾਣਾ ਅਪਰਾਧਿਕ ਰਿਕਾਰਡ ਹੈ ਅਤੇ ਉਹ ਪਹਿਲਾਂ ਵੀ ਨਸ਼ਾ ਤਸਕਰੀ ਅਤੇ ਇਰਾਦਾ-ਏ-ਕਤਲ ਵਰਗੇ ਮਾਮਲਿਆਂ ਵਿੱਚ ਸ਼ਾਮਲ ਰਿਹਾ ਹੈ। ਪੁਲੀਸ ਨੇ ਦੱਸਿਆ ਕਿ ਹਾਲ ਹੀ ਦੇ ਪੰਜ ਮਾਮਲਿਆਂ ਵਿੱਚ 335 ਗ੍ਰਾਮ ਤੋਂ ਵੱਧ ਚਿੱਟੇ ਦੀ ਤਸਕਰੀ ਵਿੱਚ ਉਸ ਦੀ ਸ਼ਮੂਲੀਅਤ ਪਾਈ ਗਈ ਹੈ ਅਤੇ ਹੁਣ ਤੱਕ ਇਸ ਨੈੱਟਵਰਕ ਨਾਲ ਜੁੜੇ 15 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ।

# ਅਰਾਵਲੀ ਨੂੰ ਕਿਸੇ ਨੂੰ ਹੱਥ ਨਹੀਂ ਲਾਉਣ ਦਿਆਂਗੇ: ਸੁਪਰੀਮ ਕੋਰਟ

### ਹਰਿਆਣਾ ਦੀ 'ਜ਼ੂ ਸਫਾਰੀ' ਯੋਜਨਾ ਨੂੰ ਮਨਜ਼ੂਰੀ ਦੇਣ ਤੋਂ ਇਨਕਾਰ



ਨਵੀਂ ਦਿੱਲੀ, 13 ਫਰਵਰੀ (ਪੱਤਰ ਪ੍ਰੇਰਕ) ਸੁਪਰੀਮ ਕੋਰਟ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਹੈ ਕਿ ਉਹ ਕਿਸੇ ਨੂੰ ਵੀ ਅਰਾਵਲੀ ਨੂੰ ਹੱਥ ਲਗਾਉਣ ਦੀ ਇਜਾਜ਼ਤ ਨਹੀਂ ਦੇਵੇਗਾ। ਅਦਾਲਤ ਨੇ ਹਰਿਆਣਾ ਸਰਕਾਰ ਨੂੰ ਜੰਗਲ ਸਫਾਰੀ ਬਾਰੇ ਵਿਸਥਾਰ 'ਚ ਯੋਜਨਾ ਪੇਸ਼ ਕਰਨ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਜਦੋਂ ਤੱਕ ਮਾਹਿਰਾਂ ਵੱਲੋਂ 'ਅਰਾਵਲੀ ਰੇਂਜ' ਦੀ ਪਰਿਭਾਸ਼ਾ ਸਪੱਸ਼ਟ ਨਹੀਂ ਕੀਤੀ ਜਾਂਦੀ, ਕੋਈ ਕਾਰਵਾਈ ਨਹੀਂ ਹੋਵੇਗੀ। ਚੀਫ ਜਸਟਿਸ ਸੂਰਿਆ ਕਾਂਤ, ਜਸਟਿਸ ਜੋਇਮਾਲਿਆ ਬਾਗਚੀ ਅਤੇ ਜਸਟਿਸ ਵਿਪੁਲ ਐੱਮ ਪੰਚੋਲੀ ਦੇ ਬੈਂਚ ਨੇ ਕਿਹਾ ਕਿ ਜੰਗਲ ਸਫਾਰੀ ਦੇ ਮੁੱਦੇ 'ਤੇ ਉਦੋਂ ਵਿਚਾਰ ਕੀਤਾ ਜਾਵੇਗਾ, ਜਦੋਂ ਅਦਾਲਤ ਅਰਾਵਲੀ ਰੇਂਜ ਨਾਲ ਸਬੰਧਤ ਮੁੱਖ ਮਾਮਲੇ ਦੀ ਸੁਣਵਾਈ ਕਰੇਗੀ। ਸਰਕਾਰ ਦੇ ਵਕੀਲ ਨੇ ਕਿਹਾ ਕਿ ਉਨ੍ਹਾਂ ਨੇ ਸਫਾਰੀ ਪ੍ਰਾਜੈਕਟ ਦੀ ਵਿਸਥਾਰਤ ਪ੍ਰਾਜੈਕਟ ਰਿਪੋਰਟ (ਡੀ ਪੀ ਆਰ) ਵਿੱਚ ਸੋਧ ਕੀਤੀ ਹੈ ਜਿਸ ਨੂੰ 10,000 ਏਕੜ ਤੋਂ ਘਟਾ ਕੇ 3,300 ਏਕੜ ਤੋਂ ਵੱਧ ਕਰ ਦਿੱਤਾ ਗਿਆ ਹੈ। ਉਨ੍ਹਾਂ ਮੰਗ ਕੀਤੀ ਕਿ ਇਸ ਰਿਪੋਰਟ ਨੂੰ ਕੇਂਦਰੀ ਅਧਿਕਾਰਤ ਕਮੇਟੀ (ਸੀ ਈ ਸੀ) ਕੋਲ ਜਾਂਚ ਲਈ ਭੇਜਣ ਦੀ ਇਜਾਜ਼ਤ ਦਿੱਤੀ ਜਾਵੇ। ਬੈਂਚ ਨੇ ਕਿਹਾ, "ਅਸੀਂ ਮਾਹਿਰ ਨਹੀਂ ਹਾਂ। ਮਾਹਿਰ ਹੀ ਅਰਾਵਲੀ ਦੀ ਪਰਿਭਾਸ਼ਾ ਤੈਅ ਕਰਨਗੇ। ਜਦੋਂ ਤੱਕ ਅਰਾਵਲੀ ਰੇਂਜ ਦੀ ਪਰਿਭਾਸ਼ਾ ਤੈਅ ਨਹੀਂ ਹੋ ਜਾਂਦੀ, ਅਸੀਂ ਕਿਸੇ ਨੂੰ ਵੀ ਅਰਾਵਲੀ ਨੂੰ ਹੱਥ ਲਾਉਣ ਦੀ ਇਜਾਜ਼ਤ ਨਹੀਂ ਦਿਆਂਗੇ।" ਚੀਫ਼ ਜਸਟਿਸ ਨੇ ਕਿਹਾ ਕਿ ਅਰਾਵਲੀ ਸਿਰਫ਼ ਹਰਿਆਣਾ ਜਾਂ ਰਾਜਸਥਾਨ ਦੀ ਨਹੀਂ ਹੈ, ਸਗੋਂ ਇਹ ਇੱਕ ਅਜਿਹੀ ਪਹਾੜੀ ਲੜੀ ਹੈ ਜੋ ਕਈ ਰਾਜਾਂ ਵਿੱਚੋਂ ਲੰਘਦੀ ਹੈ।

# ਟੈੱਟ ਦੀ ਸ਼ਰਤ ਖਿਲਾਫ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜੀਆਂ

ਸੰਗਰੂਰ, 13 ਫਰਵਰੀ (ਪੱਤਰ ਪ੍ਰੇਰਕ)- ਸੰਗਰੂਰ ਜ਼ਿਲ੍ਹੇ ਦੀਆਂ ਸਮੂਹ ਅਧਿਆਪਕ ਜਥੇਬੰਦੀਆਂ ਵੱਲੋਂ ਡੀ ਸੀ ਦਫ਼ਤਰ ਅੱਗੇ ਟੈੱਟ ਦੀ ਸ਼ਰਤ ਲਾਗੂ ਕਰਨ ਖਿਲਾਫ ਨੋਟੀਫਿਕੇਸ਼ਨ ਦੀਆਂ ਕਾਪੀਆਂ ਫੂਕਦਿਆਂ ਪੰਜਾਬ ਸਰਕਾਰ ਵਿਰੁੱਧ ਮੁਜਾਹਰਾ ਕੀਤਾ ਗਿਆ। ਪ੍ਰਦਰਸ਼ਨਕਾਰੀਆਂ ਨੇ ਕਿਹਾ ਕਿ ਜੇਕਰ ਸਰਕਾਰ ਨੇ ਮੰਗ ਨਾ ਮੰਨੀ ਤਾਂ 22 ਫਰਵਰੀ ਨੂੰ ਸਿੱਖਿਆ ਮੰਤਰੀ ਦੇ ਹਲਕੇ ਆਨੰਦਪੁਰ ਸਾਹਿਬ ਵਿੱਚ ਪ੍ਰਦਰਸ਼ਨ ਕੀਤਾ ਜਾਵੇਗਾ ਜਿਸ ਵਿੱਚ ਸਮੁੱਚੇ ਪੰਜਾਬ ਤੋਂ ਅਧਿਆਪਕ ਸ਼ਾਮਿਲ ਹੋਣਗੇ। ਇਸ ਮੌਕੇ ਅਧਿਆਪਕ ਆਗੂਆਂ ਦੇਵੀ ਦਿਆਲ, ਕ੍ਰਿਸ਼ਨ ਸਿੰਘ ਦੁੱਗਾਂ, ਗੁਰਜੰਟ ਸਿੰਘ ਵਾਲੀਆਂ, ਸੁਖਜਿੰਦਰ ਸਿੰਘ ਹਰੀਕਾ, ਸੁਖਵਿੰਦਰ ਗਿਰ, ਦਾਤਾ ਸਿੰਘ ਅਤੇ ਜੋਤਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ 2011 ਤੋਂ ਪਹਿਲਾਂ ਭਰਤੀ ਹੋਏ ਅਧਿਆਪਕਾਂ ਉੱਤੇ ਨੌਕਰੀ ਵਿੱਚ ਬਣੇ ਰਹਿਣ ਅਤੇ ਤਰੱਕੀ ਲੈਣ ਲਈ ਟੈਟ (ਟੀਚਰ ਐਲਿਜੀਬਿਲਟੀ ਟੈਸਟ) ਪਾਸ ਕਰਨ ਦੀ ਜਬਰੀ ਸ਼ਰਤ ਥੋਪ ਦਿੱਤੀ ਗਈ ਹੈ ਜਿਸ ਕਾਰਨ ਸਮੁੱਚੇ ਅਧਿਆਪਕ ਵਰਗ ਵਿਚ ਰੋਸ ਹੈ। ਆਗੂਆਂ ਨੇ ਸਪਸ਼ਟ ਕੀਤਾ ਕਿ 20-22 ਸਾਲਾਂ ਤੋਂ ਸੇਵਾਵਾਂ ਨਿਭਾਅ ਰਹੇ ਅਧਿਆਪਕਾਂ 'ਤੇ ਅਜਿਹੀ ਸ਼ਰਤ ਲਗਾਉਣਾ ਗੈਰ ਤਰਕਸੰਗਤ ਹੈ ਕਿਉਂਕਿ ਉਸ ਸਮੇਂ ਭਰਤੀ ਕੀਤੇ ਗਏ ਅਧਿਆਪਕ ਤਤਕਾਲ ਸੇਵਾ ਸ਼ਰਤਾਂ ਨਿਯਮਾਂ ਅਨੁਸਾਰ ਆਪਣੀ ਯੋਗਤਾ ਪੂਰੀ ਕਰਕੇ ਆਪਣੀ ਸੇਵਾ ਵਿੱਚ ਆਏ ਸਨ। ਸੇਵਾ ਵਿੱਚ ਆਉਣ ਤੋਂ ਬਾਅਦ ਇਹ ਸ਼ਰਤਾਂ ਲਗਾਉਣਾ ਗੈਰ-ਵਾਜਬ ਹੈ। ਆਗੂਆਂ ਨੇ ਕਿਹਾ ਕਿ ਪੁਰਾਣੀ ਪੈਨਸ਼ਨ ਬਹਾਲੀ, ਕੱਚੇ ਅਤੇ ਕੰਟਰੈਕਟ ਅਧਿਆਪਕਾਂ ਨੂੰ ਰੈਗੂਲਰ ਕਰਨ ਦੀ ਬਜਾਏ ਅਤੇ ਬੱਚਿਆਂ ਦੀ ਸਿੱਖਿਆ ਤੋਂ ਧਿਆਨ ਹਟਾ ਕੇ ਅਧਿਆਪਕਾਂ ਨੂੰ ਟੈਟ ਦੇ ਪੇਪਰ ਵਿੱਚ ਉਲਝਾਇਆ ਜਾ ਰਿਹਾ ਹੈ। ਅਧਿਆਪਕਾਂ ਦੀ ਅਕਾਰ ਘਟਾਈ ਕਰਨ ਦੀ ਕੋਝੀ ਸਾਜਿਸ਼ ਹੈ। ਆਗੂਆਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਸਬਕ ਨਾ ਲਿਆ ਤਾਂ 22 ਫਰਵਰੀ ਨੂੰ ਸਿੱਖਿਆ ਮੰਤਰੀ ਦੇ ਹਲਕੇ ਆਨੰਦਪੁਰ ਸਾਹਿਬ ਵਿਖੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ ਜਿਸ ਵਿੱਚ ਸਮੁੱਚੇ ਪੰਜਾਬ ਤੋਂ ਅਧਿਆਪਕ ਸ਼ਾਮਿਲ ਹੋਣਗੇ। ਇਸ ਮੌਕੇ ਫਕੀਰ ਸਿੰਘ ਟਿੱਬਾ, ਸੁਖਵਿੰਦਰ ਸਿੰਘ ਢਿੱਲਵਾਂ, ਸਰਬਜੀਤ ਸਿੰਘ ਪੁੰਨਾਵਾਲ, ਵਰਿੰਦਰਜੀਤ ਬਜਾਜ, ਮਨਦੀਪ ਸਿੰਘ, ਸੁਖਜਿੰਦਰ ਸਿੰਘ, ਹਰੀਸ਼ ਕੁਮਾਰ, ਰਾਮ ਸਿੰਘ, ਸੌਰਵ ਜੋਸ਼ੀ, ਬਲਜੀਤ ਸਿੰਘ, ਯਾਦਵਿੰਦਰ ਪਾਲ, ਮਨਪ੍ਰੀਤ ਕੌਰ, ਨਿਸ਼ਚਲ ਗਰਗ, ਰਸਿਮ ਸ਼ਰਮਾ, ਬਲਵਿੰਦਰ ਸਿੰਘ, ਨਿਰਮਲ ਸਿੰਘ ਆਦਿ ਮੌਜੂਦ ਸਨ।

# ਵਿਦੇਸ਼ਾਂ 'ਚ ਪੜ੍ਹਾਈ ਹਕੀਕਤ ਬਾਰੇ ਸੈਮੀਨਾਰ

### ਮਿੰਟੂ ਬਰਾੜ ਨੇ ਵਿਦੇਸ਼ਾਂ 'ਚ ਪੜ੍ਹਾਈ ਕਰਨ ਦਾ ਸੁਫ਼ਨਾ ਪੂਰਾ ਕਰਨ ਦੇ ਗੁਰ ਦੱਸੇ



ਨਵੀਂ ਦਿੱਲੀ, 13 ਫਰਵਰੀ (ਪੱਤਰ ਪ੍ਰੇਰਕ) ਇੱਥੇ ਸ੍ਰੀ ਗੁਰੂ ਨਾਨਕ ਦੇਵ ਖਾਲਸਾ ਕਾਲਜ ਵਿੱਚ ਪੰਜਾਬੀ ਸਾਹਿਤ ਸਭਾ 'ਕਲਮ' ਅਤੇ ਸਿਵਲ ਸੁਸਾਇਟੀ ਦੇ ਸਾਂਝੇ ਉਦਮ ਨਾਲ 'ਸੁਫ਼ਨਿਆਂ ਤੋਂ ਪਾਰ: ਵਿਦੇਸ਼ਾਂ ਵਿੱਚ ਪੜ੍ਹਾਈ ਦੀਆਂ ਜ਼ਮੀਨੀ ਹਕੀਕਤਾਂ' ਬਾਰੇ ਆਨਲਾਈਨ ਸੈਮੀਨਾਰ ਕਰਵਾਇਆ ਗਿਆ। ਸੈਮੀਨਾਰ ਵਿੱਚ ਪੰਜਾਬੀ ਅਖ਼ਬਾਰ ਆਸਟਰੇਲੀਆ ਦੇ ਮੁੱਖ ਸੰਪਾਦਕ ਅਤੇ ਹਰਮਨ ਰੇਡੀਓ ਦੇ ਮੈਨੇਜਰ ਗੁਰਸ਼ਮਿੰਦਰ ਸਿੰਘ ਉਰਫ਼ ਮਿੰਟੂ ਬਰਾੜ ਨੇ ਮੁੱਖ ਵਕਤਾ ਵਜੋਂ ਵਿਚਾਰਾਂ ਦੀ ਸਾਂਝ ਪਾਈ। ਸੈਮੀਨਾਰ ਦਾ ਆਗਾਜ਼ ਸ਼ਬਦ ਗਾਇਨ ਨਾਲ ਕੀਤਾ ਗਿਆ ਅਤੇ ਕਾਲਜ ਦੇ ਪ੍ਰਿੰਸੀਪਲ ਡਾ. ਬਲਜੀਤ ਸਿੰਘ ਨੇ ਮੁੱਖ ਵਕਤਾ ਨੂੰ ਜੀ ਆਇਆਂ ਆਖਦਿਆਂ ਵਿਦਿਆਰਥੀਆਂ ਨੂੰ ਇਹੋ ਜਿਹੇ ਸਮਾਗਮਾਂ ਵਿੱਚ ਵੱਧ ਤੋਂ ਵੱਧ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। 'ਕਲਮ' ਪੰਜਾਬੀ ਸਾਹਿਤ ਸਭਾ ਦੀ ਕਨਵੀਨਰ ਡਾ. ਸਿਮਰਨ ਕੌਰ ਸੇਠੀ ਨੇ ਸਮਾਗਮ ਦੇ ਉਦੇਸ਼ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਉਪਰੰਤ ਮਿੰਟੂ ਬਰਾੜ ਨੇ ਜਿੱਥੇ ਵਿਦਿਆਰਥੀਆਂ ਨੂੰ ਵਿਦੇਸ਼ਾਂ ਵਿੱਚ ਜਾ ਕੇ ਪੜ੍ਹਾਈ ਕਰਨ ਦਾ ਸੁਫ਼ਨਾ ਸਾਕਾਰ ਕਰਨ ਦੇ ਗੁਰ ਦੱਸੇ ਉੱਥੇ ਹੀ ਬੇਗਾਨੀ ਧਰਤੀ 'ਤੇ ਉਨ੍ਹਾਂ ਨੂੰ ਪੇਸ਼ ਆਉਣ ਵਾਲੀਆਂ ਮੁਸ਼ਕਲਾਂ ਅਤੇ ਜ਼ਮੀਨੀ ਹਕੀਕਤਾਂ ਤੋਂ ਵੀ ਜਾਣੂ ਕਰਵਾਇਆ। ਨਾਲ ਹੀ ਇਨ੍ਹਾਂ ਨੂੰ ਹੱਲ ਕਰਨ ਦੇ ਸੁਝਾਅ ਵੀ ਦਿੱਤੇ। ਮਿੰਟੂ ਬਰਾੜ ਨੇ ਵਿਦਿਆਰਥੀਆਂ ਨੂੰ ਵਿਦੇਸ਼ਾਂ ਵਿੱਚ ਅਕਾਦਮਿਕ ਅਤੇ ਮਾਨਸਿਕ ਪੱਖੋਂ ਪੂਰੀ ਤਿਆਰੀ ਨਾਲ ਆਉਣ ਬਾਰੇ ਸਲਾਹ ਦਿੱਤੀ ਤਾਂ ਜੋ ਆਪਣੀ ਜ਼ਿੰਦਗੀ ਨੂੰ ਬਿਹਤਰ ਬਣਾ ਸਕਣ। ਇਸ ਮੌਕੇ ਵਿਦੇਸ਼ਾਂ 'ਚ ਜਾਣ ਦੇ ਚਾਹਵਾਨ ਵਿਦਿਆਰਥੀਆਂ ਨੇ ਸਵਾਲ ਪੁੱਛੇ, ਜਿਨ੍ਹਾਂ ਦੇ ਮਿੰਟੂ ਬਰਾੜ ਨੇ ਬਹੁਤ ਵਿਸਤਾਰ ਵਿੱਚ ਜਵਾਬ ਦਿੱਤੇ। ਸਮਾਗਮ ਦੇ ਅੰਤ ਵਿੱਚ ਸਿਵਲ ਸੁਸਾਇਟੀ ਦੀ ਕਨਵੀਨਰ ਡਾ. ਕਮਲਾ ਨੇ ਮੁੱਖ ਬੁਲਾਰੇ, ਅਧਿਆਪਕਾਂ ਅਤੇ ਵਿਦਿਆਰਥੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਭਵਿੱਖ ਵਿੱਚ ਵੀ ਇਹੋ ਜਿਹੇ ਸਮਾਗਮ ਕਰਵਾਏ ਜਾਣਗੇ।

ਜਨ ਜਾਗਰਣ
ਸ਼ਨੀਵਾਰ, 14 ਫਰਵਰੀ, 2026
ਜਨ ਜਾਗਰਣ, ਜਲੰਧਰ
Saturday, 14 February 2026
Daily Jan Jagran, Jalandhar

# ਪੰਜਾਬੀ ਰੰਗਮੰਚ ਦੀ ਦਿੱਗਜ ਅਦਾਕਾਰਾ ਨੀਨਾ ਟਿਵਾਣਾ ਲਾਈਫਟਾਈਮ ਐਵਾਰਡ ਨਾਲ ਸਨਮਾਨਿਤ



ਪਟਿਆਲਾ, 13 ਫਰਵਰੀ (ਪੱਤਰ ਪ੍ਰੇਰਕ)- ਪੰਜਾਬੀ ਰੰਗਮੰਚ ਦੀ ਮਾਹਿਰ ਨੀਨਾ ਟਿਵਾਣਾ ਨੂੰ ਪੰਜਾਬ ਆਰਟ ਕੌਂਸਲ, ਪੰਜਾਬ ਸਰਕਾਰ ਵੱਲੋਂ ਰੰਗਮੰਚ ਵਿੱਚ ਜੀਵਨ ਭਰ ਦੇ ਯੋਗਦਾਨ ਲਈ 'ਪੰਜਾਬ ਗੌਰਵ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ ਹੈ। ਇਹ ਐਵਾਰਡ ਉਨ੍ਹਾਂ ਨੂੰ ਪਦਮ ਸ੍ਰੀ ਨਿਰਮਲ ਰਿਸੀ ਵੱਲੋਂ ਭੇਟ ਕੀਤਾ ਗਿਆ, ਜੋ ਟਿਵਾਣਾ ਨੂੰ ਆਪਣਾ ਅਧਿਆਪਕ ਅਤੇ ਮਾਰਗਦਰਸਕ ਮੰਨਦੇ ਹਨ।ਨੀਨਾ ਟਿਵਾਣਾ ਆਪਣੇ ਮਰਹੂਮ ਪਤੀ ਹਰਪਾਲ ਟਿਵਾਣਾ ਦੇ ਨਾਲ 1965 ਵਿੱਚ ਇਬਰਾਹਿਮ ਅਲਕਾਜੀ ਦੀ ਅਗਵਾਈ ਵਿੱਚ ਨੈਸਨਲ ਸਕੂਲ ਆਫ ਡਰਾਮਾ () ਤੋਂ ਗ੍ਰੈਜੂਏਟ ਹੋਣ ਵਾਲੀ ਪਹਿਲੀ ਪੰਜਾਬਣ ਹੈ। ਛੇ ਦਹਾਕਿਆਂ ਤੋਂ ਵੱਧ ਦੇ ਕਰੀਅਰ ਵਿੱਚ ਉਨ੍ਹਾਂ ਨੇ ਆਪਣੇ ਪਤੀ ਦੇ ਨਿਰਦੇਸਨ ਹੇਠ ਕਈ ਸਫਲ ਨਾਟਕਾਂ ਜਿਵੇਂ 'ਕਣਕ ਦੀ ਬੱਲੀ, ਲੋਹਾ ਕੁੱਟ, ਚਮਕੌਰ ਦੀ ਗੜ੍ਹੀ, ਐਂਟੀਗੋਨ, ਨਸਾ ਕੁਰਸੀ ਦਾ, ਮੇਲਾ ਮੁੰਡੇ ਕੁੜੀਆਂ ਦਾ, ਗਰਮ ਬਾਜਾਰ, ਲੌਂਗ ਦਾ ਲਿਸਕਾਰਾ ਅਤੇ ਯਾਦਗਾਰੀ ਨਾਟਕ ਦੀਵਾ ਬਲੇ ਸਾਰੀ ਰਾਤ' ਵਿੱਚ ਮੁੱਖ ਭੂਮਿਕਾਵਾਂ ਨਿਭਾਈਆਂ, ਜਿਨ੍ਹਾਂ ਵਿੱਚੋਂ ਕੁਝ 'ਤੇ ਬਾਅਦ ਵਿੱਚ ਫਿਲਮਾਂ ਵੀ ਬਣੀਆਂ ਉਨ੍ਹਾਂ ਅਤੇ ਉਨ੍ਹਾਂ ਦੇ ਮਰਹੂਮ ਪਤੀ ਨੂੰ ਪੰਜਾਬ ਵਿੱਚ ਟਿਕਟ ਲਗਾ ਕੇ ਨਾਟਕ ਦੇਖਣ ਵਾਲੇ ਦਰਸਕਾਂ ਲਈ ਪੇਸੇਵਰ ਪੰਜਾਬੀ ਰੰਗਮੰਚ ਲਹਿਰ ਸਥਾਪਤ ਕਰਨ ਦਾ ਸਿਹਰਾ ਜਾਂਦਾ ਹੈ, ਜਦੋਂ ਕਿ ਫਿਲਮ 'ਲੌਂਗ ਦਾ ਲਿਸਕਾਰਾ' ਵਿੱਚ ਸਰਦਾਰਨੀ ਦੀ ਭੂਮਿਕਾ ਨੇ ਉਨ੍ਹਾਂ ਨੂੰ ਹਰ ਘਰ ਵਿੱਚ ਮਸਹੂਰ ਕਰ ਦਿੱਤਾ। ਇਸ ਤੋਂ ਬਾਅਦ ਉਨ੍ਹਾਂ ਨੇ ਟੈਲੀ-ਸੀਰੀਜ 'ਸਾਂਝੀ ਦੀਵਾਰ' ਅਤੇ ਹਿੰਦੀ ਫਿਲਮ 'ਹਾਟ-ਦ ਬਾਜਾਰ' ਵਿੱਚ ਵੀ ਕੰਮ ਕੀਤਾ। ਉਨ੍ਹਾਂ ਨੂੰ ਦੁਨੀਆ ਭਰ ਵਿੱਚ ਕਈ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ ਹੈ, ਜਿਨ੍ਹਾਂ ਵਿੱਚ ਖਾਲਸਾ ਦੀ ਤਿੰਨ ਸੌ ਸਾਲਾ ਸਤਾਬਦੀ 'ਤੇ ਐੱਸ ਜੀ ਪੀ ਸੀ ਵੱਲੋਂ 'ਆਊਟਸਟੈਂਡਿੰਗ ਸਿੱਖ ਵੂਮੈਨ ਐਵਾਰਡ', ਇੰਡੋ-ਕੈਨੇਡੀਅਨ ਟਾਈਮਜ ਐਵਾਰਡ, ਪੰਜਾਬੀ ਕਲਚਰਲ ਸੁਸਾਇਟੀ ਸ਼ਿਕਾਗੋ ਐਵਾਰਡ, ਭਾਸਾ ਵਿਭਾਗ ਪੰਜਾਬ ਵੱਲੋਂ 'ਸ੍ਰੋਮਣੀ ਅਦਾਕਾਰਾ ਐਵਾਰਡ' ਅਤੇ ਭਾਰਤ ਦੇ ਰਾਸਟਰਪਤੀ ਵੱਲੋਂ ਅਦਾਕਾਰੀ ਲਈ 'ਨੈਸਨਲ ਸੰਗੀਤ ਨਾਟਕ ਅਕੈਡਮੀ ਐਵਾਰਡ' ਸਾਮਲ ਹਨ। ਉਨ੍ਹਾਂ ਨੇ ਆਪਣੇ ਮਰਹੂਮ ਪਤੀ 'ਤੇ 'ਓਹ ਜੋ ਸੀ' ਨਾਂ ਦੀ ਕਿਤਾਬ ਲਿਖੀ ਹੈ ਅਤੇ ਹਾਲ ਹੀ ਤੱਕ ਉਹ ਸਟੇਜ 'ਤੇ ਪੇਸਕਾਰੀ ਦੇ ਰਹੇ ਸਨ, ਪਰ ਸਿਹਤ ਕਾਰਨਾਂ ਕਰਕੇ ਹੁਣ ਉਹ ਸਟੇਜ 'ਤੇ ਅਦਾਕਾਰੀ ਨਹੀਂ ਕਰਦੇ ਪਰ ਅਦਾਕਾਰੀ ਦੀਆਂ ਤਕਨੀਕਾਂ 'ਤੇ ਇੱਕ ਕਿਤਾਬ ਪੂਰੀ ਕਰ ਰਹੇ ਹਨ।ਹਰਪਾਲ ਅਤੇ ਨੀਨਾ ਟਿਵਾਣਾ ਦੀ ਜੋੜੀ ਨੂੰ ਓਮ ਪੁਰੀ, ਰਾਜ ਬੱਬਰ, ਨਿਰਮਲ ਰਿਸੀ, ਗੁਰਦਾਸ ਮਾਨ ਅਤੇ ਗਿਰਜਾ ਸੰਕਰ ਵਰਗੇ ਕਲਾਕਾਰਾਂ ਦੀ ਪ੍ਰਤਿਭਾ ਨੂੰ ਨਿਖਾਰਨ ਦਾ ਸਿਹਰਾ ਵੀ ਜਾਂਦਾ ਹੈ। ਦਿੱਗਜ ਅਦਾਕਾਰਾ ਨੀਨਾ ਟਿਵਾਣਾ ਦਾ ਕਹਿਣਾ ਹੈ ਕਿ, "ਰੰਗਮੰਚ ਅਜਿਹੀ ਚੀਜ ਹੈ ਜੋ ਕਿਰਦਾਰਾਂ ਵਿੱਚ ਜਾਨ ਪਾ ਦਿੰਦੀ ਹੈ ਅਤੇ ਮੈਂ ਬਹੁਤ ਕਿਸਮਤ ਵਾਲੀ ਹਾਂ ਕਿ ਮੈਂ ਅਦਾਕਾਰੀ ਕਰਦਿਆਂ ਆਪਣਾ ਜੀਵਨ ਬੀਤਇਆ ਹੈ, ਜੋ ਮੈਨੂੰ ਲਗਾਤਾਰ ਪ੍ਰੇਰਿਤ ਕਰਦਾ ਹੈ।"

# ਕਿਸਾਨਾਂ ਨੇ ਮੁਕਤ ਵਪਾਰ ਸਮਝੌਤੇ ਖਿਲਾਫ ਪੁਤਲੇ ਫੂਕੇ

ਮਸਤੂਆਣਾ ਸਾਹਿਬ, 13 ਫਰਵਰੀ (ਪੱਤਰ ਪ੍ਰੇਰਕ)-ਭਾਰਤੀ ਕਿਸਾਨ ਯੂਨੀਅਨ ਏਕਤਾ (ਡਕੌਂਦਾ) ਦੇ ਸੰਗਰੂਰ ਬਲਾਕ ਵੱਲੋਂ ਪਿੰਡ ਦੁੱਗਾਂ ਵਿੱਚ ਅਮਰੀਕਾ ਦੇ ਰਾਸਟਰਪਤੀ ਡੋਨਲਡ ਟਰੰਪ, ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਪੁਤਲੇ ਸਾੜੇ ਗਏ। ਜਿਲ੍ਹਾ ਜਨਰਲ ਸਕੱਤਰ ਜਗਤਾਰ ਸਿੰਘ ਦੁੱਗਾਂ ਅਤੇ ਜਿਲ੍ਹਾ ਸੀਨੀਅਰ ਮੀਤ ਪ੍ਰਧਾਨ ਪਰਮਿੰਦਰ ਸਿੰਘ ਦੁੱਗਾਂ ਨੇ ਕਿਹਾ ਕਿ ਭਾਰਤ ਸਰਕਾਰ ਨੇ ਅਮਰੀਕਾ ਦੇ ਦਬਾਅ ਹੇਠ ਆ ਕੇ ਸਾਰੇ ਫਲਾਂ, ਮੇਵਿਆਂ, ਮੁਰੱਬੇ, ਸੋਇਆਬੀਨ ਦਾ ਤੇਲ ਅਤੇ ਮੱਕੀ ਤੋਂ ਬਣੇ ਪਦਾਰਥਾਂ ਤੇ ਟੈਕਸ ਖਤਮ ਕਰਨ ਦਾ ਸਮਝੌਤਾ ਕਰ ਲਿਆ ਹੈ। ਭਾਰਤ ਸਰਕਾਰ ਸਮਝੌਤੇ ਨੂੰ ਜਨਤਕ ਕਰਨ ਤੋਂ ਵੀ ਭੱਜ ਰਹੀ ਹੈ। ਬੁਲਾਰਿਆਂ ਨੇ ਮੰਗ ਕੀਤੀ ਕਿ ਭਾਰਤ ਸਰਕਾਰ ਸਮਝੌਤੇ ਨੂੰ ਤੁਰੰਤ ਜਨਤਕ ਕਰੇ ਅਤੇ ਖੇਤੀ ਵਸਤਾਂ ਤੇ ਟੈਕਸ ਖਤਮ ਕਰਨ ਦਾ ਸਮਝੌਤਾ ਰੱਦ ਕਰੇ। ਇਸੇ ਤਰ੍ਹਾਂ ਭਾਰਤ ਸਰਕਾਰ ਵੱਲੋਂ ਬਿਜਲੀ ਸੋਧ ਬਿੱਲ, ਬੀਜ ਬਿੱਲ, ਚਾਰ ਲੇਬਰ ਕੋਡ ਅਤੇ ਮਗਨਰੇਗਾ ਨੂੰ ਖਤਮ ਕਰਕੇ ਮਜਦੂਰ ਵਿਰੋਧੀ ਨਵਾਂ ਕਾਨੂੰਨ ਬਣਾਉਣ ਖਿਲਾਫ 13 ਫਰਵਰੀ ਨੂੰ ਭਾਰਤ ਪੱਧਰ ਦੀ ਹੜਤਾਲ ਵਿੱਚ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਮੈਂਬਰ ਵੱਧ ਚੜ੍ਹ ਕੇ ਸਾਮਿਲ ਹੋਣਗੇ। ਪਿਛਲੇ ਦਿਨੀਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਆਗੂਆਂ ਅਤੇ ਵਰਕਰਾਂ ਤੇ ਕੀਤੇ ਲਾਠੀਚਾਰਜ, ਗ੍ਰਿਫਤਾਰੀਆਂ ਅਤੇ ਝੂਠੇ ਕੇਸ ਪਾਉਣ ਦੀ ਸਖਤ ਨਿਖੇਧੀ ਕਰਦਿਆਂ ਭਗਵੰਤ ਮਾਨ ਦਾ ਪੁਤਲਾ ਫੂਕਿਆ ਗਿਆ ਅਤੇ ਮੰਗ ਕੀਤੀ ਗਈ ਕਿ ਜੇਲ੍ਹਾਂ ਵਿੱਚ ਡੱਕੇ ਕਿਸਾਨਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ, ਝੂਠੇ ਕੇਸ ਰੱਦ ਕੀਤੇ ਜਾਣ ਅਤੇ ਉਹਨਾਂ ਦੀਆਂ ਹੋਰ ਮੰਗਾਂ ਮੰਨੀਆਂ ਜਾਣ।

# ਸ਼ਿਵਮਈ ਹੋਇਆ ਸ਼ਹਿਰ, ਝਾਕੀਆਂ ਬਣੀਆਂ ਖਿੱਚ ਦਾ ਕੇਂਦਰ

ਜਲੰਧਰ, 13 ਫਰਵਰੀ (ਪੱਤਰ ਪ੍ਰੇਰਕ)- ਭਗਵਾਨ ਸ਼ਿਵ ਦੇ ਜੀਵਨ 'ਤੇ ਆਧਾਰਤ ਸੁੰਦਰ ਸਜੀਆਂ ਝਾਕੀਆਂ, ਸ਼ਿਵ ਭਜਨਾਂ ਦਾ ਲਗਾਤਾਰ ਗਾਇਨ, ਥਾਂ-ਥਾਂ ਲੱਗੇ ਲੰਗਰ ਤੇ ਸਜੇ ਹੋਏ ਸਵਾਗਤੀ ਮੰਚਾਂ ਦੇ ਦਰਸਨ ਲਈ ਉਤਸਾਹਤ ਸਰਧਾਲੂਆਂ ਦੀ ਭੀੜ। ਹਰ ਪਾਸੇ ਭਗਤੀਮਈ ਮਾਹੌਲ ਬਣਿਆ ਹੋਇਆ ਸੀ। ਮੌਕਾ ਸੀ ਮਹਾਸ਼ਿਵਰਾਤਰੀ ਦੇ ਸਬੰਧੀ ਜੈ ਸੰਕਰ ਮੰਦਰ, ਬਾਜਾਰ ਪੰਜਪੀਰ ਤੋਂ ਨਿਕਾਲੀ ਗਈ ਸੋਭਾ ਯਾਤਰਾ ਦਾ। ਪੰਜਪੀਰ ਬਾਜਾਰ ਐਸੋਸੀਏਸਨ ਦੇ ਪ੍ਰਧਾਨ ਨਿਰਮਲ ਸਿੰਘ ਬੇਦੀ ਦੀ ਅਗਵਾਈ 'ਚ ਨਿਕਲੀ ਇਸ ਸੋਭਾ ਯਾਤਰਾ 'ਚ ਜਿਲ੍ਹੇ ਭਰ ਤੋਂ ਸਰਧਾਲੂਆਂ ਨੇ ਹਿੱਸਾ ਲਿਆ। ਇਸ ਤੋਂ ਪਹਿਲਾਂ ਮੰਦਰ ਦੇ ਵਿਹੜੇ 'ਚ ਭਗਵਾਨ ਸ਼ਿਵ ਦੀ ਮਹਿਮਾ ਦਾ ਗੁਣਗਾਨ ਕੀਤਾ ਗਿਆ। ਸੰਕੀਰਤਨ ਮੰਡਲੀ ਦੇ ਮੈਂਬਰਾਂ ਨੇ ਇਕ ਤੋਂ ਬਾਅਦ ਇਕ ਮਨਮੋਹਕ ਭਜਨ ਪੇਸ ਕੀਤੇ। ਨਿਰਮਲ ਸਿੰਘ ਬੇਦੀ ਨੇ ਦੱਸਿਆ ਕਿ ਲੰਬੇ ਸਮੇਂ ਤੋਂ ਚੱਲੀ ਆ ਰਹੀ ਪਰੰਪਰਾ ਅਨੁਸਾਰ ਇਸ ਸਾਲ ਵੀ ਸੋਭਾ ਯਾਤਰਾ ਨੂੰ ਸਰਧਾ ਤੇ ਉਤਸਾਹ ਨਾਲ ਨਿਕਾਲਿਆ ਗਿਆ ਹੈ। ਇਸਨੂੰ ਭਵਿਆ ਬਣਾਉਣ ਲਈ ਕਈ ਦਿਨਾਂ ਤੋਂ ਸੰਪਰਕ ਅਭਿਆਨ ਚਲਾਇਆ ਜਾ ਰਿਹਾ ਸੀ ਤੇ ਵੱਖ-ਵੱਖ ਸੰਸਥਾਵਾਂ ਨੂੰ ਸਾਮਲ ਹੋਣ ਲਈ ਆਮੰਤਰਿਤ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ 15 ਫਰਵਰੀ ਨੂੰ ਮੰਦਰ ਕਮੇਟੀ ਵੱਲੋਂ ਮਹਾਸ਼ਿਵਰਾਤਰੀ ਉਤਸਵ ਮਨਾਇਆ ਜਾਵੇਗਾ। ਸੋਭਾ ਯਾਤਰਾ ਮੰਦਰ ਕੰਪਲੈਕਸ ਤੋਂ ਸੁਰੂ ਹੋ ਕੇ ਪੰਜਪੀਰ ਬਾਜਾਰ, ਗੁਰਦੁਆਰਾ ਪੰਜ ਪਿਆਰੇ ਸਾਹਿਬ, ਅਟਾਰੀ ਬਾਜਾਰ, ਬੋਹੜ ਵਾਲਾ ਚੌਕ, ਪੀਰ ਬੋਦਲਾਂ ਬਾਜਾਰ, ਸੇਖਾਂ ਬਾਜਾਰ, ਫੂਲਾਂ ਵਾਲਾ ਬਾਜਾਰ, ਕਲਾਂ ਬਾਜਾਰ, ਹਨੂਮਾਨ ਚੌਕ (ਜੱਗੂ ਚੌਕ), ਭੈਰੋਂ ਬਾਜਾਰ, ਕਿਲਾ ਮੁਹੱਲਾ ਤੇ ਖਿੰਗਰਾ ਗੇਟ ਸਮੇਤ ਕਈ ਇਲਾਕਿਆਂ ਤੋਂ ਲੰਘਦੀ ਹੋਈ ਸੰਪੰਨ ਹੋਈ। ਇਸ ਦੌਰਾਨ ਵੱਖ-ਵੱਖ ਸੰਸਥਾਵਾਂ ਵੱਲੋਂ ਲੰਗਰ ਲਗਾ ਕੇ ਤੇ ਫੁੱਲਾਂ ਦੀ ਵਰਖਾ ਕਰਕੇ ਸੋਭਾ ਯਾਤਰਾ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ। ਸੋਭਾ ਯਾਤਰਾ 'ਚ ਭਗਵਾਨ ਸ਼ਿਵ ਤਾਂਡਵ ਰੂਪ, ਸ਼ਿਵ ਸਵਰੂਪ, ਸ੍ਰੀ ਰਾਧਾ-ਕ੍ਰਿਸਨ ਰੂਪ, ਮਹਾਕਾਲੀ ਰੂਪ, ਭਗਵਾਨ ਸਾਈਂ ਜੀ ਦੀ ਪਾਲਕੀ ਤੇ ਬਾਲਾ ਜੀ ਦਾ ਰਥ ਖਾਸ ਆਕਰਸਣ ਰਹੇ। ਇਸ ਮੌਕੇ ਸੰਸਥਾ ਦੇ ਪ੍ਰਧਾਨ ਨਿਰਮਲ ਸਿੰਘ ਬੇਦੀ ਦੇ ਨਾਲ ਪੰਡਿਤ ਲਖੀਰਾਮ, ਕੇਵਲ ਪਹਿਲਵਾਨ, ਬਿੱਟੂ ਸਚਦੇਵਾ, ਸੁਮਿਤ ਕੁਮਾਰ, ਸਤਪਾਲ ਸੁਖੀਜਾ, ਗੁਲਸਨ ਕੁਮਾਰ, ਵਿਜੇ ਚੌਹਾਨ, ਅੱਜੂ, ਸੁਰਿੰਦਰ ਪੁਰੀ, ਪ੍ਰੀਤਮ ਸਰਮਾ, ਵਿਸਾਲ, ਅਸੋਕ ਕੁਮਾਰ, ਕਾਕਾ ਤੇ ਵਿਕਾਸ ਕੁਮਾਰ ਸਮੇਤ ਹੋਰ ਮੈਂਬਰ ਮੌਜੂਦ ਸਨ।

# ਕੈਨੇਡਾ 'ਚ ਗੈਂਗਸਟਰਾਂ ਦੇ ਨਿਸ਼ਾਨੇ 'ਤੇ ਪੰਜਾਬੀ ਕਾਰੋਬਾਰੀ

## ਪੁਲਿਸ ਨੇ ਜਾਰੀ ਕੀਤੀ ਐਡਵਾਈਜ਼ਰੀ, ਸੂਚਨਾ ਦੇਣ ਵਾਲੇ ਨੂੰ ਮਿਲਣਗੇ 2 ਕਰੋੜ ਰੁਪਏ

ਬੀਸੀ, 13 ਫਰਵਰੀ (ਪੱਤਰ ਪ੍ਰੇਰਕ) : ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਦੇ ਸਰੀ ਵਿੱਚ ਜ਼ਬਰਨ ਵਸੂਲੀ ਦੇ ਮਾਮਲੇ ਲਗਾਤਾਰ ਵੱਧ ਰਹੇ ਹਨ । ਪੰਜਾਬੀ ਕਾਰੋਬਾਰੀਆਂ ਨੂੰ ਗੈਂਗਸਟਰਾਂ ਵੱਲੋਂ ਨਿਸ਼ਾਨਾ ਬਣਾਇਆ ਜਾ ਰਿਹਾ ਹੈ । ਸਰੀ ਪੁਲਿਸ ਨੇ ਪੰਜਾਬੀਆਂ ਲਈ ਇੱਕ ਐਡਵਾਈਜ਼ਰੀ ਜਾਰੀ ਕੀਤੀ ਹੈ। ਬੀ.ਸੀ. ਪੁਲਿਸ ਦਾ ਕਹਿਣਾ ਹੈ ਕਿ ਹਾਲ ਹੀ ਦੇ ਮਹੀਨਿਆਂ ਵਿੱਚ ਸਰੀ ਸਮੇਤ ਕੈਨੇਡਾ ਭਰ ਵਿੱਚ ਜ਼ਬਰਨ ਵਸੂਲੀ ਦੇ ਮਾਮਲਿਆਂ ਦਾ ਰੁਝਾਨ ਦੇਖਿਆ ਗਿਆ ਹੈ । ਪੀੜਤਾਂ ਨੂੰ ਚਿੱਠੀਆਂ, ਫੋਨ ਕਾਲਾਂ, ਟੈਕਸਟ ਸੁਨੇਹਿਆਂ ਅਤੇ ਸੋਸ਼ਲ ਮੀਡੀਆ ਰਾਹੀਂ ਧਮਕੀ ਭਰੇ ਸੁਨੇਹੇ ਮਿਲ ਰਹੇ ਹਨ। ਕੈਨੇਡੀਅਨ ਜਾਂਚ ਏਜੰਸੀਆਂ ਇਸ ਸਮੇਂ ਜ਼ਬਰਨ ਵਸੂਲੀ ਦੇ ਮਾਮਲਿਆਂ ਦੀ ਜਾਂਚ ਕਰ ਰਹੀਆਂ ਹਨ। ਕੈਨੇਡਾ ਪੁਲਿਸ ਨੇ ਆਪਣੀ ਵੈੱਬਸਾਈਟ 'ਤੇ ਇੱਕ ਵੀਡੀਓ ਅਤੇ ਟੈਕਸਟ ਮੈਸੇਜ ਰਾਹੀਂ ਪੰਜਾਬੀ ਵਿੱਚ ਇੱਕ ਐਡਵਾਈਜ਼ਰੀ ਜਾਰੀ ਕੀਤੀ ਹੈ।



ਪੁਲਿਸ ਨੇ ਕਿਹਾ ਹੈ ਕਿ ਫਿਰੌਤੀ ਮੰਗਣ ਵਾਲਿਆਂ ਬਾਰੇ ਜੇਕਰ ਕਿਸੇ ਕੋਲ ਕੋਈ ਜਾਣਕਾਰੀ ਹੈਂ ਤਾਂ ਉਹ ਪੁਲਿਸ ਨੂੰ ਦੇਣ ।ਪੁਲਿਸ ਨੇ ਇਸ ਲਈ ਇਨਾਮ ਦੀ ਰਾਸ਼ੀ ਦਾ ਐਲਾਨ ਵੀ ਕੀਤਾ ਹੈ। ਪੁਲਿਸ ਅਨੁਸਾਰ ਜੂਨ 2025 ਤੋਂ ਸਰੀ ਵਿੱਚ ਜ਼ਬਰਨ ਵਸੂਲੀ ਦੀਆਂ ਧਮਕੀਆਂ ਅਤੇ ਸੰਬੰਧਿਤ ਹਿੰਸਾ ਵਿੱਚ ਵਾਧਾ ਹੋਇਆ ਹੈ। ਸਰੀ ਪੁਲਿਸ ਸੇਵਾਵਾਂ ਨੇ ਇੱਕ ਵਿਸ਼ੇਸ਼ ਰਣਨੀਤੀ ਅਪਣਾਈ ਹੈ ਅਤੇ ਕਈ ਕਦਮ ਚੁੱਕੇ ਹਨ। ਪੁਲਿਸ ਨੇ ਹੁਣ ਇੱਕ ਹੈਲਪਲਾਈਨ, ਸਰੀ ਐਕਸਟੋਰਸ਼ਨ ਟਿਪ ਲਾਈਨ (236-485-5149) ਸ਼ੁਰੂ ਕੀਤੀ ਹੈ, ਜਿਸਦੀ ਨਿਗਰਾਨੀ ਹਫ਼ਤੇ ਦੇ ਸੱਤ ਦਿਨ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਕੀਤੀ ਜਾਂਦੀ ਹੈ। ਸਰੀ ਸ਼ਹਿਰ ਨੇ ਵਧਦੇ ਜ਼ੁਰਮ ਨੂੰ ਰੋਕਣ ਲਈ ਇੱਕ ਵੱਡਾ ਕਦਮ ਚੁੱਕਿਆ ਹੈ, ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰਨ ਵਾਲਿਆਂ ਲਈ /250,000 (ਲਗਭਗ 2 ਕਰੋੜ ਤੋਂ ਵੱਧ) ਦਾ ਇਨਾਮ ਫੰਡ ਬਣਾਇਆ ਗਿਆ ਹੈ। ਇਹ ਫੰਡ ਅਪਰਾਧੀਆਂ ਨੂੰ ਸਜ਼ਾ ਦਿਵਾਉਣ ਵਾਲੀ ਜਾਣਕਾਰੀ ਲਈ /100,000 ਤੱਕ ਦੀ ਪੇਸ਼ਕਸ਼ ਕਰਦਾ ਹੈ। ਇਹ ਕੈਨੇਡੀਅਨ ਇਤਿਹਾਸ ਵਿੱਚ ਸਭ ਤੋਂ ਵੱਡੇ ਪੁਲਿਸ ਇਨਾਮਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਸਰੀ ਪੁਲਿਸ ਸਰਵਿਸਿਜ਼ ਨੇ ਜਬਰਦਸਤੀ ਦੀ ਜਾਂਚ ਲਈ ਬਣਾਈ ਗਈ ਇੱਕ ਟਾਸਕ ਫੋਰਸ ਵਿੱਚ 15 ਅਧਿਕਾਰੀ ਅਤੇ ਸਿਵਲੀਅਨ ਕਰਮਚਾਰੀ ਤਾਇਨਾਤ ਕੀਤੇ ਹਨ। ਟਾਸਕ ਫੋਰਸ ਵਿੱਚ ਹੋਰ ਏਜੰਸੀਆਂ ਦੇ ਅਧਿਕਾਰੀ ਵੀ ਸ਼ਾਮਲ ਹਨ। ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਵੀ ਜਾਂਚ ਵਿੱਚ ਸ਼ਾਮਲ ਹੈ।

## ਜਹਾਜ਼ ਹਾਦਸੇ ਦਾ ਮੁਆਵਜ਼ਾ ਦੇਣ ਦੀ ਪ੍ਰਕਿਰਿਆ ਸ਼ੁਰੂ

ਨਵੀਂ ਦਿੱਲੀ, 13 ਫਰਵਰੀ (ਪੱਤਰ ਪ੍ਰੇਰਕ) ਏਅਰ ਇੰਡੀਆ ਨੇ ਏਆਈ 171 ਜਹਾਜ਼ ਹਾਦਸੇ ਵਿੱਚ ਮਾਰੇ ਗਏ ਲੋਕਾਂ ਦੇ ਪਰਿਵਾਰਾਂ ਨੂੰ ਅੰਤਿਮ ਮੁਆਵਜ਼ਾ ਦੇਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਮੁਆਵਜ਼ਾ ਲੈਣ ਦੇ ਇੱਛੁਕ ਲੋਕਾਂ ਨੂੰ ਇਹ ਯਕੀਨੀ ਬਣਾਉਣਾ ਪਵੇਗਾ ਕਿ ਉਹ ਭਵਿੱਖ ਵਿੱਚ ਏਅਰਲਾਈਨ, ਮੂਲ ਉਪਕਰਨ ਨਿਰਮਾਤਾਵਾਂ ਅਤੇ ਸਰਕਾਰੀ ਏਜੰਸੀਆਂ ਖ਼ਿਲਾਫ਼ ਭਿਆਨਕ ਹਾਦਸੇ ਸਬੰਧੀ ਕੋਈ ਦਾਅਵਾ ਨਹੀਂ ਕਰਨਗੇ। ਟਾਟਾ ਗਰੁੱਪ ਦੀ ਮਾਲਕੀ ਵਾਲੀ ਏਅਰ ਇੰਡੀਆ 25 ਲੱਖ ਰੁਪਏ ਦੇ ਅੰਤਰਿਮ ਮੁਆਵਜ਼ੇ ਦਾ ਭੁਗਤਾਨ ਕਰ ਰਹੀ ਹੈ। ਪਿਛਲੇ ਸਾਲ 12 ਜੂਨ ਨੂੰ ਵਾਪਰੇ ਇਸ ਭਿਆਨਕ ਹਾਦਸੇ ਵਿੱਚ 241 ਯਾਤਰੀਆਂ ਸਣੇ 260 ਜਣਿਆਂ ਦੀ ਮੌਤ ਹੋ ਗਈ ਸੀ।

# ਫਰਾਂਸ ਤੋਂ 114 ਰਾਫੇਲ ਜਹਾਜ਼ਾਂ ਦੀ ਖ਼ਰੀਦ ਨੂੰ ਮਨਜ਼ੂਰੀ

## 3.6 ਲੱਖ ਕਰੋੜ ਦਾ ਰੱਖਿਆ ਸਾਜ਼ੋ-ਸਾਮਾਨ ਖਰੀਦਣ ਦੀ ਯੋਜਨਾ

ਨਵੀਂ ਦਿੱਲੀ, 13 ਫਰਵਰੀ (ਪੱਤਰ ਪ੍ਰੇਰਕ) ਰੱਖਿਆ ਖੇਤਰ ਵਿੱਚ ਹੁਣ ਤੱਕ ਦੇ ਸਭ ਤੋਂ ਵੱਡੇ ਕਦਮ ਵਜੋਂ ਭਾਰਤ ਨੇ ਅੱਜ ਫਰਾਂਸ ਨਾਲ ਸਰਕਾਰੀ ਪੱਧਰ 'ਤੇ 114 ਰਾਫੇਲ ਜੰਗੀ ਜਹਾਜ਼ਾਂ ਦੀ ਖਰੀਦ ਦੀ ਲੰਮੇ ਸਮੇਂ ਤੋਂ ਲਟਕ ਰਹੀ ਤਜਵੀਜ਼ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਹ ਯੋਜਨਾ ਭਾਰਤੀ ਹਵਾਈ ਸੈਨਾ ਦੀ ਜੰਗੀ ਸਮਰੱਥਾ ਨੂੰ ਵਧਾਉਣ ਲਈ ਲਗਪਗ ਦੋ ਦਹਾਕੇ ਪਹਿਲਾਂ ਉਲੀਕੀ ਗਈ ਸੀ। ਰੱਖਿਆ ਮੰਤਰੀ ਰਾਜਨਾਥ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਰੱਖਿਆ ਪ੍ਰਾਪਤੀ ਕੌਂਸਲ (ਡੀ ਏ ਸੀ) ਦੀ ਮੀਟਿੰਗ ਵਿੱਚ ਕੁੱਲ 3.60 ਲੱਖ ਕਰੋੜ ਰੁਪਏ ਦੇ ਫੌਜੀ ਸਾਜ਼ੋ-ਸਾਮਾਨ ਦੀ ਖਰੀਦ ਨੂੰ ਹਰੀ ਝੰਡੀ ਦਿੱਤੀ ਗਈ। ਇਸ ਵਿੱਚ ਭਾਰਤੀ ਜਲ ਸੈਨਾ ਲਈ ਅਮਰੀਕਾ ਵਿੱਚ ਬਣੇ ਛੇ ਵਾਧੂ ਬੋਇੰਗ ਪੀ 8-1 ਨਿਗਰਾਨੀ ਜਹਾਜ਼ ਵੀ



ਸ਼ਾਮਲ ਹਨ। ਮਲਟੀ-ਰੋਲ ਫਾਈਟਰ ਏਅਰਕ੍ਰਾਫਟ (ਐੱਮ ਆਰ ਐੱਫ ਏ) ਪ੍ਰਾਜੈਕਟ ਤਹਿਤ 18 ਜਹਾਜ਼ ਫਰਾਂਸੀਸੀ ਕੰਪਨੀ ਦਾਸੋ ਐਵੀਏਸ਼ਨ ਵੱਲੋਂ ਸਿੱਧੇ ਤਿਆਰ ਹਾਲਤ ਵਿੱਚ ਸਪਲਾਈ ਕੀਤੇ ਜਾਣਗੇ। ਬਾਕੀ ਜਹਾਜ਼ ਭਾਰਤ ਵਿੱਚ ਹੀ ਬਣਾਏ ਜਾਣਗੇ ਜਿਨ੍ਹਾਂ ਵਿੱਚ ਪੜਾਅਵਾਰ 50 ਫੀਸਦ ਤੋਂ ਵੱਧ ਸਵਦੇਸ਼ੀ ਸਮੱਗਰੀ ਦੀ ਵਰਤੋਂ ਕੀਤੀ ਜਾਵੇਗੀ; ਹਾਲਾਂਕਿ ਰੱਖਿਆ ਮੰਤਰਾਲੇ ਨੇ ਅਧਿਕਾਰਤ ਲਾਗਤ ਦਾ ਖੁਲਾਸਾ ਨਹੀਂ ਕੀਤਾ, ਪਰ ਇਸ ਦੇ 2.90 ਲੱਖ ਕਰੋੜ ਤੋਂ 3.15 ਲੱਖ ਕਰੋੜ ਰੁਪਏ ਵਿਚਕਾਰ ਹੋਣ ਦੀ ਉਮੀਦ ਹੈ। ਇਹ ਮਨਜ਼ੂਰੀ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਦੇ ਭਾਰਤ ਦੌਰੇ ਤੋਂ ਸਿਰਫ਼ ਚਾਰ ਦਿਨ ਪਹਿਲਾਂ ਆਈ ਹੈ। ਸੰਭਾਵਨਾ ਹੈ ਕਿ ਉਨ੍ਹਾਂ ਦੇ ਦੌਰੇ ਦੌਰਾਨ ਦੋਵੇਂ ਦੇਸ਼ ਇਸ ਪ੍ਰਾਜੈਕਟ ਬਾਰੇ ਅੰਤਰ-ਸਰਕਾਰੀ ਸਮਝੌਤੇ (ਆਈ ਜੀ ਏ) 'ਤੇ ਦਸਤਖ਼ਤ ਕਰ ਸਕਦੇ ਹਨ। ਇਸ ਤਜਵੀਜ਼ ਨੂੰ ਹੁਣ ਜਲਦੀ ਹੀ ਪ੍ਰਧਾਨ ਮੰਤਰੀ ਦੀ ਪ੍ਰਧਾਨਗੀ ਵਾਲੀ ਸੁਰੱਖਿਆ ਬਾਰੇ ਕੈਬਨਿਟ ਕਮੇਟੀ (ਸੀ ਸੀ ਐੱਸ) ਕੋਲ ਭੇਜਿਆ ਜਾਵੇਗਾ। ਅੰਤਿਮ ਕੀਮਤਾਂ ਅਤੇ ਹਥਿਆਰਾਂ ਦੇ ਪੈਕੇਜ ਬਾਰੇ ਗੱਲਬਾਤ ਅਜੇ ਬਾਕੀ ਹੈ, ਜਿਸ ਕਰ ਕੇ ਰਸਮੀ ਇਕਰਾਰਨਾਮਾ ਸਾਲ ਦੇ ਅਖ਼ੀਰ ਤੱਕ ਹੋਣ ਦੀ ਸੰਭਾਵਨਾ ਹੈ। ਅਪਰੈਲ 2019 ਵਿੱਚ ਭਾਰਤੀ ਹਵਾਈ ਸੈਨਾ ਨੇ ਲਗਪਗ 18 ਅਰਬ ਅਮਰੀਕੀ ਡਾਲਰ ਦੀ ਲਾਗਤ ਨਾਲ 114 ਐੱਮ ਆਰ ਐੱਫ ਏ ਖਰੀਦਣ ਲਈ ਆਰ ਐੱਫ ਆਈ ਜਾਂ ਸ਼ੁਰੂਆਤੀ ਟੈਂਡਰ ਜਾਰੀ ਕੀਤਾ ਸੀ। ਇਸ ਨੂੰ ਹਾਲ ਦੇ ਸਾਲਾਂ 'ਚ ਦੁਨੀਆ ਦੇ ਸਭ ਤੋਂ ਵੱਡੇ ਫੌਜੀ ਖਰੀਦ ਪ੍ਰੋਗਰਾਮਾਂ 'ਚੋਂ ਇੱਕ ਵਜੋਂ ਦੇਖਿਆ ਗਿਆ ਸੀ।

# ਚਾਕੂ ਮਾਰ ਕੇ ਨਾਬਾਲਗ ਦਾ ਕਤਲ

ਨਵੀਂ ਦਿੱਲੀ, 13 ਫਰਵਰੀ (ਪੱਤਰ ਪ੍ਰੇਰਕ) ਬਾਹਰੀ ਦਿੱਲੀ ਵਿੱਚ ਕੁਝ ਨੌਜਵਾਨਾਂ ਨੇ ਪੁਰਾਣੀ ਰੰਜਿਸ਼ ਕਾਰਨ 17 ਸਾਲਾ ਲੜਕੇ ਦਾ ਚਾਕੂ ਮਾਰ ਕੇ ਕਤਲ ਕਰ ਦਿੱਤਾ। ਜਾਣਕਾਰੀ ਅਨੁਸਾਰ ਲੰਘੀ ਰਾਤ ਬਵਾਨਾ ਦੀ ਜੇਜੇ ਕਲੋਨੀ ਵਿੱਚ ਅੱਧੀ ਦਰਜਨ ਤੋਂ ਵੱਧ ਹਮਲਾਵਰਾਂ ਨੇ ਝੰਡਾ ਚੌਕ 'ਤੇ ਨੌਜਵਾਨ ਨੂੰ ਘੇਰ ਲਿਆ। ਪਹਿਲਾਂ ਉਸ ਨੂੰ ਕੁੱਟਿਆ ਅਤੇ ਫਿਰ ਚਾਕੂ ਨਾਲ ਕਈ ਵਾਰ ਕੀਤੇ ਗਏ। ਹਸਪਤਾਲ ਵਿੱਚ ਦਾਖ਼ਲ ਕਰਵਾਉਣ 'ਤੇ ਡਾਕਟਰਾਂ ਨੇ ਲੜਕੇ ਨੂੰ ਮ੍ਰਿਤਕ ਐਲਾਨ ਦਿੱਤਾ। ਜਾਣਕਾਰੀ ਅਨੁਸਾਰ ਪੁਲੀਸ ਨੇ ਮਾਮਲੇ ਵਿੱਚ ਚਾਰ ਨਾਬਾਲਗਾਂ ਸਮੇਤ ਸੱਤ ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰਕੇ ਕਤਲ ਵਿੱਚ ਵਰਤੇ ਗਏ ਚਾਰ ਚਾਕੂ ਵੀ ਬਰਾਮਦ ਕੀਤੇ ਹਨ। ਪੁਲੀਸ ਦਾ ਕਹਿਣਾ ਹੈ ਕਿ ਇਹ ਮਾਮਲਾ ਆਪਸੀ ਰੰਜਿਸ਼ ਦਾ ਦੱਸਿਆ ਜਾ ਰਿਹਾ ਹੈ। ਅਧਿਕਾਰੀਆਂ ਅਨੁਸਾਰ ਪੁਲੀਸ ਨੂੰ ਘਟਨਾ ਦੀ ਜਾਣਕਾਰੀ ਦੇਰ ਰਾਤ ਮਿਲੀ। ਜਦੋਂ ਪੁਲੀਸ ਮਹਾਰਿਸ਼ੀ ਵਾਲਮੀਕਿ ਹਸਪਤਾਲ ਪਹੁੰਚੀ ਤਾਂ ਨਾਬਾਲਗ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਸੀ। ਸ਼ਿਕਾਇਤਕਰਤਾ ਨੇ ਪੁਲੀਸ ਨੂੰ ਦੱਸਿਆ ਕਿ ਮੁਲਜ਼ਮ ਨੇ ਨਾਬਾਲਗ ਨੂੰ ਕੱਲ੍ਹ ਰਾਤ ਲਗਭਗ 8:30 ਵਜੇ ਰੋਕਿਆ। ਇਸ ਤੋਂ ਬਾਅਦ ਕੁਝ ਹੋਰ ਨੌਜਵਾਨਾਂ ਨੇ ਉਸ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਡੀ ਸੀ ਪੀ ਹਰੇਸ਼ਵਰ ਸਵਾਮੀ ਨੇ ਦੱਸਿਆ ਕਿ ਹਮਲਾਵਰਾਂ ਦੀ ਭਾਲ ਲਈ ਤਕਨੀਕੀ ਨਿਗਰਾਨੀ ਅਤੇ ਸਥਾਨਕ ਖੁਫ਼ੀਆ ਟੀਮਾਂ ਨੂੰ ਤੁਰੰਤ ਤਾਇਨਾਤ ਕੀਤਾ ਗਿਆ ਸੀ। ਤਕਨੀਕੀ ਜਾਣਕਾਰੀ ਅਤੇ ਸਥਾਨਕ ਖੁਫ਼ੀਆ ਜਾਣਕਾਰੀ ਦੇ ਆਧਾਰ 'ਤੇ ਸੱਤ ਮੁਲਜ਼ਮਾਂ ਨੂੰ ਫੜਿਆ ਗਿਆ, ਜਿਨ੍ਹਾਂ ਵਿੱਚ 16-17 ਸਾਲ ਦੀ ਉਮਰ ਦੇ ਚਾਰ ਨਾਬਾਲਗ ਸ਼ਾਮਲ ਸਨ। ਬਾਕੀ ਤਿੰਨ ਦੀ ਪਛਾਣ ਸਲੀਮ, ਸਾਹਿਲ, ਅਤੇ ਫਹਾਦ ਉਰਫ ਮੋਨੂੰ ਵਜੋਂ ਹੋਈ ਹੈ। ਸਾਰੇ ਬਵਾਨਾ ਜੇਜੇ ਕਲੋਨੀ ਦੇ ਵਸਨੀਕ ਹਨ।

# ਟਰੱਕ ਤੇ ਕਾਰ ਵਿਚਾਲੇ ਟੱਕਰ, ਦੋ ਔਰਤਾਂ ਦੀ ਮੌਤ

ਨਵੀਂ ਦਿੱਲੀ, 13 ਫਰਵਰੀ (ਪੱਤਰ ਪ੍ਰੇਰਕ) ਇੱਥੇ ਗਾਜ਼ੀਪੁਰ ਥਾਣਾ ਖੇਤਰ ਵਿੱਚ ਕੌਮੀ ਮਾਰਗ-9 'ਤੇ ਦਿੱਲੀ ਨਗਰ ਨਿਗਮ ਟੌਲ ਪਲਾਜ਼ਾ ਨੇੜੇ ਕਾਰ ਅਤੇ ਟਰੱਕ ਵਿਚਾਲੇ ਟੱਕਰ ਕਾਰਨ ਹਾਦਸੇ ਵਿੱਚ ਦੋ ਔਰਤਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ ਦੋ ਬੱਚਿਆਂ ਸਣੇ ਤਿੰਨ ਜਣੇ ਗੰਭੀਰ ਜ਼ਖ਼ਮੀ ਹੋ ਗਏ। ਜ਼ਖ਼ਮੀਆਂ ਨੂੰ ਮੈਕਸ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਪੁਲੀਸ ਅਨੁਸਾਰ ਮ੍ਰਿਤਕਾਂ ਦੀ ਪਛਾਣ ਦੀਪਾਂਜਲੀ (38) ਅਤੇ ਨੀਲਮ ਗਰਗ (55) ਵਜੋਂ ਹੋਈ ਹੈ। ਜ਼ਖ਼ਮੀਆਂ ਵਿੱਚ ਕਾਰ ਚਾਲਕ ਦੀਪਾਂਸ਼ੂ ਗਰਗ, ਵਿਵਾਨ (5) ਅਤੇ ਵਾਸ਼ੂ (3) ਸ਼ਾਮਲ ਹਨ। ਪੁਲੀਸ ਨੇ ਦੱਸਿਆ ਕਿ ਪੂਰਬੀ ਦਿੱਲੀ ਦੇ ਗਾਜ਼ੀਪੁਰ ਥਾਣਾ ਖੇਤਰ ਵਿੱਚ ਅੱਜ ਸਵੇਰੇ ਕੌਮੀ ਮਾਰਗ-9 'ਤੇ ਸੜਕ ਹਾਦਸਾ ਵਾਪਰਿਆ। ਟੌਲ ਬੂਥ ਨੇੜੇ ਇੱਕ ਕੰਟੇਨਰ ਟਰੱਕ ਨਾਲ ਟਕਰਾਉਣ ਤੋਂ ਬਾਅਦ ਕੀਆ ਸੈਲਟੋਸ ਕਾਰ ਵਿੱਚ ਸਵਾਰ ਦੋ ਔਰਤਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ ਡਰਾਈਵਰ ਅਤੇ ਦੋ ਬੱਚੇ ਜ਼ਖ਼ਮੀ ਹੋ ਗਏ। ਪੁਲੀਸ ਨੇ ਲਾਸ਼ਾਂ ਨੂੰ ਪੋਸਟਮਾਰਟਮ ਲਈ ਹਸਪਤਾਲ



ਭੇਜਣ ਮਗਰੋਂ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲੀਸ ਅਨੁਸਾਰ ਸਵੇਰੇ ਲਗਭਗ 6:43 ਵਜੇ ਗਾਜ਼ੀਪੁਰ ਪੁਲੀਸ ਸਟੇਸ਼ਨ ਨੂੰ ਵਿਨੋਦ ਨਗਰ ਡਿੱਪੂ ਅੱਗੇ ਸੜਕ ਹਾਦਸੇ ਬਾਰੇ ਸੂਚਨਾ ਮਿਲੀ।

ਸੂਚਨਾ ਮਿਲਣ 'ਤੇ ਪੁਲੀਸ ਟੀਮ ਤੁਰੰਤ ਘਟਨਾ ਸਥਾਨ 'ਤੇ ਪਹੁੰਚੀ ਅਤੇ ਘਟਨਾ ਸਥਾਨ ਦਾ ਜਾਇਜ਼ਾ ਲਿਆ। ਮੁੱਢਲੀ ਜਾਂਚ ਵਿੱਚ ਪਤਾ ਲੱਗਿਆ ਕਿ ਗਾਜ਼ੀਆਬਾਦ ਤੋਂ ਆ ਰਹੀ ਕੀਆ ਸੈਲਟੋਸ ਕਾਰ ਟੌਲ ਬੂਥ ਦੇ ਨੇੜੇ ਟਰੱਕ ਨਾਲ ਟਕਰਾਅ ਗਈ। ਟੱਕਰ ਇੰਨੀ ਜ਼ਬਰਦਸਤ ਸੀ ਕਿ ਕਾਰ ਪੂਰੀ ਤਰ੍ਹਾਂ ਤਬਾਹ ਹੋ ਗਈ। ਇਸ ਦੌਰਾਨ ਦੀਪਾਂਜਲੀ ਅਤੇ ਨੀਲਮ ਗਰਗ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇੱਕ ਔਰਤ ਗੱਡੀ ਦੇ ਬਾਹਰ ਪਈ ਮਿਲੀ ਜਦੋਂ ਕਿ ਦੂਜੀ ਅਗਲੀ ਖੱਬੀ ਸੀਟ 'ਤੇ ਫਸ ਗਈ ਅਤੇ ਕਾਫ਼ੀ ਕੋਸ਼ਿਸ਼ਾਂ ਤੋਂ ਬਾਅਦ ਉਸ ਨੂੰ ਬਾਹਰ ਕੱਢਿਆ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਜ਼ਖ਼ਮੀ ਮੈਕਸ ਹਸਪਤਾਲ ਵਿੱਚ ਜ਼ੇਰੇ ਇਲਾਜ ਹਨ। ਉਨ੍ਹਾਂ ਦੱਸਿਆ ਕਿ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ ਤੇ ਹਾਦਸੇ ਦੇ ਕਾਰਨਾਂ ਦਾ ਪਤਾ ਲਾਇਆ ਜਾ ਰਿਹਾ ਹੈ। ਫਿਲਹਾਲ ਦੋਵੇਂ ਲਾਸ਼ਾਂ ਨੂੰ ਪੋਸਟਮਾਰਟਮ ਲਈ ਲਾਲ ਬਹਾਦਰ ਸ਼ਾਸਤਰੀ ਹਸਪਤਾਲ ਵਿੱਚ ਭੇਜ ਦਿੱਤਾ ਹੈ।

## ਨਿਪਾਹ ਵਾਇਰਸ ਤੋਂ ਠੀਕ ਹੋਈ ਨਰਸ ਦੀ ਦਿਲ ਦਾ ਦੌਰਾ ਪੈਣ ਨਾਲ ਮੌਤ

ਕੋਲਕਾਤਾ 13 ਫਰਵਰੀ (ਪੱਤਰ ਪ੍ਰੇਰਕ) : ਪਛਮੀ ਬੰਗਾਲ ਵਿਚ ਨਿਪਾਹ ਵਾਇਰਸ ਦੀ ਲਾਗ ਤੋਂ ਠੀਕ ਹੋਈ ਇਕ ਨਰਸ ਦੀ ਬਾਰਾਸਾਤ ਜ਼ਿਲ੍ਹੇ ਦੇ ਇਕ ਨਿਜੀ ਹਸਪਤਾਲ ਵਿਚ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ, ਰਾਜ ਦੇ ਸਿਹਤ ਵਿਭਾਗ ਦੇ ਇਕ ਅਧਿਕਾਰੀ ਨੇ ਇਹ ਜਾਣਕਾਰੀ ਦਿਤੀ। ਅਧਿਕਾਰੀ ਨੇ ਕਿਹਾ ਕਿ ਨਰਸ ਨੂੰ ਜਨਵਰੀ ਦੇ ਅਖ਼ੀਰ ਵਿਚ ਜੀਵਨ ਸਹਾਇਤਾ ਤੋਂ ਹਟਾ ਦਿਤਾ ਗਿਆ ਸੀ। ਉਨ੍ਹਾਂ ਕਿਹਾ, "ਉਸ ਦੀ ਦੁਪਹਿਰ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ। ਹਾਲਾਂਕਿ ਉਹ ਨਿਪਾਹ ਦੀ ਲਾਗ ਤੋਂ ਠੀਕ ਹੋ ਗਈ ਸੀ, ਪਰ ਉਹ ਕਈ ਪੇਚੀਦਗੀਆਂ ਤੋਂ ਪੀੜਤ ਸੀ।" ਅਧਿਕਾਰੀ ਨੇ ਕਿਹਾ ਕਿ ਨਰਸ ਲੰਬੇ ਸਮੇਂ ਤੋਂ ਕੋਮਾ ਵਿਚ ਸੀ, ਜਿਸਨੇ ਉਸਦੀ ਇਮਿਊਨ ਸਿਸਟਮ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕੀਤਾ ਅਤੇ ਬਾਅਦ ਵਿਚ ਉਸਨੂੰ ਫੇਫੜਿਆਂ ਦੀ ਲਾਗ ਹੋ ਗਈ। ਉਨ੍ਹਾਂ ਕਿਹਾ ਕਿ ਉਹ ਪਿਛਲੇ ਮਹੀਨੇ ਨਿਪਾਹ ਨਾਲ ਸੰਕਰਮਿਤ ਹੋਣ ਦੀ ਪੁਸ਼ਟੀ ਹੋਏ ਦੋ ਲੋਕਾਂ ਵਿਚੋਂ ਇਕ ਸੀ। ਦੂਜਾ ਸੰਕਰਮਿਤ ਵਿਅਕਤੀ ਇਕ ਪੁਰਸ਼ ਹੈ ਅਤੇ ਠੀਕ ਹੋ ਗਿਆ ਹੈ।

# ਪੰਜਾਬ ਵਿੱਚ ਖੇਤੀ 'ਚੋਂ ਬਾਹਰ ਹੋ ਰਹੇ ਨੇ ਨੌਜਵਾਨ ਕਾਮੇ

## ਖੇਤੀ ਦੇ ਕੰਮ 'ਚ 56 ਫ਼ੀਸਦੀ ਔਰਤਾਂ; ਕੌਮੀ ਕਿਰਤ ਮੰਤਰਾਲੇ ਦੇ ਤੱਥਾਂ ਤੋਂ ਨਵੇਂ ਰੁਝਾਨ ਸਾਹਮਣੇ ਆਏ

ਚੰਡੀਗੜ੍ਹ, 13 ਫਰਵਰੀ (ਪੱਤਰ ਪ੍ਰੇਰਕ)- ਪੰਜਾਬ ਵਿੱਚ ਖੇਤੀ 'ਚੋਂ ਨੌਜਵਾਨ ਕਾਮੇ ਬਾਹਰ ਹੋਣ ਲੱਗੇ ਹਨ, ਜਦੋਂ ਕਿ ਦੂਸਰੇ ਸੂਬਿਆਂ 'ਚ ਅਜਿਹਾ ਰੁਝਾਨ ਨਹੀਂ ਹੈ। ਖੇਤੀ ਦੇ ਕੰਮ 'ਚ ਬਹੁਗਿਣਤੀ ਕਾਮੇ 40 ਸਾਲ ਤੋਂ ਉਪਰ ਦੀ ਉਮਰ ਦੇ ਹਨ। ਕੌਮੀ ਔਸਤ ਦੇਖੀਏ ਤਾਂ 51.53 ਫ਼ੀਸਦ ਖੇਤੀ ਕਾਮੇ 18 ਤੋਂ 40 ਸਾਲ ਉਮਰ ਵਰਗ ਦੇ ਹਨ, ਜਦੋਂ ਕਿ ਪੰਜਾਬ 'ਚ ਇਸ ਉਮਰ ਵਰਗ ਦੇ ਕਾਮੇ 47.22 ਫ਼ੀਸਦੀ ਹੀ ਹਨ ਅਤੇ ਗੁਆਂਢੀ ਸੂਬੇ ਹਰਿਆਣਾ 'ਚ ਇਸੇ ਉਮਰ ਵਰਗ ਦੇ ਖੇਤੀ 'ਚ ਲੱਗੇ ਕਾਮੇ 50.17 ਫ਼ੀਸਦੀ ਹਨ। ਕਿਸਾਨਾਂ ਦਾ ਅੰਕੜਾ ਇਸ ਵਿੱਚ ਸ਼ਾਮਲ ਨਹੀਂ ਹੈ। ਕੌਮੀ ਕਿਰਤ ਮੰਤਰਾਲੇ ਵੱਲੋਂ ਗੈਰ-ਸੰਗਠਿਤ ਕਾਮਿਆਂ ਨੂੰ ਰਜਿਸਟਰਡ ਕਰਨ ਲਈ 26 ਅਗਸਤ 2021 ਤੋਂ ਕੌਮੀ ਪੋਰਟਲ (ਈ-ਸ਼੍ਰਮ) ਸ਼ੁਰੂ ਕੀਤਾ ਸੀ ਤਾਂ ਜੋ ਭਲਾਈ ਸਕੀਮਾਂ ਦਾ ਉਨ੍ਹਾਂ ਨੂੰ ਲਾਭ ਦਿੱਤਾ ਜਾ ਸਕੇ। ਪੰਜਾਬ ਵਿੱਚ ਅੱਜ ਤੱਕ 59.42 ਲੱਖ ਗੈ?ਰ-ਸੰਗਠਿਤ ਕਾਮੇ ਰਜਿਸਟਰਡ ਹੋ ਚੁੱਕੇ ਹਨ, ਜਿਨ੍ਹਾਂ 'ਚੋਂ ਸਭ ਤੋਂ ਵੱਧ 14.24 ਲੱਖ ਕਾਮੇ ਖੇਤੀ ਸੈਕਟਰ ਦੇ ਹਨ। ਕੌਮੀ ਪੋਰਟਲ ਦੀ ਹੁਣ ਤੱਕ ਦੀ ਰਜਿਸਟ੍ਰੇਸ਼ਨ ਤੋਂ ਇਹ ਰੁਝਾਨ



ਸਾਹਮਣੇ ਆਇਆ ਹੈ। ਪੰਜਾਬ ਦੀ ਖੇਤੀ 'ਚ 52.76 ਫ਼ੀਸਦੀ ਕਾਮੇ 40 ਸਾਲ ਤੋਂ ਉਪਰ ਦੇ ਹਨ। ਪੰਜਾਬ ਵਿੱਚ ਇਸ ਵੇਲੇ ਅੰਦਾਜ਼ਨ 65 ਲੱਖ ਘਰ ਹਨ, ਜਦੋਂ ਕਿ ਅਸੰਗਠਿਤ ਕਾਮਿਆਂ ਦਾ ਅੰਕੜਾ 59.42 ਲੱਖ ਹੈ। ਕਿਸਾਨੀ ਦੀ ਨਵੀਂ ਪੀੜ੍ਹੀ ਹੁਣ ਖੇਤੀ ਤੋਂ ਦੂਰ ਹੋਣ ਲੱਗੀ ਹੈ ਅਤੇ ਨੌਜਵਾਨ ਖੇਤਾਂ 'ਚ ਮਜ਼ਦੂਰੀ ਕਰਨ ਨੂੰ ਵੀ ਹੁਣ ਤਰਜੀਹ ਨਹੀਂ ਦਿੰਦੇ ਹਨ। ਇਹੀ ਵਜ੍ਹਾ ਹੈ ਕਿ ਪੰਜਾਬ ਦੀ ਖੇਤੀ ਦੀ ਪਰਵਾਸੀ ਮਜ਼ਦੂਰਾਂ 'ਤੇ ਟੇਕ ਵਧਣ ਲੱਗੀ ਹੈ। ਪੰਜਾਬ ਦੇ ਖੇਤੀ ਕਾਮਿਆਂ 'ਚ 56.64 ਫ਼ੀਸਦੀ ਔਰਤਾਂ ਤੇ 43.35 ਫ਼ੀਸਦੀ ਪੁਰਸ਼ ਹਨ। ਹੋਰਨਾਂ ਖੇਤਰਾਂ 'ਚੋਂ ਉਸਾਰੀ ਦੇ ਕੰਮ 'ਚ ਹੁਣ ਤੱਕ 9.68 ਲੱਖ ਕਾਮੇ ਰਜਿਸਟਰਡ ਹੋਏ ਹਨ। ਇਸੇ ਤਰ੍ਹਾਂ ਘਰੇਲੂ ਖੇਤਰ 'ਚ 9.17 ਲੱਖ ਕਾਮੇ ਰਜਿਸਟਰਡ ਹਨ। ਹਰਿਆਣਾ 'ਚ ਗੈ?ਰ-ਸੰਗਠਿਤ ਕਾਮਿਆਂ ਦੀ ਕੁਲ ਰਜਿਸਟ੍ਰੇਸ਼ਨ 54.23 ਲੱਖ ਅਤੇ ਰਾਜਸਥਾਨ 'ਚ 1.52 ਕਰੋੜ ਹੈ। ਸਮੁੱਚੇ ਦੇਸ਼ 'ਚ 31.51 ਕਰੋੜ ਗੈਰ-ਸੰਗਠਿਤ ਕਾਮੇ ਰਜਿਸਟਰਡ ਹੋਏ ਹਨ, ਜਿਨ੍ਹਾਂ 'ਚੋਂ 16.30 ਕਰੋੜ ਖੇਤੀ ਦੇ ਕਿੱਤੇ 'ਚ ਲੱਗੇ ਹਨ। ਖੇਤੀ ਸੈਕਟਰ ਭਾਵੇਂ ਇਸ ਵੇਲੇ ਸਭ ਤੋਂ ਵੱਧ ਰੁਜ਼ਗਾਰ ਮੁਹੱਈਆ ਕਰਾ ਰਿਹਾ ਹੈ ਪਰ ਪੰਜਾਬ 'ਚ ਖੇਤੀ ਕਾਮਿਆਂ ਦੀ ਨੌਜਵਾਨ ਪੀੜ੍ਹੀ ਖੇਤੀ 'ਚੋਂ ਮਨਫ਼ੀ ਹੋ ਰਹੀ ਹੈ। ਕੌਮੀ ਪੋਰਟਲ ਅਨੁਸਾਰ ਪੰਜਾਬ ਦੀ ਖੇਤੀ 'ਚ 47.22 ਫ਼ੀਸਦੀ ਗੈ?ਰਸੰਗਠਿਤ ਕਾਮੇ 18 ਤੋਂ 40 ਸਾਲ ਦੇ ਉਮਰ ਵਰਗ ਦੇ ਹਨ। ਹਰਿਆਣਾ ਵਿਚ ਇਸ ਉਮਰ ਵਰਗ ਦੇ 50.17 ਫ਼ੀਸਦੀ, ਮੱਧ ਪ੍ਰਦੇਸ਼ 'ਚ 57.17 ਫ਼ੀਸਦੀ, ਬਿਹਾਰ 'ਚ 55.90 ਫ਼ੀਸਦੀ, ਉੱਤਰ ਪ੍ਰਦੇਸ਼ 'ਚ 57.08 ਫ਼ੀਸਦੀ, ਰਾਜਸਥਾਨ 'ਚ 57.61 ਫ਼ੀਸਦੀ ਅਤੇ ਗੁਜਰਾਤ 'ਚ 48.49 ਫ਼ੀਸਦੀ ਹਨ। ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਜਨਰਲ ਸਕੱਤਰ ਲਛਮਣ ਸਿੰਘ ਸੇਵੇਵਾਲਾ ਨੇ ਕਿਹਾ ਕਿ ਦਲਿਤ ਨੌਜਵਾਨ ਚੇਤੰਨ ਹੋਇਆ ਹੈ, ਜੋ ਖੇਤੀ ਦੀ ਥਾਂ ਹੋਰ ਬਦਲਵੀਆਂ ਥਾਵਾਂ 'ਤੇ ਕੰਮ ਕਰਨ ਨੂੰ ਤਰਜੀਹ ਦੇਣ ਲੱਗਾ ਹੈ। ਉਨ੍ਹਾਂ ਕਿਹਾ ਕਿ ਖੇਤੀ ਦੇ ਕੰਮ 'ਚ ਦਿਹਾੜੀ ਘੱਟ ਹੈ ਅਤੇ ਦਾਬੇ ਵੱਧ ਹਨ। ਕੰਮ ਵੀ ਨਿਯਮਤ ਨਹੀਂ ਮਿਲਦਾ ਹੈ। ਝੋਨੇ ਦੀ ਲਵਾਈ ਮੌਕੇ ਨੌਜਵਾਨਾਂ ਦੀ ਖੇਤੀ 'ਚ ਸ਼ਮੂਲੀਅਤ ਜ਼ਰੂਰ ਵੱਧ ਜਾਂਦੀ ਹੈ। ਹੋਰ ਖੇਤਰਾਂ 'ਚ ਗੈਰ-ਸੰਗਠਿਤ ਕਾਮਿਆਂ ਦੇ ਤੱਥ ਵੇਖੀਏ ਤਾਂ 70,507 ਕਾਰ/ਟੈਕਸੀ/ਵੈਨ ਡਰਾਈਵਰ ਹਨ ਅਤੇ 14,549 ਆਟੋ ਰਿਕਸ਼ਾ ਡਰਾਈਵਰ ਹਨ। 15,478 ਨਾਈ ਹਨ ਅਤੇ 5515 ਹੇਅਰ ਡਰੈੱਸਰ ਔਰਤਾਂ ਹਨ। 320 ਟੈਟੂ ਆਰਟਿਸਟ ਹਨ।

# ਪੰਜਾਬੀ ਸੂਫੀ ਗਾਇਕਾ ਜੋਤੀ ਨੂਰਾਂ ਦੇ ਘਰ ਦੇ ਬਾਹਰ ਐਕਟਿਵਾ ਸਵਾਰ ਵਿਅਕਤੀ ਨੇ ਪਿਸਤੌਲ ਲੋਡ ਕਰ ਕੇ ਫੈਲਾਈ ਦਹਿਸ਼ਤ, ਘਟਨਾ ਸੀਸੀਟੀਵੀ 'ਚ ਕੈਦ



ਜਲੰਧਰ, 13 ਫਰਵਰੀ (ਪੱਤਰ ਪ੍ਰੇਰਕ)- ਪੰਜਾਬੀ ਸੂਫੀ ਗਾਇਕਾ ਜੋਤੀ ਨੂਰਾ ਬਾਰੇ ਵੱਡੀ ਖਬਰ ਸਾਹਮਣੇ ਆਈ ਹੈ, ਜਿੱਥੇ ਬਸੰਤ ਕੁੰਜ ਨੇੜੇ ਸਥਿਤ ਉਨ੍ਹਾਂ ਦੇ ਘਰ ਦੇ ਬਾਹਰ ਦੇਰ ਰਾਤ ਐਕਟਿਵਾ ਸਵਾਰ ਵਿਅਕਤੀ ਨੇ ਆ ਕੇ ਪਿਸਤੌਲ ਨੂੰ ਲੋਡ ਕਰ ਕੇ ਦਹਿਸ਼ਤ ਫੈਲਾਈ ਅਤੇ ਵਾਰਦਾਤ ਘਰ ਦੇ ਬਾਹਰ ਲੱਗੇ ਸੀਸੀਟੀਵੀ ਕੈਮਰਿਆਂ 'ਚ ਕੈਦ ਹੋ ਗਈ। ਘਟਨਾ ਦੌਰਾਨ ਕੋਈ ਵੀ ਬਾਹਰ ਨਹੀਂ ਸੀ।ਦੱਸਿਆ ਜਾ ਰਿਹਾ ਹੈ ਕਿ ਐਕਟਿਵਾ 'ਤੇ ਸਵਾਰ ਵਿਅਕਤੀ ਨੇ ਦਹਿਸਤ ਫੈਲਾਉਣ ਦੇ ਇਰਾਦੇ ਨਾਲ ਇਹ ਹਰਕਤ ਕੀਤੀ। ਐਕਟਿਵਾ 'ਤੇ ਸਵਾਰ ਵਿਅਕਤੀ ਸੀਸੀਟੀਵੀ ਕੈਮਰਿਆਂ ਵਿੱਚ ਦਿਖਾਈ ਦੇ ਰਿਹਾ ਹੈ। ਪੁਲਿਸ ਨੂੰ ਵੀ ਇਸ ਬਾਰੇ ਸੂਚਿਤ ਕੀਤਾ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਬੀਤੀ ਰਾਤ 9:20 ਵਜੇ ਇੱਕ ਵਿਅਕਤੀ ਜੋਤੀ ਨੂਰਾਂ ਦੇ ਘਰ ਦੇ ਬਾਹਰ ਪਹੁੰਚਿਆ ਅਤੇ ਪਿਸਤੌਲ ਤਾਣ ਦਿੱਤੀ, ਜਿਸ ਨਾਲ ਦਹਿਸਤ ਫੈਲ ਗਈ। ਘਟਨਾ ਤੋਂ ਬਾਅਦ, ਉਹ ਵਿਅਕਤੀ ਆਪਣੀ ਐਕਟਿਵਾ 'ਤੇ ਭੱਜ ਗਿਆ। ਪੁਲਿਸ ਨੇ ਮਾਮਲੇ ਦੀ ਜਾਂਚ ਸੁਰੂ ਕਰ ਦਿੱਤੀ ਹੈ।ਸਟੇਸਨ ਹਾਊਸ ਅਫਸਰ ਰਾਕੇਸ ਕੁਮਾਰ ਨੇ ਕਿਹਾ ਕਿ ਉਨ੍ਹਾਂ ਨੂੰ ਸ਼ਿਕਾਇਤ ਮਿਲੀ ਹੈ ਕਿ ਇੱਕ ਸ਼ੱਕੀ ਵਿਅਕਤੀ ਘਰ ਦੇ ਬਾਹਰ ਆਇਆ ਸੀ ਅਤੇ ਪਿਸਤੌਲ ਲੋਡ ਕੀਤਾ ਸੀ, ਪਰ ਉਸਨੇ ਕੋਈ ਗੋਲੀ ਨਹੀਂ ਚਲਾਈ। ਇਹ ਘਟਨਾ ਘਰ ਦੇ ਬਾਹਰ ਲੱਗੇ ਸੀਸੀਟੀਵੀ ਕੈਮਰਿਆਂ ਵਿੱਚ ਕੈਦ ਹੋ ਗਈ। ਉਨ੍ਹਾਂ ਦੀ ਟੀਮ ਮਾਮਲੇ ਦੀ ਜਾਂਚ ਕਰ ਰਹੀ ਹੈ। ਘਰ ਦੇ ਆਲੇ-ਦੁਆਲੇ ਲੱਗੇ ਸੀਸੀਟੀਵੀ ਕੈਮਰਿਆਂ ਦੀ ਜਾਂਚ ਕੀਤੀ ਜਾ ਰਹੀ ਹੈ।

# ਮੋਟਰਸਾਈਕਲ ਸਵਾਰਾਂ ਵੱਲੋਂ ਐੱਨਆਰਆਈ ਦੇ ਘਰ 'ਚ ਭੰਨ-ਤੋੜ

ਜਲੰਧਰ, 13 ਫਰਵਰੀ (ਪੱਤਰ ਪ੍ਰੇਰਕ)- ਗੁਰਾਇਆ ਦੇ ਬੜਾ ਪਿੰਡ ਦੇ ਇਕ ਐੱਨਆਰਆਈ ਪਰਿਵਾਰ ਨੇ ਪੰਜਾਬ ਆਉਣ ਤੋਂ ਇਨਕਾਰ ਕਰ ਦਿੱਤਾ ਹੈ। ਇਸ ਸਬੰਧੀ ਪਿੰਡ ਦੇ ਸਾਬਕਾ ਪੰਚਾਇਤ ਮੈਂਬਰ ਤੇ ਉਨ੍ਹਾਂ ਦੇ ਘਰ ਦੀ ਦੇਖਭਾਲ ਕਰ ਰਹੇ ਨੌਜਵਾਨ ਨੇ ਦੱਸਿਆ ਕਿ ਪਿੰਡ ਦੇ ਰਹਿਣ ਵਾਲੇ ਕੁਲਵੰਤ ਸਿੰਘ ਕਾਂਤਾ ਸਹੋਤਾ, ਜੋ ਕਿ ਅਮਰੀਕਾ ਦੇ ਨਾਗਰਿਕ ਹਨ, ਦੇ ਘਰ 'ਤੇ ਹਾਲ ਹੀ 'ਚ ਦੋ ਮੋਟਰਸਾਈਕਲ ਸਵਾਰ ਹਮਲਾਵਰਾਂ ਵੱਲੋਂ ਭੰਨ-ਤੋੜ ਕੀਤੀ ਗਈ। ਉਨ੍ਹਾਂ ਦੱਸਿਆ ਕਿ 11 ਫਰਵਰੀ ਨੂੰ ਕੁਲਵੰਤ ਸਿੰਘ ਆਪਣੇ ਪਰਿਵਾਰ ਸਮੇਤ ਪਿੰਡ ਆਉਣ ਵਾਲੇ ਸਨ ਪਰ ਉਸ ਤੋਂ ਪਹਿਲਾਂ ਹੀ ਉਨ੍ਹਾਂ ਦੇ ਘਰ 'ਤੇ ਹਮਲਾ ਕਰਕੇ ਦਹਿਸਤ ਫੈਲਾਈ ਗਈ। ਇਸ ਘਟਨਾ ਦੀ ਸੀਸੀਟੀਵੀ ਫੁਟੇਜ ਵੀ ਸਾਹਮਣੇ ਆਈ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਪੁਲਿਸ ਮੁਤਾਬਕ ਇਸ ਤੋਂ ਪਹਿਲਾਂ ਵੀ ਉਨ੍ਹਾਂ 'ਤੇ ਹਮਲਾ ਹੋ ਚੁੱਕਾ ਹੈ। ਇਸ ਤਾਜਾ ਹਮਲੇ ਤੋਂ ਬਾਅਦ ਐੱਨਆਰਆਈ ਪਰਿਵਾਰ ਨੇ ਪਿੰਡ ਆਉਣ ਤੋਂ ਇਨਕਾਰ ਕਰ ਦਿੱਤਾ ਹੈ। ਇਸ ਸਬੰਧੀ ਗੁਰਾਇਆ ਪੁਲਿਸ ਨੂੰ ਸ਼ਿਕਾਇਤ ਦਿੱਤੀ ਗਈ ਹੈ। ਧੁਲੇਤਾ ਚੌਕੀ ਤੋਂ ਚੌਕੀ ਇੰਚਾਰਜ ਸੁਖਵਿੰਦਰ ਪਾਲ ਸਿੰਘ ਮੌਕੇ 'ਤੇ ਪਹੁੰਚੇ ਤੇ ਕਾਰਵਾਈ ਸੁਰੂ ਕਰ ਦਿੱਤੀ ਹੈ। ਚੌਕੀ ਇੰਚਾਰਜ ਸੁਖਵਿੰਦਰ ਪਾਲ ਨੇ ਦੱਸਿਆ ਕਿ ਸੀਸੀਟੀਵੀ ਫੁਟੇਜ 'ਚ ਦੋ ਮੋਟਰਸਾਈਕਲ ਸਵਾਰ ਹਮਲਾਵਰਾਂ ਨੂੰ ਘਰ ਦੀਆਂ ਖਿੜਕੀਆਂ ਤੇ ਰੋਸਨਦਾਨ ਦੇ ਸੀਸੇ ਤੋੜਦੇ ਹੋਏ ਦੇਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਕਿਸੇ ਧਮਕੀਭਰੇ ਫੋਨ ਕਾਲ ਬਾਰੇ ਜਾਣਕਾਰੀ ਨਹੀਂ ਹੈ।

# ਕੈਦੀ ਗਲਤੀਆਂ ਸੁਧਾਰ ਕੇ ਨਵੀਂ ਜਿਦਗੀ ਸ਼ੁਰੂ ਕਰਨ: ਭੁੱਲਰ

ਪਟਿਆਲਾ, 13 ਫਰਵਰੀ (ਪੱਤਰ ਪ੍ਰੇਰਕ)-ਜੇਲ੍ਹ ਅਤੇ ਟਰਾਂਸਪੋਰਟ ਮੰਤਰੀ ਲਾਲਜੀਤ ਭੁੱਲਰ ਨੇ ਅੱਜ ਕੈਦੀਆਂ ਤੇ ਹਵਾਲਾਤੀਆਂ ਨੂੰ ਪਿਛਲੀਆਂ ਗਲਤੀਆਂ ਸੁਧਾਰ ਕੇ ਨਵੀਂ ਜਿਦਗੀ ਦੀ ਸ਼ੁਰੂਆਤ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਸਾਰੀਆਂ ਜੇਲ੍ਹਾਂ ਦੇ ਬਾਹਰ ਪੈਟਰੋਲ ਪੰਪ ਖੋਲ੍ਹ ਕੇ ਉਥੇ ਚੰਗੇ ਆਚਰਨ ਵਾਲੇ ਕੈਦੀਆਂ ਨੂੰ ਕੰਮ ਦਿੱਤਾ ਜਾਵੇਗਾ, ਤਾਂ ਜੋ ਉਨ੍ਹਾਂ ਨੂੰ ਹੋਰ ਸੁਧਰਨ ਦਾ ਮੌਕੇ ਮਿਲ ਸਕੇ। ਉਹ ਅੱਜ ਇੱਥੇ ਕੇਂਦਰੀ ਜੇਲ੍ਹ ਪਟਿਆਲਾ ਵਿੱਚ ਸੁਪਰਡੈਂਟ ਗੁਰਚਰਨ ਸਿੰਘ ਧਾਲੀਵਾਲ ਦੀ ਦੇਖਰੇਖ ਹੇਠ ਹੋਏ 'ਉਜਾਲਾ ਪੰਜਾਬ ਪ੍ਰਿਜਨ ਓਲੰਪਿਕਸ-2026' ਦੇ ਜੇਤੂਆਂ ਨੂੰ ਇਨਾਮ ਵੰਡਣ ਲਈ ਪੁੱਜੇ ਸਨ। ਇਸ ਦੌਰਾਨ ਪਟਿਆਲਾ ਜੋਨ ਦੀਆਂ ਜੇਲ੍ਹਾਂ ਦੇ ਕੈਦੀ ਖਿਡਾਰੀ ਸਭ ਤੋਂ ਵਧ ਮੈਡਲ ਜਿੱਤ ਕੇ ਓਵਰਆਲ ਜੇਤੂ ਰਹੇ, ਜਦਕਿ ਫਰੀਦਕੋਟ ਜੋਨ ਦੀਆਂ ਜੇਲ੍ਹਾਂ ਦੇ ਕੈਦੀ ਦੂਜੇ ਅਤੇ ਕਪੂਰਥਲਾ ਜੋਨ ਦੇ ਕੈਦੀ ਤੀਜੇ ਸਥਾਨ 'ਤੇ ਰਹੇ। ਇਨ੍ਹਾਂ ਖੇਡ ਰੱਸਾਕਸੀ, ਕਬੱਡੀ, ਵਾਲੀਬਾਲ, ਬੈਡਮਿੰਟਨ, ਚੈੱਸ, ਚਿੱਤਰਕਾਰੀ, ਅਥਲੈਟਿਕ, ਲੰਬੀ ਛਾਲ ਅਤੇ ਸ਼ਾਟਪੁੱਟ ਮੁਕਾਬਲੇ ਕਰਵਾਏ ਗਏ। ਜੇਲ੍ਹ ਮੰਤਰੀ ਨੇ ਕਿਹਾ ਕਿ ਸਾਰੇ ਕੈਦੀ ਤੇ ਹਵਾਲਾਤੀ ਚੰਗੇ ਕੰਮ ਕਰਕੇ ਭਵਿੱਖ ਸੁਧਾਰਨ ਅਤੇ ਸਰਕਾਰ ਵੱਲੋਂ ਕੈਦੀਆਂ ਦੇ ਸੁਧਾਰ ਲਈ ਸ਼ੁਰੂ ਕੀਤੇ ਕੋਰਸ ਕਰਕੇ ਸਵੈ ਰੁਜ਼ਗਾਰ ਦੇ ਕਾਬਲ ਬਣਨ। ਇਸ ਮੌਕੇ ਏ ਡੀ ਜੀ ਪੀ (ਜੇਲ੍ਹਾਂ) ਅਰੁਣਪਾਲ ਸਿੰਘ ਅਤੇ ਪ੍ਰਮੁੱਖ ਸਕੱਤਰ ਤੇ ਆਈ ਜੀ (ਜੇਲਾਂ) ਮੁਹੰਮਦ ਤਇਅਬ ਸਮੇਤ ਹੋਰ ਅਧਿਕਾਰੀ ਮੌਜੂਦ ਸਨ। ਵਧੀਆ ਪ੍ਰਬੰਧ ਲਈ ਜੇਲ੍ਹ ਮੰਤਰੀ ਨੇ ਜੇਲ੍ਹ ਸੁਪਰਡੈਂਟ ਗੁਰਚਰਨ ਸਿੰਘ ਧਾਲੀਵਾਲ, ਵਧੀਕ ਸੁਪਰਡੈਂਟ ਜੈਦੀਪ ਸਿੰਘ ਤੇ ਅਰਪਨਜੋਤ ਦੀ ਸ਼ਲਾਘਾ ਕੀਤੀ।

ਗੈਂਗਸਟਰ ਤੇ ਸਮੱਗਲਰ ਪਿਛਲੀਆਂ ਸਰਕਾਰਾਂ ਦੀ ਦੇਣ: ਭੁੱਲਰ

ਜੇਲ੍ਹ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਸੂਬੇ ਵਿੱਚ ਗੈਂਗਸਟਰ ਤੇ ਸਮੱਗਲਰ ਪਿਛਲੀਆਂ ਸਰਕਾਰਾਂ ਦੀ ਦੇਣ ਹੈ, ਜਿਸ ਦਾ ਸਫਾਇਆ 'ਆਪ' ਸਰਕਾਰ ਕਰ ਰਹੀ ਹੈ ਤੇ ਜੇਲ੍ਹਾਂ ਵਿੱਚ ਬੰਦ ਉੱਚ ਦਰਜੇ ਦੇ ਗੈਂਗਸਟਰਾਂ, ਸਮੱਗਲਰਾਂ ਤੇ ਹੋਰ ਸ਼ਰਾਰਤੀ ਅਨਸਰਾਂ ਨੂੰ ਸਖ਼ਤ ਨਿਗਰਾਨੀ ਹੇਠਾਂ ਰੱਖਣ ਲਈ ਲੁਧਿਆਣਾ ਵਿਖੇ ਬਣ ਰਹੀ ਹਾਈ ਸਕਿਊਰਿਟੀ ਜੇਲ੍ਹ ਇਸ ਸਾਲ ਦੇ ਅੰਤ ਤੱਕ ਚਾਲੂ ਕਰ ਦਿੱਤੀ ਜਾਵੇਗੀ। ਉਹ ਅੱਜ ਇਥੇ ਸਥਿਤ ਰਾਜ ਵਿਆਪੀ ਪੰਜਾਬ ਜੇਲ੍ਹ ਟ੍ਰੇਨਿੰਗ ਸਕੂਲ ਵਿਖੇ ਮੁਢਲੀ ਸਿਖਲਾਈ ਮੁਕੰਮਲ ਕਰਨ ਵਾਲੇ ਪੰਜਾਬ ਜੇਲ੍ਹ ਵਿਭਾਗ ਦੇ ਵਾਰਡਰਾਂ ਤੇ ਮੈਟਰਨਜ਼ ਦੀ ਪਾਸਿੰਗ ਆਊਟ ਪਰੇਡ ਮੌਕੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰ ਰਹੇ ਸਨ

# ਕਾਰ ਬੇਕਾਬੂ ਹੋ ਕੇ ਖੇਤਾਂ 'ਚ ਪਲਟੀ, ਦੋ ਜਖਮੀ



ਕਿਸਨਗੜ੍ਹ, 13 ਫਰਵਰੀ (ਪੱਤਰ ਪ੍ਰੇਰਕ)- ਜਲੰਧਰ-ਪਠਾਨਕੋਟ ਨੈਸ਼ਨਲ ਹਾਈਵੇ 'ਤੇ ਅੱਡਾ ਕਾਲਾ ਬੱਕਰਾ ਨੇੜੇ ਜਲੋਵਾਲ ਕਾਲੋਨੀ ਵਿਖੇ ਇਕ ਕਾਰ ਬੇਕਾਬੂ ਹੋ ਕੇ ਖੇਤਾਂ 'ਚ ਜਾ ਪਲਟੀ, ਜਿਸ ਕਾਰਨ ਦੋ ਵਿਅਕਤੀ ਜਖਮੀ ਹੋ ਗਏ। ਮਿਲੀ ਜਾਣਕਾਰੀ ਅਨੁਸਾਰ ਕਰੇਟਾ ਕਾਰ (ਨੰਬਰ ਯੂਕੇ-07-ਐੱਚਸੀ-9959) ਸੰਤੁਲਨ ਵਿਗੜਣ ਕਾਰਨ ਸੜਕ ਤੋਂ ਹਟ ਕੇ ਖੇਤਾਂ 'ਚ ਜਾ ਪਲਟੀ। ਹਾਦਸੇ ਦੌਰਾਨ ਕਾਰ 'ਚ ਸਵਾਰ ਸੱਤਿਅਮ ਦੀਕਸ਼ਿਤ ਪੁੱਤਰ ਸੰਤੋਖ ਦੀਕਸ਼ਿਤ ਤੇ ਰਤਨੇਸ ਦੀਕਸ਼ਿਤ ਪੁੱਤਰ ਸੰਤੋਖ ਦੀਕਸ਼ਿਤ, ਦੋਵੇਂ ਵਾਸੀ ਗਾਜੀਆਬਾਦ, ਜਖਮੀ ਹੋ ਗਏ। ਐੱਮਡੀਟੀ ਡਿਵਾਈਸ ਰਾਹੀਂ ਸੂਚਨਾ ਮਿਲਣ ਉਪਰੰਤ ਸੜਕ ਸੁਰੱਖਿਆ ਫੋਰਸ ਦੀ ਐੱਸਐੱਸ ਟੀਮ ਮੌਕੇ 'ਤੇ ਪੁੱਜੀ। ਟੀਮ ਦੇ ਇੰਚਾਰਜ ਏਐੱਸਆਈ ਸਤਨਾਮ ਸਿੰਘ ਨੇ ਦੱਸਿਆ ਕਿ ਜਖਮੀਆਂ ਨੂੰ ਮੌਕੇ 'ਤੇ ਪਹਿਲੀ ਸਹਾਇਤਾ ਦੇਣ ਤੋਂ ਬਾਅਦ ਇਲਾਜ ਲਈ ਸਿਵਲ ਹਸਪਤਾਲ ਕਾਲਾ ਬੱਕਰਾ ਵਿਖੇ ਦਾਖਲ ਕਰਵਾਇਆ ਗਿਆ।

# ਸਰੀ ਵਿੱਚ ਸਿਟੀ ਰੀਚ ਕੇਅਰ ਸੋਸਾਇਟੀ ਦਾ ਫੂਡ ਫਾਰ ਫੈਮਿਲੀਜ਼ ਪ੍ਰੋਗਰਾਮ ਹਜ਼ਾਰਾਂ ਪਰਿਵਾਰਾਂ ਲਈ ਆਸ ਦੀ ਕਿਰਨ - ਮਨਦੀਪ ਧਾਲੀਵਾਲ

ਸਰੀ, 13 ਫਰਵਰੀ (ਪੱਤਰ ਪ੍ਰੇਰਕ)-ਸਰੀ ਸ਼ਹਿਰ ਵਿੱਚ ਸਿਟੀ ਰੀਚ ਕੇਅਰ ਸੋਸਾਇਟੀ ਵੱਲੋਂ ਚਲਾਇਆ ਜਾ ਰਿਹਾ ਫੂਡ ਫਾਰ ਫੈਮਿਲੀਜ਼ ਪ੍ਰੋਗਰਾਮ ਹਜ਼ਾਰਾਂ ਜ਼ਰੂਰਤਮੰਦ ਪਰਿਵਾਰਾਂ ਲਈ ਸਹਾਰਾ ਬਣਿਆ ਹੋਇਆ ਹੈ। ਬੀਤੇ ਦਿਨ ਐਮ.ਐਲ.ਏ. ਮਨਦੀਪ ਧਾਲੀਵਾਲ ਨੇ ਸਰੀ ਦੇ ਡਿਸਟ੍ਰੀਬਿਊਸ਼ਨ ਸਥਾਨ ਦਾ ਦੌਰਾ ਕਰਦਿਆਂ ਇਸ ਸੰਸਥਾ ਦੇ ਸਟਾਫ਼ ਅਤੇ ਸੇਵਾਦਾਰਾਂ ਦੀ ਸੇਵਾ ਭਾਵਨਾ ਦੀ ਭਰਪੂਰ ਸ਼ਲਾਘਾ ਕੀਤੀ।



ਉਨ੍ਹਾਂ ਦੱਸਿਆ ਕਿ ਸਿਟੀ ਰੀਚ ਕੇਅਰ ਸੋਸਾਇਟੀ ਹਰ ਹਫ਼ਤੇ ਸਥਾਨਕ ਗ੍ਰੋਸਰੀ ਸਟੋਰਾਂ ਅਤੇ ਫ਼ਾਰਮਾਂ ਤੋਂ ਤਾਜ਼ਾ ਅਤੇ ਸਿਹਤਮੰਦ ਖੁਰਾਕ ਬਚਾ ਕੇ 4,500 ਤੋਂ ਵੱਧ ਨਾਜ਼ੁਕ ਹਾਲਾਤਾਂ ਵਿੱਚ ਰਹਿ ਰਹੇ ਲੋਕਾਂ ਤੱਕ ਮੁਫ਼ਤ ਪਹੁੰਚਾਉਂਦੀਹੈ। ਪਿਛਲੇ ਸਾਲ ਇਸ ਪ੍ਰੋਗਰਾਮ ਤਹਿਤ 1.4 ਮਿਲੀਅਨ ਪੌਂਡ ਖੁਰਾਕ ਲੈਂਡਫ਼ਿਲ ਵਿੱਚ ਜਾਣ ਤੋਂ ਬਚਾਈ, 800 ਤੋਂ ਵੱਧ ਸਥਾਨਕ ਪਰਿਵਾਰਾਂ ਨੂੰ 58,000 ਤਾਜ਼ਾ ਫੂਡ ਹੈਂਪਰ ਮੁਹੱਈਆ ਕਰਵਾਏ ਅਤੇ 40 ਲੱਖ ਡਾਲਰ ਤੋਂ ਵੱਧ ਮੁੱਲ ਦੀ ਖੁਰਾਕ ਬਚਾਈ। ਸੰਸਥਾ ਦੇ ਸਾਥੀ ਸੀਡਰ ਗਰੋਵ ਅਤੇ ਬਰੌਡਵੇਅ ਚਰਚ ਦੇ ਸਮਰਪਿਤ ਵਲੰਟੀਅਰਾਂ ਦੀ ਮਿਹਨਤ ਨਾਲ ਹਰ ਇੱਕ ਡਾਲਰ ਦੇ ਦਾਨ ਨਾਲ ਲਗਭਗ 10 ਡਾਲਰ ਮੁੱਲ ਦੀ ਖੁਰਾਕ ਬਚਾਈ ਜਾਂਦੀ ਹੈ। ਉਨ੍ਹਾਂ ਕਿਹਾ ਕਿ ਇਹ ਗੱਲ ਚਿੰਤਾਜਨਕ ਹੈ ਕਿ ਏਨੇ ਮਹੱਤਵਪੂਰਨ ਪ੍ਰੋਗਰਾਮ ਨੂੰ ਕਿਸੇ ਵੀ ਤਰ੍ਹਾਂ ਦੀ ਸਰਕਾਰੀ ਫੰਡਿੰਗ ਪ੍ਰਾਪਤ ਨਹੀਂ ਹੈ। ਐਮ.ਐਲ.ਏ. ਮਨਦੀਪ ਧਾਲੀਵਾਲ ਨੇ ਕਿਹਾ ਕਿ ਖੁਰਾਕ ਸੁਰੱਖਿਆ ਹਰ ਪਰਿਵਾਰ ਦਾ ਮੂਲ ਅਧਿਕਾਰ ਹੋਣਾ ਚਾਹੀਦਾ ਹੈ ਅਤੇ ਇਸਨੂੰ ਸਰੀ ਸਮੇਤ ਪੂਰੇ ਬ੍ਰਿਟਿਸ਼ ਕੋਲੰਬੀਆ ਵਿੱਚ ਪਹਿਲ ਬਣਾਉਣ ਦੀ ਲੋੜ ਹੈ। ਉਨ੍ਹਾਂ ਨੇ ਕਿਹਾ ਕਿ ਸਿਟੀ ਰੀਚ ਕੇਅਰ ਸੋਸਾਇਟੀ ਵੱਲੋਂ ਕੀਤੇ ਜਾ ਰਹੇ ਕੰਮ ਨੂੰ ਨਜ਼ਦੀਕੋਂ ਦੇਖਣਾ ਪ੍ਰੇਰਣਾਦਾਇਕ ਅਨੁਭਵ ਹੈ ਅਤੇ ਇਹ ਸੰਸਥਾ ਸੱਚਮੁੱਚ ਕਮਿਊਨਿਟੀ ਵਿੱਚ ਵੱਡਾ ਯੋਗਦਾਨ ਪਾ ਰਹੀ ਹੈ।

# ਕੰਪਿਊਟਰ ਅਧਿਆਪਕ ਹੱਕਾਂ ਲਈ ਅਦਾਲਤਾਂ ਵਿੱਚ ਧੱਕੇ ਖਾਣ ਲਈ ਮਜ਼ਬੂਰ- ਅਮਿਤ ਕੁਮਾਰ

ਲੁਧਿਆਣਾ , 13 ਫਰਵਰੀ (ਪੱਤਰ ਪ੍ਰੇਰਕ)- ਪੰਜਾਬ ਦੇ ਸਕੂਲਾਂ ਦੀ ਰੀੜ੍ਹ ਦੀ ਹੱਡੀ ਕਹੇ ਜਾਣ ਵਾਲੇ ਕੰਪਿਊਟਰ ਅਧਿਆਪਕਾਂ ਨੂੰ ਹੱਕ ਨਾ ਦੇ ਕੇ ਰੀੜ੍ਹ ਦੀ ਹੱਡੀ ਨੂੰ ਧੱਕੇ ਰੂਪੀ ਅਪਾਹਿਜ਼ ਕਰਕੇ ਕਈ ਸਾਲਾਂ ਦਾ ਸੰਤਾਪ ਭੁਗਤਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਇਸ ਬਾਰੇ ਦੱਸਿਆ ਅਮਿਤ ਕੁਮਾਰ (ਜੁਆਇੰਟ ਸੈਕਟਰੀ ਕੰਪਿਊਟਰ ਅਧਿਆਪਕ ਸੰਘਰਸ਼ ਕਮੇਟੀ) ਨੇ ਦੱਸਿਆ ਕਿ 2005 ਵਿੱਚ ਜਦ ਸਰਕਾਰ ਨੇ ਸੋਚਿਆ ਕਿ ਸਕੂਲਾਂ ਦੇ ਕੰਮਾਂ ਨੂੰ ਰਜਿਸਟਰ ਨਾਲੋਂ ਕੱਟ ਕੇ ਡਿਜੀਟਲ ਕਰੀਏ ਤਾਂ ਸਕੂਲਾਂ ਵਿੱਚ ਕੰਪਿਊਟਰ ਅਧਿਆਪਕਾਂ ਦੀ ਭਰਤੀ ਕੀਤੀ ਗਈ ਤੇ ਨਾਲ ਹੀ ਸ਼ੋਸ਼ਣ ਕਰਨ ਤੇ ਪੂਰੇ ਹੱਕ ਨਾ ਦੇਣ ਲਈ ਆਈਸੀਟੀ ਨਾਂ ਦੀ ਸ਼ਾਖਾ ਖੜ੍ਹੀ ਕਰ ਭਰਤੀ ਉਸ ਅਧੀਨ ਕਰ ਲਈ ਗਈ ਤਾਂ ਜੋ ਕੰਪਿਊਟਰ ਅਧਿਆਪਕਾਂ ਨੂੰ ਸੋਸਾਇਟੀ ਦੇ ਮੁਲਾਜ਼ਮ ਕਹਿ ਇਹਨਾਂ ਤੋਂ ਘੱਟ ਤਨਖਾਹ ਵਿੱਚ ਕੰਮ ਕਰਾਇਆ ਜਾ ਸਕੇ ਤੇ ਕੰਪਿਊਟਰ ਅਧਿਆਪਕ ਨਿਗੂਣੀ 4500 ਰੁਪਏ ਤੇ ਲੰਬਾ ਸਮਾਂ ਕੰਮ ਕਰਦੇ ਰਹੇ ਕਿਉਂਕਿ ਨਵੇਂ ਆਏ ਹੋਣ ਕਰਕੇ ਆਪਣੇ ਹੱਕਾਂ ਤੋਂ ਅਣਜਾਣ ਸੀ ਜਿਸਦਾ ਫਾਇਦਾ ਸਰਕਾਰ ਨੇ ਰੱਜ ਕੇ ਉਠਾਇਆ ਤੇ ਐਸੇ ਨਿਗੂਣੀ ਤਨਖਾਹ ਨਾਲ ਕੰਪਿਊਟਰ ਅਧਿਆਪਕਾਂ ਨੇ ਸਰਕਾਰੀ ਸਕੂਲਾਂ ਨੂੰ ਟੈਕਨੋਲੋਜੀ ਨਾਲ ਜੋੜ ਕੇ ਸਕੂਲਾਂ ਨੂੰ ਇੱਕ ਕਲਿੱਕ ਨਾਲ ਹੀ ਕੰਮ ਕਰਨ ਦੇ ਯੋਗ ਬਣਾਇਆ ਗਿਆ,ਨਿਗੂਣੀ ਤਨਖ਼ਾਹ ਤੇ ਡਿਜੀਟਲ ਸਕੂਲ ਬਣਾਉਣ ਵਾਲੇ ਅਧਿਆਪਕ ਸ਼ੋਸ਼ਣ ਦਾ ਸ਼ਿਕਾਰ ਰਹੇ,ਜਦ ਹੌਲੀ ਹੌਲੀ ਅਧਿਆਪਕਾਂ ਨੂੰ ਸਮਝ ਲੱਗੀ ਕਿ ਉਹਨਾਂ ਨਾਲ ਸੋਸਾਇਟੀ ਦੇ ਨਾਂ ਤੇ ਧੋਖਾ ਕੀਤਾ ਜਾ ਰਿਹਾ ਹੈ,ਫੇਰ ਵੀ ਹੱਕਾਂ ਲਈ ਆਵਾਜ਼ ਉਠਾਉਣ ਤੇ ਸਿਰਫ ਤਨਖਾਹਾਂ ਦਾ ਹੀ ਸਮੇਂ ਸਮੇਂ ਤੇ ਵਾਧਾ ਕੀਤਾ ਗਿਆ ਪਰ ਆਮ ਮੁਲਾਜ਼ਮਾਂ ਵਾਂਗ ਹੱਕਾਂ ਤੋਂ ਉਹਨਾਂ ਨੂੰ ਵਾਂਝਿਆ ਹੀ ਰੱਖਿਆ ਗਿਆ ,ਫੇਰ ਟਾਈਮ ਬੀਤਣ ਤੇ ਕੰਪਿਊਟਰ ਅਧਿਆਪਕਾਂ ਤੇ ਇੱਕ ਹੋਰ ਤਜ਼ਰਬਾ ਕਰਦਿਆ ਹੋਇਆ ਇਚ;ਖ 2011 ਵਿੱਚ ਰੈਗੂਲਰ ਤੇ ਕਰ ਦਿੱਤਾ ਗਿਆ ਪਰ ਸੋਸਾਇਟੀ ਦਾ ਠੱਪਾ ਓਸੇ ਤਰਾਂ ਹੀ ਰੱਖਿਆ ਗਿਆ,ਜਦ ਕਿ ਪੱਕਿਆ ਹੋਣ ਦਾ ਮਤਲਬ ਸੋਸਾਇਟੀ ਖਤਮ ਕਰਕੇ ਸਿੱਖਿਆ ਵਿਭਾਗ ਵਿੱਚ ਲਿਆਉਣਾ ਬਣਦਾ ਸੀ,ਇੱਥੇ ਵੀ ਪੂਰਨ ਹੱਕਾਂ ਤੋਂ ਅਧੂਰੇ ਰੱਖਣ ਲਈ ਕੰਪਿਊਟਰ ਅਧਿਆਪਕਾਂ ਨਾਲ ਧੱਕਾ ਹੀ ਕੀਤਾ ਗਿਆ ਜਦੋਂ ਕਿ ਰੈਗੂਲਰ ਰਗਦਕਗਤ ਤੇ ਮਾਣਯੋਗ ਗਵਰਨਰ ਜੀ ਦੇ ਵੀ ਹਸਤਾਖ਼ਰ ਸਨ ਕਿ ਕੰਪਿਊਟਰ ਅਧਿਆਪਕਾਂ ਤੇ ਵੀ ਬਾਕੀ ਮੁਲਾਜ਼ਮਾਂ ਵਾਂਗ ਹੀ ਸਾਰੇ ਰੂਲਜ਼ ਲਾਗੂ ਹੋਣਗੇ,ਪਰ ਸਰਕਾਰਾਂ ਆਪਣੇ ਹੀ ਜਾਰੀ ਕੀਤੇ ਹੁਕਮਾਂ ਤੇ ਪੂਰੀਆਂ ਨਾ ਉੱਤਰੀਆਂ। ਹੁਣ ਗੱਲ ਕਰਦੇ ਹਾਂ ਆਮ ਆਦਮੀ ਸਰਕਾਰ



ਦੀ ਜਿਹੜੀ ਖੁਦ ਧਰਨਿਆਂ ਦੀ ਉਪਜ ਹੈ,ਪਰ ਹੱਕਾਂ ਲਈ ਧਰਨੇ ਲਾਉਂਦੇਮੁਲਾਜ਼ਮ ਇਸਨੂੰ ਪਸੰਦ ਨਹੀਂ।ਸੱਤਾ ਤੋਂ ਪਹਿਲਾਂ ਕੰਪਿਊਟਰ ਅਧਿਆਪਕਾਂ ਦੇ ਧਰਨਿਆਂ ਵਿੱਚ ਆ ਕੇ ਪੱਕੀ ਗਰੰਟੀ ਦੇਣ ਵਾਲੀ ਸਰਕਾਰ ਕਿ ਸੱਤਾ ਵਿੱਚ ਆਉਂਦਿਆਸਾਰ ਕੰਪਿਊਟਰ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਵਿੱਚ ਸ਼ਾਮਿਲ ਕੀਤਾ ਜਾਵੇਗਾ ,ਜੋ ਸਰਕਾਰ ਦੇ ਚਾਰ ਸਾਲ ਬੀਤ ਜਾਣ ਤੇ ਵੀ ਵਾਅਦਾ ਪੂਰਾ ਨਹੀਂ ਹੋਇਆ ਜੋ ਕਿ ਇਹਨਾਂ ਨੇ ਚੋਣ ਮੈਨੀਫੈਸਟੋ ਵਿੱਚ ਵੀ ਰੱਖਿਆ ਹੋਇਆ ਸੀ,ਵਿਭਾਗ ਦੇ ਨਾਂ ਤੇ ਕੰਪਿਊਟਰ ਅਧਿਆਪਕਾਂ ਕੋਲੋ ਵੋਟਾਂ ਲੈ ਕੇ ਸੱਤਾ ਦੀ ਕੁਰਸੀ ਤੇ ਹਾਸਿਲ ਕਰ ਲਈ ਪਰ ਕੰਪਿਊਟਰ ਅਧਿਆਪਕ ਵਿਸਾਰ ਦਿੱਤੇ। ਇੱਕ ਹੋਰ ਕੋਝਾ ਮਜ਼ਾਕ ਕੰਪਿਊਟਰ ਅਧਿਆਪਕਾਂ ਨਾਲ ਸਿੱਖਿਆ ਵਿਭਾਗ ਦੇ ਮੰਤਰੀ ਸਾਹਿਬ ਨੇ 15 ਸਤੰਬਰ 2022 ਨੂੰ ਸੱਤਾ ਵਿੱਚ ਆਉਣ ਤੋਂ ਬਾਅਦ ਵੀ ਕਰ ਦਿੱਤਾ ਕਿ ਇਸ ਦੀਵਾਲੀ ਤੇ ਕੰਪਿਊਟਰ ਅਧਿਆਪਕਾਂ ਨੂੰ ਛੇਵੇ ਪੇ ਕਮਿਸ਼ਨ ਤੇ ਸੀਐੱਸਆਰ ਰੂਲਜ਼ ਦਾ ਤੋਹਫ਼ਾ ਦਿੱਤਾ ਜਾਵੇਗਾ ਜੋ ਤਿੰਨ ਦੀਵਾਲੀਆਂ ਲੰਘ ਗਈਆਂ ਪਰ ਤੋਹਫ਼ਾ ਵੀ ਨਸੀਬ ਨਹੀਂ ਹੋਇਆ,ਕਾਸ਼ ਹੱਕ ਦੇਵਾਗੇ ਕਹਿ ਦਿੰਦੇ ਤਾਂ ਵਧੀਆ ਹੁੰਦਾ,ਕਿਉਂਕਿ ਤੋਹਫ਼ੇ ਦੀ ਉਡੀਕ ਬੜ੍ਹੇ ਚਾਅ ਨਾਲ ਕੀਤੀ ਜਾਂਦੀ ਹੈ ਕਿ ਕਦੋਂ ਮਿਲੇਗਾ ਆਖਿਰ ਇਹ ਤੋਹਫ਼ਾ ?ਨਾ ਸੱਤਾ ਤੋਂ ਪਹਿਲਾਂ ਕਿਤੇ ਵਾਅਦੇ ਪੂਰੇ ਹੋਏ ਤੇ ਨਾ ਹੀ ਬਾਅਦ ਵਾਲੇ।ਜਦ ਬਹੁਤ ਸਮਾਂ ਸਰਕਾਰ ਅੱਗੇ ਆਪਣੀਆਂ ਮੰਗਾਂ ਰੱਖ ਕੇ ਵੀ ਜਦ ਸਰਕਾਰ ਕੰਪਿਊਟਰ ਅਧਿਆਪਕਾਂ ਨੂੰ ਹੱਕ ਦੇਣ ਤੋਂ ਭੱਜਦੀ ਰਹੀ ਤਾਂ ਅੱਕ ਕੇ ਕੰਪਿਊਟਰ ਅਧਿਆਪਕਾਂ ਵੱਲੋ ਸੰਗਰੂਰ ਮੁੱਖ ਮੰਤਰੀ ਦੇ ਸ਼ਹਿਰ ਡੀਸੀ ਦਫ਼ਤਰ ਅੱਗੇ ਪੱਕਾ ਧਰਨਾ ਲਗਾਇਆ ਗਿਆ,ਕੰਪਿਊਟਰ ਅਧਿਆਪਕ ਭੁੱਖ ਹੜਤਾਲ ਸੰਘਰਸ਼ ਕਮੇਟੀ ਦੇ ਵੱਲੋ,ਜੋ ਛੇ ਮਹੀਨੇ ਤੱਕ ਚਲਾਇਆ ਗਿਆ ,ਜਿਸ ਵਿੱਚ ਕੰਪਿਊਟਰ ਅਧਿਆਪਕ ਭੁੱਖ ਹੜਤਾਲ ਤੇ ਬੈਠਦੇ ਰਹੇ,ਪਰ ਸਰਕਾਰ ਫਿਰ ਟੱਸ ਤੋਂ ਮੱਸ ਹੁੰਦੀ ਨਾ ਵੇਖ ਕੇ ਸੰਘਰਸ਼ ਨੂੰ ਅੱਗੇ ਵਧਾਉਂਦਿਆਮਰਨ ਵਰਤ ਵੀ ਸ਼ੁਰੂ ਕੀਤਾ ਗਿਆ,ਪਰ ਸਰਕਾਰ ਲਈ ਤਕਨੀਕੀ ਮਾਹਿਰ ਕੰਪਿਊਟਰ ਅਧਿਆਪਕਾਂ ਦੀ ਜਾਨ ਦੀ ਵੀ ਕੋਈ ਕੀਮਤ ਨਹੀਂ ਸੀ ਉਹਨਾਂ ਨੂੰ ਫਿਰ ਹੱਕ ਦੇਣ ਨਾਲੋਂ ਹੱਕ ਮਾਰਨ ਨੂੰ ਹੀ ਤਰਜੀਹ ਦਿੰਦਿਆ ਕੇਵਲ ਅੰਸ਼ਿਕ ਲਾਭ ਦਿੰਦਿਆ 33 ਪ੍ਰਤੀਸ਼ਤ ਮਹਿੰਗਾਈ ਭੱਤੇ ਵਿੱਚ ਵਾਧਾ ਕੀਤਾ,ਇੱਥੇ ਵੀ ਪੂਰਾ ਡੀਏ ਨਾ ਦੇ ਕੇ ਸਰਕਾਰ ਹੱਕ ਮਾਰ ਗਈ।ਸਵਾਲ ਹੁਣ ਇਹ ਉੱਠਦਾ ਹੈ ਕਿ,ਕੀ ਕੰਪਿਊਟਰ ਅਧਿਆਪਕਾਂ ਦੇ ਤੇ ਹੋਰ ਇਹੋ ਜਿਹੇ ਮੁਲਾਜ਼ਮ ਵਰਗ ਦੇ ਹੱਕ ਮਾਰ ਕੇ ਪੰਜਾਬ ਚਲਾਇਆ ਜਾਵੇਗਾ,ਇਸਨੂੰ ਨਿਆਂ ਨਹੀਂ ਕਿਹਾ ਜਾ ਸਕਦਾ ਇਹ ਸ਼ੋਸ਼ਣ ਹੈ,ਹੋਰ ਲਾਭ ਤੇ ਕੀ ਦੇਣੇ ਬਲਕਿ ਬਣਦੇ ਹੱਕ ਵੀ ਮਾਰ ਲੈਣੇ। ਅਗਲੀ ਗੱਲ ਜਦ ਕੰਪਿਊਟਰ ਅਧਿਆਪਕਾਂ ਸਰਕਾਰਾਂ ਤੋਂ ਅੱਕ ਥੱਕ ਕੇ ਹਾਈ ਕੋਰਟ ਨੂੰ ਇਨਸਾਫ਼ ਦੀ ਗੁਹਾਰ ਲਗਾਈ ਤਾਂ ਕਈ ਸਾਲਾਂ ਬਾਅਦ ਹਾਈਕੋਰਟ ਨੇ ਸਾਰਾ ਵਿਚਾਰ ਕੇ ਤੇ ਸਬੂਤਾਂ ਦੇ ਆਧਾਰ ਤੇ ਫੈਸਲਾਂ ਸੁਣਾਇਆ ਕਿ ਕੰਪਿਊਟਰ ਅਧਿਆਪਕ ਸਾਰੇ ਵਿਭਾਗੀ ਮੁਲਾਜ਼ਮਾਂ ਦੀ ਤਰਾਂ ਪੰਜਾਬ ਸਰਕਾਰ ਦੇ ਹੀ ਮੁਲਾਜ਼ਮ ਹਨ ਤੇ ਕਿਸੇ ਵੀ ਸੋਸਾਇਟੀ ਦੇ ਅਧੀਨ ਨਹੀਂ ਹਨ,ਕੰਪਿਊਟਰ ਅਧਿਆਪਕਾਂ ਨੂੰ ਵਿਭਾਗੀ ਮੁਲਾਜ਼ਮਾਂ ਦੀ ਤਰਾਂ ਹੀ ਸਾਰੇ ਰੂਲਜ਼ ਤੇ ਲਾਭ ਦੇਣੇ ਬਣਦੇ ਹਨ।ਇੱਥੇ ਵੀ ਸਰਕਾਰ ਦੀ ਹੱਕ ਮਾਰਨ ਦੀ ਚਲਾਕੀ ਵੇਖੋ ਕਿ ਹਾਈ ਕੋਰਟ ਦੇ ਫ਼ੈਸਲੇ ਅਨੁਸਾਰ ਕੰਪਿਊਟਰ ਅਧਿਆਪਕਾਂ ਨੂੰ ਹੱਕ ਦੇਣ ਦੀ ਬਜਾਇ ਹਾਈ ਕੋਰਟ ਦੇ ਫ਼ੈਸਲੇ ਨੂੰ ਅਸਵੀਕਾਰ ਕਰਦੇ ਹੋਏ,ਕੰਪਿਊਟਰ ਅਧਿਆਪਕਾਂ ਨੂੰ ਟੱਕਰ ਦੇਣ ਲਈ ਸੁਪਰੀਮ ਕੋਰਟ ਦਾ ਰਾਹ ਅਖ਼ਤਿਆਰ ਕਰ ਲਿਆ ਅਤੇ ਕੰਪਿਊਟਰ ਅਧਿਆਪਕਾਂ ਦੇ ਖਿਲਾਫ ਹੀ ਐਸ ਛ੍ਰ ਪਾ ਕੇ ਖੱਜਲ ਖੁਆਰੀ ਕੀਤੀ ਜਾ ਰਹੀ ਹੈ , ਹੁਣ ਵੇਖਣਾ ਇਹ ਹੋਵੇਗਾ ਕਿ ਸਰਕਾਰ ਕੰਪਿਊਟਰ ਅਧਿਆਪਕਾਂ ਦੇ ਹੱਕ ਮਾਰਨ ਲਈ ਕਿੱਥੇ ਕਿੱਥੇ ਭੱਜਦੀ ਹੈ।ਕੀ ਸੁਪਰੀਮ ਕੋਰਟ ਕੰਪਿਊਟਰ ਅਧਿਆਪਕਾਂ ਨਾਲ ਹੋ ਰਹੇ ਧੱਕੇ ਨੂੰ ਸਹੀ ਮੰਨਦਿਆ ਸਰਕਾਰ ਨੂੰ ਹਦਾਇਤ ਕਰਦੀ ਹੈ ਕਿ ਇਹਨਾਂ ਨੂੰ ਪੂਰੇ ਲਾਭ ਦਿੰਦਿਆ ਸਿੱਖਿਆ ਵਿਭਾਗ ਦੇ ਮੁਲਾਜ਼ਮ ਮੰਨਿਆ ਜਾਵੇ ਕਿਉਂਕਿ ਕੰਪਿਊਟਰ ਅਧਿਆਪਕਾਂ ਤੇ ਪੰਜਾਬ ਸਰਕਾਰ ਹੀ ਫੰਡਿੰਗ ਕਰ ਰਹੀ ਹੈ ਨਾ ਕਿ ਕੋਈ ਸੋਸਾਇਟੀ ਇਹ ਸਾਬਿਤ ਹੋ ਚੁੱਕਾ ਹੈ ਹਾਈ ਕੋਰਟ ਵਿੱਚ। ਸੋ ਜਿੱਥੇ ਕੰਪਿਊਟਰ ਅਧਿਆਪਕ ਆਪਣੇ ਹੱਕਾਂ ਲਈ ਜ਼ਮੀਨੀ ਸੰਘਰਸ਼ ਕਰ ਰਹੇ ਹਨ ਉੱਥੇ ਹੀ ਸੁਪਰੀਮ ਕੋਰਟ ਕੋਲੋ ਵੀ ਇੰਨਸਾਫ਼ ਦੀ ਟੇਕ ਵਿੱਚ ਹਨ, 110 ਤੋਂ ਵੱਧ ਮ੍ਰਿਤਕ ਕੰਪਿਊਟਰ ਅਧਿਆਪਕਾਂ ਦੇ ਪਰਿਵਾਰ ਵੀ ਰੁਲ਼ਣ ਲਈ ਮਜ਼ਬੂਰ ਹਨ ਤੇ ਇੰਨਸਾਫ਼ ਲਈ ਭਟਕ ਰਹੇ ਹਨ,ਸਰਵ ਉੱਚ ਅਦਾਲਤ ਦਾ ਕੰਪਿਊਟਰ ਅਧਿਆਪਕਾਂ ਨੂੰ ਇੰਨਸਾਫ਼ ਦੇਣਾ ਬਣਦਾ ਹੈ।

# ਅਸਲਾ ਡੱਬ ਵਿੱਚ ਛਪਾਉਣ, ਤੀਹਰੀ ਸਵਾਰੀ ਬਿਠਾਉਣ, ਸ਼ਾਮੇਆਨਾ ਲਗਾ ਕੇ ਪ੍ਰੋਗਰਾਮ ਕਰਨ ਸਮੇਤ ਕਈ ਪਾਬੰਦੀਆਂ ਦੇ ਹੁਕਮ ਜਾਰੀ

ਫਰੀਦਕੋਟ , 13 ਫਰਵਰੀ (ਪੱਤਰ ਪ੍ਰੇਰਕ)-ਜਿਲਾ ਮੈਜਿਸਟ੍ਰੇਟ ਫਰੀਦਕੋਟ ਮੈਡਮ ਪੂਨਮਦੀਪ ਕੌਰ ਆਈ.ਏ.ਐਸ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜਿਲਾ ਫਰੀਦਕੋਟ 'ਚ ਪਾਬੰਦੀਆਂ ਦੇ ਹੁਕਮ ਜਾਰੀ ਕੀਤੇ ਹਨ । ਇਹ ਆਦੇਸ਼ 8 ਅਪ੍ਰੈਲ 2026 ਤੱਕ ਲਾਗੂ ਰਹਿਣਗੇ। ਧਾਰਮਿਕ ਜਾਂ ਖੁਸ਼ੀ ਆਦਿ ਦੇ ਸਮਾਗਮਾਂ ਸਮੇਂ ਗਲੀ,ਮੁਹੱਲਿਆ ਵਿੱਚ ਸ਼ਾਮੇਆਨਾ ਲਗਾ ਕੇ ਪ੍ਰੋਗਰਾਮ ਕਰਨ ਤੇ ਪਾਬੰਦੀ ਜਿਲ੍ਹਾ ਮੈਜਿਸਟਰੇਟ ਮੈਡਮ ਪੂਨਮਦੀਪ ਕੌਰ ਵੱਲੋਂ ਜਾਰੀ ਹੁਕਮਾਂ ਅਨੁਸਾਰ ਜਿਲਾ ਫਰੀਦਕੋਟ ਦੀ ਸੀਮਾਵਾਂ ਅੰਦਰ ਜਿਲਾ ਫਰੀਦਕੋਟ ਦੇ ਸ਼ਹਿਰੀ ਇਲਾਕਿਆਂ ਵਿੱਚ ਸਬੰਧਤ ਉਪ ਮੰਡਲ ਮੈਜਿਸਟ੍ਰੇਟ ਦੀ ਪ੍ਰਵਾਨਗੀ ਲਏ ਬਿਨਾਂ ਗਲੀ,ਮੁਹੱਲਿਆ, ਧਾਰਮਿਕ ਜਾਂ ਖੁਸ਼ੀ ਆਦਿ ਦੇ ਸਮਾਗਮਾਂ ਸਮੇਂ ਪਬਲਿਕ ਸਥਾਨਾਂ ਤੇ ਸ਼ਾਮੇਆਨਾ ਲਗਾ ਕੇ ਕੋਈ ਵੀ ਧਾਰਮਿਕ ਪ੍ਰੋਗਰਾਮ, ਜਲਸੇ, ਰੈਲੀਆਂ ਆਦਿ ਨਹੀਂ ਕਰੇਗਾ । ਜਿਲੇ 'ਚ ਅਮਨ-ਕਾਨੂੰਨ ਦੀ ਸਥਿਤੀ ਬਣਾਏ ਰੱਖਣ ਦੇ ਮੱਦੇਨਜ਼ਰ ਪੰਜ ਜਾਂ ਪੰਜ ਤੋਂ ਵਧੇਰੇ ਵਿਅਕਤੀਆਂ ਦੇ ਇਕੱਠੇ ਹੋਣ ਤੇ ਪਾਬੰਦੀ ਜਿਲਾ ਮੈਜਿਸਟ੍ਰੇਟ ਵੱਲੋਂ ਜਿਲੇ ਵਿੱਚ ਅਮਨ ਕਾਨੂੰਨ ਦੀ ਸਥਿਤੀ ਬਣਾਏ ਰੱਖਣ ਦੇ ਮੱਦੇਨਜ਼ਰ ਪੰਜ ਜਾਂ



ਪੰਜ ਤੋਂ ਵਧੇਰੇ ਵਿਅਕਤੀਆਂ ਦੇ ਜਨਤਕ ਅਤੇ ਸਰਕਾਰੀ ਥਾਵਾਂ ਤੇ ਇਕੱਠੇ ਹੋਣ ਜਾਂ ਮੀਟਿੰਗ ਕਰਨ, ਨਾਹਰੇ ਲਾਉਣ, ਜਲਸੇ-ਜਲੂਸ ਅਤੇ ਰੋਸ ਮੁਜਾਹਰੇ ਕਰਨ ਦੀ ਮਨਾਹੀ ਦੇ ਹੁਕਮ ਜਾਰੀ ਕੀਤੇ ਹਨ । ਉਨਾਂ ਦੱਸਿਆ ਕਿ ਸਿਰਫ ਵਿਸ਼ੇਸ਼ ਹਾਲਤਾਂ ਜਾਂ ਮੌਕਿਆਂ ਤੇ ਪ੍ਰਬੰਧਕਾਂ ਵੱਲੋਂ ਲਿਖਤੀ ਬੇਨਤੀ ਕਰਨ ਤੇ ਸਬੰਧਤ ਉਪ ਮੰਡਲ ਮੈਜਿਸਟ੍ਰੇਟ ਪਾਸੋ ਲਿਖਤੀ ਪ੍ਰਵਾਨਗੀ ਲੈ ਕੇ ਪਬਲਿਕ ਮੀਟਿੰਗਾਂ ਕਰਨ ਅਤੇ ਧਾਰਮਿਕ ਜਲੂਸ ਬਗੈਰਾ ਪ੍ਰਵਾਨਗੀ ਦੀਆਂ ਸ਼ਰਤਾਂ ਅਨੁਸਾਰ ਹੀ ਕੱਢੇ ਜਾ ਸਕਦੇ ਹਨ । ਇਹ ਹੁਕਮ ਸਰਕਾਰੀ ਡਿਊਟੀ ਕਰ ਰਹੇ ਪੁਲਿਸ, ਹੋਮ ਗਾਰਡਜ਼, ਸੈਨਿਕਾਂ/ ਅਰਧ ਸੈਨਿਕ ਬਲਾਂ ਅਤੇ ਵਿਆਹ ਸ਼ਾਦੀਆਂ ਤੇ ਸ਼ਾਂਤਮਈ ਢੰਗ ਨਾਲ ਕੀਤੇ ਜਾ ਰਹੇ ਜਲੂਸ ਤੇ ਲਾਗੂ ਨਹੀਂ ਹੋਵੇਗਾ । ਇਸ ਦੇ ਨਾਲ ਹੀ ਜਿਲਾ ਮੈਜਿਸਟ੍ਰੇਟ ਫਰੀਦਕੋਟ ਨੇ ਕਿਸੇ ਵੀ ਰੈਸਟੋਰੈਂਟ, ਢਾਬੇ ਚਾਹ ਦੀਆਂ ਦੁਕਾਨਾਂ ਆਦਿ ਦੇ ਮਾਲਕਾਂ ਵੱਲੋਂ ਆਪਣੇ ਵਪਾਰਕ ਸਥਾਨ ਤੇ ਘਰੇਲੂ ਗੈਸ ਸਿਲੰਡਰਾਂ ਦੀ ਵਰਤੋਂ ਕਰਨ ਤੇ ਪਾਬੰਦੀ ਲਗਾਈ ਹੈ । ਇਹ ਪਾਬੰਦੀ 8 ਅਪ੍ਰੈਲ 2026 ਤੱਕ ਲਾਗੂ ਰਹੇਗੀ। ਜਿਲਾ ਮੈਜਿਸਟ੍ਰੇਟ ਫਰੀਦਕੋਟ ਨੇ ਜਿਲਾ ਫਰੀਦਕੋਟ ਅੰਦਰ ਦੋ ਪਹੀਆਂ ਵਹੀਕਲਾਂ ਪਿਛੇ ਤੀਹਰੀ ਸਵਾਰੀ ( ਸਿਵਾਏ ਬੱਚੇ) ਬਿਠਾਉਣ, ਬਿਨਾਂ ਨੰਬਰ ਪਲੇਟਾਂ ਦੇ, 18 ਸਾਲ ਤੋਂ ਘੱਟ ਉਮਰ ਦੇ ਵਿਅਕਤੀਆਂ ਨੂੰ ਵਹੀਕਲਾਂ ( ਮੋਟਰਸਾਈਕਲ ਅਤੇ ਸਕੂਟਰ) ਦੀ ਵਰਤੋਂ ਕਰਨ ਅਤੇ ਵੱਖ ਵੱਖ ਆਵਾਜ਼ਾਂ ਵਾਲੇ ਹਾਰਨ ਅਤੇ ਵਹੀਕਲਾਂ ਦੇ ਸੈਲੰਸਰ ਕੱਢਵਾ ਕੇ ਵੱਖਰੀ ਕਿਸਮ ਦੀਆਂ ਡਰਾਉਣੀਆਂ / ਦਿਲ ਕੰਬਾਊ ਆਵਾਜ਼ਾਂ ਪੈਦਾ ਕਰਨ ਤੇ ਪੂਰਨ ਤੌਰ ਤੇ ਮਨਾਹੀ ਦੇ ਹੁਕਮ ਜਾਰੀ ਕੀਤੇ ਹਨ । ਇਹ ਪਾਬੰਦੀ 8 ਅਪ੍ਰੈਲ 2026 ਤੱਕ ਜਾਰੀ ਰਹੇਗੀ । ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਜ਼ਿਲ੍ਹੇ 'ਚ ਅਮਨ ਕਾਨੂੰਨ ਦੀ ਸਥਿਤੀ ਬਣਾਏ ਰੱਖਣ ਦੇ ਮੱਦੇਨਜ਼ਰ ਜਿਲਾ ਫਰੀਦਕੋਟ ਦੇ ਡਿਪਟੀ ਕਮਿਸ਼ਨਰ, ਐਸ.ਐਸ.ਪੀ, ਸਮੂਹ ਉਪ ਮੰਡਲ ਮੈਜਿਸਟ੍ਰੇਟ ਅਤੇ ਜੁਡੀਸ਼ੀਅਲ ਕੰਪਲੈਕਸ ਦੇ ਦਫਤਰਾਂ ਦੀ ਬਾਉਂਡਰੀਦੇ ਅੰਦਰ ਅਤੇ ਜਨਤਕ ਥਾਵਾਂ ਜਿਵੇਂ ਕਿ ਮੈਰਿਜ ਪੈਲੇਸ, ਹੋਟਲ ਸਰਾਂ, ਢਾਬਿਆਂ, ਹਸਪਤਾਲਾਂ ਆਦਿ ਅਤੇ ਭੀੜ ਵਾਲੇ ਇਲਾਕਿਆਂ, ਧਾਰਮਿਕ ਸਥਾਨਾਂ ਤੇ ਮੇਲਿਆਂ ਆਦਿ ਵਿਖੇ ਲਾਇਸੰਸੀ ਹਥਿਆਰ ਲਿਜਾਣ ਅਤੇ ਪ੍ਰਦਰਸ਼ਨ 'ਤੇ ਮੁਕੰਮਲ ਪਾਬੰਦੀ ਲਗਾਈ ਗਈ ਹੈ ਅਤੇ ਇਸ ਦੇ ਨਾਲ ਹੀ ਪੂਰੇ ਜ਼ਿਲ੍ਹਾ ਫਰੀਦਕੋਟ ਦੀ ਹਦੂਦ ਅੰਦਰ ਅਸਲਾ ਲਾਇਸੰਸ ਹੋਲਡਰ ਵੱਲੋਂ ਅਸਲਾ ਡੱਬ ਵਿੱਚ ਛੁਪਾ ਕੇ ਚੱਲਣ ਤੇ ਵੀ ਪਾਬੰਦੀ ਲਗਾਈ ਹੈ ਕੋਈ ਵੀ ਅਸਲਾ ਲਾਇਸੈਂਸ ਹੋਲਡਰ ਜੇਕਰ ਅਸਲਾ ਨਾਲ ਲੈ ਕੇ ਚੱਲਣਾ ਚਾਹੁੰਦੇ ਹਨ, ਤਾਂ ਉਨਾਂ ਦਾ ਅਸਲਾ ਬੈਲਟ ਲਗਾ ਕੇ ਕਵਰ ਵਿਚ ਹੋਣਾ ਚਾਹੀਦਾ ਹੈ ਅਤੇ ਨਜ਼ਰ ਆਉਣਾ ਚਾਹੀਦਾ ਹੈ, ਤਾਂ ਕਿ ਛੁਪਾ ਕੇ ਬਿਨਾ ਲਾਈਸੈਂਸ ਅਸਲਾ ਰੱਖਣ ਵਾਲਿਆਂ ਨੂੰ ਕਾਬੂ ਕੀਤਾ ਜਾ ਸਕੇ। ਇਸ ਦੇ ਨਾਲ ਹੀ ਨੰਗੀਆਂ ਤਲਵਾਰਾਂ, ਬਰਸ਼ੇ ਅਤੇ ਕਿਸੇ ਵੀ ਤਰਾਂ ਦੇ ਤੇਜ਼ਧਾਰ ਹਥਿਆਰ ਲੈ ਕੇ ਚੱਲਣ ਅਤੇ ਪ੍ਰਦਰਸ਼ਨ 'ਤੇ ਵੀ ਪਾਬੰਦੀ ਲਗਾਈ ਗਈ ਹੈ । ਇਹ ਪਾਬੰਦੀ 8 ਅਪ੍ਰੈਲ 2026 ਤੱਕ ਲਾਗੂ ਰਹੇਗੀ।

# ਸਬਜ਼ੀ ਮੰਡੀ ਵਿੱਚ ਨਵਾਂ ਸਟੀਲ ਕਵਰ ਸ਼ੈੱਡ ਦੀ ਉਸਾਰੀ ਮੁਕੰਮਲ

ਗੁਰਦਾਸਪੁਰ, 13 ਫਰਵਰੀ (ਪੱਤਰ ਪ੍ਰੇਰਕ)-ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਵਿਧਾਨ ਸਭਾ ਹਲਕਾ ਗੁਰਦਾਸਪੁਰ ਦੇ ਇੰਚਾਰਜ ਸ੍ਰੀ ਰਮਨ ਬਹਿਲ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਵੱਲੋਂ ਗੁਰਦਾਸਪੁਰ ਸਬਜ਼ੀ ਮੰਡੀ ਲਈ ਮਨਜ਼ੂਰ ਕੀਤਾ ਗਿਆ ਪ੍ਰੋਜੈਕਟ ਬਣਕੇ ਤਿਆਰ ਹੋ ਚੁੱਕਾ ਹੈ। ਸੂਬਾ ਸਰਕਾਰ ਵੱਲੋਂ 1 ਕਰੋੜ 5 ਲੱਖ ਰੁਪਏ ਦੀ ਲਾਗਤ ਨਾਲ ਸਬਜ਼ੀ ਮੰਡੀ ਗੁਰਦਾਸਪੁਰ ਵਿੱਚ 15,000 ਸਕੁਏਅਰ ਫੁੱਟ ਦਾ ਨਵਾਂ ਸਟੀਲ ਕਵਰ ਸ਼ੈੱਡ ਮਨਜ਼ੂਰ ਕੀਤਾ ਗਿਆ ਸੀ, ਜਿਸ ਦਾ ਨੀਂਹ ਪੱਥਰ ਉਨ੍ਹਾਂ ਵੱਲੋਂ ਰੱਖਿਆ ਗਿਆ ਸੀ ਅਤੇ ਹੁਣ ਇਹ ਸ਼ੈੱਡ ਮੁਕੰਮਲ ਹੋ ਗਿਆ ਹੈ। ਸ੍ਰੀ ਰਮਨ ਬਹਿਲ ਨੇ ਅੱਜ ਸਬਜ਼ੀ ਮੰਡੀ ਦਾ ਦੌਰਾ ਕਰਦੇ ਹੋਏ ਨਵੇਂ ਤਿਆਰ ਸ਼ੈੱਡ ਦਾ ਜਾਇਜ਼ਾ ਲਿਆ। ਇਸ ਮੌਕੇ ਸਬਜ਼ੀ ਮੰਡੀ ਨਾਲ ਸੰਬੰਧਤ ਆੜ੍ਹਤੀਆਂ, ਲੇਬਰ ਅਤੇ ਕਿਸਾਨਾਂ ਵੱਲੋਂ ਉਨ੍ਹਾਂ ਨੂੰ ਇਸ ਮਹੱਤਵਪੂਰਨ ਕਾਰਜ ਲਈ ਵਧਾਈ ਦਿੱਤੀ ਗਈ ਅਤੇ ਦਿਲੋਂ ਧੰਨਵਾਦ ਕੀਤਾ ਗਿਆ। ਸਬਜ਼ੀ ਮੰਡੀ ਐਸੋਸੀਏਸ਼ਨ ਦੇ ਪ੍ਰਤਿਨਿਧੀਆਂ ਨੇ ਦੱਸਿਆ ਕਿ ਇਸ ਸ਼ੈੱਡ ਦੇ ਬਣਨ ਨਾਲ ਕਿਸਾਨਾਂ, ਆੜ੍ਹਤੀਆਂ, ਲੇਬਰ ਅਤੇ ਖਰੀਦਦਾਰਾਂ ਨੂੰ ਵੱਡਾ ਲਾਭ ਮਿਲਿਆ ਹੈ। ਪਹਿਲਾਂ ਮੀਂਹ ਅਤੇ ਤਿੱਖੀ ਧੁੱਪ ਕਾਰਨ ਵਪਾਰੀ ਸਵੇਰੇ 8 ਵਜੇ ਤੱਕ ਹੀ ਆਪਣਾ ਕੰਮ ਬੰਦ ਕਰਨ ਲਈ ਮਜਬੂਰ ਹੋ ਜਾਂਦੇ ਸਨ, ਪਰ ਹੁਣ ਸ਼ੈੱਡ ਬਣਨ ਨਾਲ ਵਪਾਰ ਵਿੱਚ ਵਾਧਾ ਹੋਇਆ ਹੈ ਅਤੇ ਵਪਾਰੀ ਦੁਪਹਿਰ 2 ਵਜੇ ਤੱਕ ਆਪਣਾ ਕਾਰੋਬਾਰ ਸੁਚਾਰੂ ਢੰਗ ਨਾਲ ਕਰ ਰਹੇ ਹਨ। ਸਬਜ਼ੀ ਮੰਡੀ ਐਸੋਸੀਏਸ਼ਨ ਵੱਲੋਂ ਇਸ ਸ਼ੈੱਡ ਦੀ ਤਿਆਰੀ ਲਈ ਰਮਨ ਬਹਿਲ ਦਾ ਧੰਨਵਾਦ ਕਰਦਿਆਂ ਇੱਕ ਹੋਰ ਮੰਗ ਵੀ ਰੱਖੀ ਗਈ ਕਿ ਸ਼ੈੱਡ ਵਿੱਚ ਲਾਈਟਾਂ ਲਗਵਾਈਆਂ ਜਾਣ। ਇਸ ਮੌਕੇ ਸ੍ਰੀ ਰਮਨ ਬਹਿਲ ਨੇ ਭਰੋਸਾ ਦਿਵਾਇਆ ਕਿ ਜਲਦ ਲਾਈਟਾਂ ਵੀ ਲਗਵਾ ਦਿੱਤੀਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਸਬਜ਼ੀ ਮੰਡੀ ਗੁਰਦਾਸਪੁਰ ਵਿੱਚ 2 ਕਰੋੜ 10 ਲੱਖ ਰੁਪਏ ਦੇ ਵਿਕਾਸ ਕਾਰਜ ਹੁਣ ਤੱਕ ਕੀਤੇ ਜਾ ਚੁੱਕੇ ਹਨ। ਜਿਨ੍ਹਾਂ ਵਿੱਚ ਕਰੀਬ 1 ਕਰੋੜ 5 ਲੱਖ ਦੀ ਲਾਗਤ ਨਾਲ ਸੜਕ ਅਤੇ 1 ਕਰੋੜ 5 ਲੱਖ ਰੁਪਏ ਦੀ ਲਾਗਤ ਨਾਲ ਨਵਾਂ ਸ਼ੈੱਡ ਉਸਾਰਿਆ ਗਿਆ ਹੈ।



## ਏਅਰ ਫੋਰਸ ਸਟੇਸ਼ਨ ਤੋਂ ਇਕ ਹਜ਼ਾਰ ਮੀਟਰ ਏਰੀਏ ਦੇ ਆਲੇ-ਦੁਆਲੇ ਮਾਸਾਹਾਰੀ ਦੁਕਾਨਾਂ ਚਲਾਉਣ ਅਤੇ ਰਹਿੰਦ-ਖੂੰਹਦ ਸੁੱਟਣ 'ਤੇ ਪਾਬੰਦੀ

ਸਾਹਿਬਜ਼ਾਦਾ ਅਜੀਤ ਸਿੰਘ ਨਗਰ, 13 ਫਰਵਰੀ (ਪੱਤਰ ਪ੍ਰੇਰਕ)-ਜ਼ਿਲ੍ਹਾ ਮੈਜਿਸਟਰੇਟ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਸ੍ਰੀਮਤੀ ਕੋਮਲ ਮਿੱਤਲ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 (46 ਆਫ 2023) ਦੇ ਚੈਪਟਰ 11 (ਅਧੀਨ ਧਾਰਾ 163) ਤਹਿਤ ਜ਼ਿਲ੍ਹੇ ਦੇ ਏਅਰ ਫੋਰਸ ਸਟੇਸ਼ਨ ਤੋਂ ਇਕ ਹਜ਼ਾਰ ਮੀਟਰ ਏਰੀਏ (ਜ਼ਿਲ੍ਹੇ ਦੀ ਹਦੂਦ ਅੰਦਰ) ਦੇ ਆਲੇ-ਦੁਆਲੇ ਮਾਸਾਹਾਰੀ ਦੁਕਾਨਾਂ ਚਲਾਉਣ ਅਤੇ ਇਸ ਦੀ ਰਹਿੰਦ-ਖੂੰਹਦ ਨੂੰ ਸੁੱਟਣ 'ਤੇ ਪੂਰਨ ਤੌਰ ਉਤੇ ਪਾਬੰਦੀ ਲਾਉਣ ਦੇ ਹੁਕਮ ਜਾਰੀ ਕੀਤੇ ਹਨ ਤਾਂ ਜੋ ਹਵਾਈ ਜਹਾਜ਼ਾਂ ਨਾਲ ਕੋਈ ਹਾਦਸਾ ਨਾ ਵਾਪਰੇ, ਕੋਈ ਜਾਨੀ-ਮਾਲੀ ਨੁਕਸਾਨ ਨਾ ਹੋਵੇ। ਇਹ ਹੁਕਮ ਬੀਤੇ 11.02.2026 ਤੋਂ 10.04.2026 ਤੱਕ ਲਾਗੂ ਰਹਿਣਗੇ। ਜ਼ਿਲ੍ਹਾ ਮੈਜਿਸਟ੍ਰੇਟ ਸ੍ਰੀਮਤੀ ਕੋਮਲ ਮਿੱਤਲ ਨੇ ਦੱਸਿਆ ਕਿ ਧਿਆਨ ਵਿੱਚ ਆਇਆ ਹੈ ਕਿ ਏਅਰ ਫੋਰਸ ਸਟੇਸ਼ਨ ਦੇ ਆਲੇ ਦੁਆਲੇ ਆਮ ਜਨਤਾ ਵਲੋਂ ਕਈ ਖਾਣ-ਪੀਣ ਦੀਆਂ ਦੁਕਾਨਾਂ ਖੋਲੀਆਂ ਹੋਈਆਂ ਹਨ, ਉਨ੍ਹਾਂ ਵਲੋਂ ਇਨ੍ਹਾਂ ਵਸਤਾਂ ਦੀ ਰਹਿੰਦ-ਖੂੰਹਦ ਖੁੱਲ੍ਹੇ ਵਿਚ ਹੀ ਸੁੱਟ ਦਿੱਤੀ ਜਾਂਦੀ ਹੈ।

# ਸੇਂਟ ਕਬੀਰ ਪਬਲਿਕ ਸਕੂਲ ਵਿੱਚ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਵਿਦਾਇਗੀ ਪਾਰਟੀ ਦਿੱਤੀ

ਗੁਰਦਾਸਪੁਰ, 13 ਫਰਵਰੀ (ਪੱਤਰ ਪ੍ਰੇਰਕ)-ਸੇਂਟ ਕਬੀਰ ਪਬਲਿਕ




ਸਕੂਲ ਸੁਲਤਾਨਪੁਰ (ਗੁਰਦਾਸਪੁਰ) ਵਿਖੇ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਬਹੁਤ ਹੀ ਚਾਅ ਤੇ ਉਤਸ਼ਾਹ ਨਾਲ ਵਿਦਾਇਗੀ ਪਾਰਟੀ ਦਿੱਤੀ ਗਈ। ਇਸ ਮੌਕੇ ਪ੍ਰਿੰਸੀਪਲ ਐਸ. ਬੀ. ਨਾਯਰ ਜੀ ਦੀ ਅਗਵਾਈ ਹੇਠ ਸੱਭਿਆਚਾਰਕ ਪ੍ਰੋਗਰਾਮ ਦਾ ਵੀ ਆਯੋਜਨ ਕੀਤਾ ਗਿਆ। ਜਿਸ ਦੀ ਸ਼ੁਰੂਆਤ ਪ੍ਰਿੰਸੀਪਲ ਜੀ, ਮੈਨੇਜਮੈਂਟ ਮੈਂਬਰ ਮੈਡਮ ਨਵਦੀਪ ਕੌਰ,ਕੁਲਦੀਪ ਕੌਰ, ਸਕੂਲ ਕੋਆਰਡੀਨੇਟਰਸ, ਹੈੱਡ ਬੁਆਏ ਜਗਮੀਤ ਸਿੰਘ, ਹੈੱਡ ਗਰਲ ਕਾਮਨੀ ਸਲਾਰੀਆ ਦੁਆਰਾ ਸ਼ਮਾ ਰੌਸ਼ਨ ਕਰਦਿਆਂ ਉਪਰੰਤ ਕੇਕ ਕੱਟਦਿਆਂ ਕੀਤੀ ਗਈ। ਇਸ ਦੇ ਨਾਲ ਹੀ ਗਿਆਰਵੀਂ ਜਮਾਤ ਦੇ ਵਿਦਿਆਰਥੀਆਂ ਨੇ ਮਧੁਰ ਸ਼ਬਦ ਗਾਇਨ ਕੀਤਾ। ਇਸ ਉਪਰੰਤ ਜੁਗਰਾਜ ਸਿੰਘ ਨੇ ਆਪਣੀ ਪ੍ਰਭਾਵਸ਼ਾਲੀ ਸ਼ਬਦਾਵਲੀ ਰਾਹੀਂ 12ਵੀਂ ਜਮਾਤ ਦੇ ਸਾਰੇ ਵਿਦਿਆਰਥੀਆਂ ਨੂੰ 'ਜੀ ਆਇਆ' ਆਖਿਆ। ਪਰਨੀਤ ਕੌਰ ਅਤੇ ਜਸਨੀਤ ਕੌਰ ਦੁਆਰਾ ਸਟੇਜੀ ਕਾਰਵਾਈ ਨੂੰ ਅੱਗੇ ਤੋਰਦਿਆਂ 12ਵੀਂ ਜਮਾਤ ਦੇ ਵਿਦਿਆਰਥੀਆਂ ਦੀ ਮਾਡਲਿੰਗ ਕਰਵਾਈ ਗਈ । ਸਕੂਲ ਵਿੱਚ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਦੀਆਂ ਦਿਲਚਸਪ ਡਾਂਸ ਪੇਸ਼ਕਸ਼ਾਂ ਨੇ ਸਾਰਿਆਂ ਦਾ ਮਨ ਮੋਹ ਲਿਆ। ਵਿਦਿਆਰਥੀਆਂ ਦੁਆਰਾ ਅਧਿਆਪਕਾਂ ਦੀ ਮਿਹਨਤ ਨੂੰ ਸਲਾਹੁੰਦਿਆਂ ਹੱਥ ਲਿਖਤ ਕਵਿਤਾਵਾਂ ਤੇ ਗੀਤਾਂ ਦੀ ਪੇਸ਼ਕਾਰੀ ਕੀਤੀ ਗਈ। ਗਿਆਰ੍ਹਵੀਂ ਜਮਾਤ ਦੀਆਂ ਵਿਦਿਆਰਥਣਾਂ ਦੁਆਰਾ ਅਧਿਆਪਕਾਂ ਦੀ ਸਹਾਇਤਾ ਨਾਲ ਵੱਖ - ਵੱਖ ਖੇਡਾਂ ਖਿਡਾਈਆ ਗਈਆਂ। ਜਿਸ ਦੌਰਾਨ ਸਾਰੇ ਵਿਦਿਆਰਥੀਆਂ ਦੁਆਰਾ ਭਰਪੂਰ ਮਨੋਰੰਜਨ ਕੀਤਾ ਗਿਆ। ਪ੍ਰੋਗਰਾਮ ਦੇ ਅਖੀਰਲੇ ਪੜਾਅ ਦੌਰਾਨ 12ਵੀਂ ਜਮਾਤ ਦੇ ਵਿਦਿਆਰਥੀਆਂ ਨੇ ਸਮੁੱਚੇ ਸਕੂਲ ਅਤੇ ਗਿਆਰਵੀਂ ਜਮਾਤ ਦਾ ਇਸ ਪ੍ਰੋਗਰਾਮ ਲਈ ਤਹਿ - ਦਿਲੋਂ ਧੰਨਵਾਦ ਕੀਤਾ। ਮਾਸਟਰ ਸੇਂਟ ਕਬੀਰ ਜਗਮੀਤ ਸਿੰਘ, ਮਿਸ ਸੇਂਟ ਕਬੀਰ ਹੁਨਰਪ੍ਰੀਤ ਕੌਰ, ਮਿਸਟਰ ਹੈਂਡਸਮ ਗਗਨ ਜੋਤ ਸਿੰਘ , ਮਿਸ ਕੌਨਫੀਡੈਂਟ ਜਸ਼ਨਪ੍ਰੀਤ ਕੌਰ , ਮਿਸ ਚਾਰਮਿੰਗ ਸੁਨਾਲੀ, ਮਾਸਟਰ ਡਿਲੀਜੈਂਟ ਪੁਨੀਤ ਕੁਮਾਰ,ਮਿਸ ਡਿਲੀਜੈਂਟ ਖੁਸ਼ਪ੍ਰੀਤ ਕੌਰ ,ਮਿਸ. ਇੰਟਲੈਕਚੁਅਲ ਕਾਮਨੀ ਸਲਾਰੀਆ, ਟਰਬਨ ਕਿੰਗ ਹਰਮਨ ਪ੍ਰੀਤ ਸਿੰਘ ,ਜੂਰੀ ਅਵਾਰਡ ਰਿਤਿਕਾ ਅਤੇ ਨੈਲਸਨ ,ਮਿਸ ਬਿਊਟੀਫੁੱਲ ਹੇਅਰ ਨਵਪ੍ਰੀਤ ਕੌਰ ਅਤੇ ਕੰਵਰਨੂਰ ਕੌਰ ਨੂੰ ਮਿਸ.ਐਲੀਗੈਂਟ ਦੇ ਨਾਮ ਨਾਲ ਸਨਮਾਨਿਤ ਕੀਤਾ ਗਿਆ।

# ਪਿਕਸ ਸੋਸਾਇਟੀ ਨੇ 'ਗੁਰੂ ਨਾਨਕ ਡਾਇਵਰਸਿਟੀ ਵਿਲੇਜ' ਲਈ 'ਔਪਟੀਮਾ ਲਿਵਿੰਗ' ਨੂੰ ਮੈਨੇਜਮੈਂਟ ਪਾਰਟਨਰ ਨਿਯੁਕਤ ਕੀਤਾ

ਸਰੀ, , 13 ਫਰਵਰੀ (ਪੱਤਰ ਪ੍ਰੇਰਕ)-ਸਰੀ ਦੀ ਨਾਮਵਰ ਗੈਰ-ਲਾਭਕਾਰੀ ਸੰਸਥਾ 'ਪ੍ਰੋਗਰੈਸਿਵ ਇੰਟਰਕਲਚਰਲ ਕਮਿਊਨਿਟੀ ਸਰਵਿਸਿਜ਼' (ਪਿਕਸ) ਸੋਸਾਇਟੀ ਨੇ ਆਪਣੇ ਆਉਣ ਵਾਲੇ 125 ਬਿਸਤਰਿਆਂ ਵਾਲੇ ਲੌਂਗ-ਟਰਮ ਕੇਅਰ ਫੈਸਿਲਿਟੀ, ਗੁਰੂ ਨਾਨਕ ਡਾਇਵਰਸਿਟੀ ਵਿਲੇਜ ਦੇ ਸੰਚਾਲਨ ਲਈ 'ਔਪਟੀਮਾ ਲਿਵਿੰਗ' ਨੂੰ ਅਧਿਕਾਰਤ ਮੈਨੇਜਮੈਂਟ ਪਾਰਟਨਰ ਵਜੋਂ ਨਿਯੁਕਤ ਕਰਨ ਦਾ ਐਲਾਨ ਕੀਤਾ ਹੈ। ਇਹ ਪ੍ਰੋਜੈਕਟ ਖਾਸ ਤੌਰ 'ਤੇ ਦੱਖਣੀ ਏਸ਼ੀਆਈ ਬਜ਼ੁਰਗਾਂ ਦੀਆਂ ਸੱਭਿਆਚਾਰਕ ਅਤੇ ਸਮਾਜਿਕ ਲੋੜਾਂ ਨੂੰ ਧਿਆਨ ਵਿੱਚ ਰੱਖ ਕੇ ਤਿਆਰ ਕੀਤਾ ਗਿਆ ਹੈ। 1987 ਤੋਂ ਬੀ.ਸੀ. ਵਿੱਚ ਵੱਖ ਵੱਖ ਭਾਈਚਾਰਿਆਂ ਦੀ ਸੇਵਾ ਕਰ ਰਹੀ ਹੈ ਪਿਕਸ ਸੋਸਾਇਟੀ ਵੱਲੋਂ ਕਲੋਵਰਡੇਲ (6471 - 175ਏ ਸਟਰੀਟ, ਸਰੀ) ਵਿਖੇ ਇਸ ਵਿਸ਼ੇਸ਼ ਸਹੂਲਤ ਦਾ ਨਿਰਮਾਣ ਕੀਤਾ ਜਾ ਰਿਹਾ ਹੈ। ਇਹ ਸੈਂਟਰ ਬਜ਼ੁਰਗਾਂ ਦੀ ਸੱਭਿਆਚਾਰਕ ਪਛਾਣ, ਭਾਸ਼ਾ ਅਤੇ ਪਰੰਪਰਾਵਾਂ ਦਾ ਸਤਿਕਾਰ ਕਰਦੇ ਹੋਏ ਇੱਕ ਸੁਰੱਖਿਅਤ ਅਤੇ ਸਰਬ



ਸਾਂਝਾ ਮਾਹੌਲ ਪ੍ਰਦਾਨ ਕਰੇਗਾ। ਉਮੀਦ ਹੈ ਕਿ 2027 ਦੇ ਸ਼ੁਰੂ ਵਿੱਚ ਇੱਥੇ ਪਹਿਲੇ ਨਿਵਾਸੀਆਂ ਦਾ ਸੁਆਗਤ ਕੀਤਾ ਜਾਵੇਗਾ। ਇਸ ਮੌਕੇ ਪਿਕਸ ਸੋਸਾਇਟੀ ਦੇ ਪ੍ਰੈਜ਼ੀਡੈਂਟ ਅਤੇ ਸੀ.ਈ.ਓ. ਸਤਬੀਰ ਸਿੰਘ ਚੀਮਾ ਨੇ ਕਿਹਾ ਕਿ ਅਸੀਂ ਪੱਛਮੀ ਕੈਨੇਡਾ ਵਿੱਚ ਬਜ਼ੁਰਗਾਂ ਦੀ ਸੰਭਾਲ ਦੇ ਖੇਤਰ ਵਿੱਚ ਮੋਹਰੀ ਸੰਸਥਾ 'ਔਪਟੀਮਾ ਲਿਵਿੰਗ' ਨਾਲ ਭਾਈਵਾਲੀ ਕਰਕੇ ਬਹੁਤ ਖੁਸ਼ ਹਾਂ। ਉਹਨਾਂ ਦੀ ਕਦਰਾਂ-ਕੀਮਤਾਂ 'ਤੇ ਅਧਾਰਿਤ ਅਤੇ ਵਿਅਕਤੀਗਤ ਸੰਭਾਲ ਪ੍ਰਤੀ ਵਚਨਬੱਧਤਾ ਉਹਨਾਂ ਨੂੰ ਗੁਰੂ ਨਾਨਕ ਡਾਇਵਰਸਿਟੀ ਵਿਲੇਜ ਲਈ ਇੱਕ ਆਦਰਸ਼ ਭਾਈਵਾਲ ਬਣਾਉਂਦੀਹੈ। ਔਪਟੀਮਾ ਲਿਵਿੰਗ ਦੇ ਸਹਿ-ਸੰਸਥਾਪਕ ਅਤੇ ਪ੍ਰਿੰਸੀਪਲ ਫਰੀਦ ਦਮਜੀ ਨੇ ਕਿਹਾ ਕਿ ਸਾਡਾ ਮੰਨਣਾ ਹੈ ਕਿ ਬਿਹਤਰ ਦੇਖਭਾਲ ਉਦੋਂ ਹੀ ਸੰਭਵ ਹੈ ਜਦੋਂ ਅਸੀਂ ਉਹਨਾਂ ਲੋਕਾਂ ਅਤੇ ਸੱਭਿਆਚਾਰਾਂ ਨੂੰ ਸਮਝਦੇ ਹਾਂ ਜਿਨ੍ਹਾਂ ਦੀ ਅਸੀਂ ਸੇਵਾ ਕਰਦੇ ਹਾਂ। ਅਸੀਂ ਪਿਕਸ ਸੋਸਾਇਟੀ ਦੇ ਇਸ ਸੁਪਨੇ ਨੂੰ ਸਾਕਾਰ ਕਰਨ ਅਤੇ ਬਜ਼ੁਰਗਾਂ ਨੂੰ ਮਾਣ, ਸਤਿਕਾਰ ਅਤੇ ਅਪਨੱਤ ਮਹਿਸੂਸ ਕਰਵਾਉਣ ਵਾਲੀ ਦੇਖਭਾਲ ਪ੍ਰਦਾਨ ਕਰਨ ਲਈ ਮਾਣ ਮਹਿਸੂਸ ਕਰਦੇ ਹਾਂ। ਜ਼ਿਕਰਯੋਗ ਹੈ ਕਿ 2007 ਵਿੱਚ ਸਥਾਪਿਤ ਹੋਈ 'ਔਪਟੀਮਾ ਲਿਵਿੰਗ' ਅੱਜ ਪੱਛਮੀ ਕੈਨੇਡਾ ਦੀਆਂ ਚੋਟੀ ਦੀਆਂ ਸੰਸਥਾਵਾਂ ਵਿੱਚੋਂ ਇੱਕ ਹੈ ਜੋ ਅਲਬਰਟਾ ਅਤੇ ਬੀ.ਸੀ. ਵਿੱਚ 4300 ਤੋਂ ਵੱਧ ਬਜ਼ੁਰਗਾਂ ਨੂੰ ਸੁਤੰਤਰ ਰਹਿਣ ਸਹਿਣ ਅਤੇ ਲੌਂਗ-ਟਰਮ ਕੇਅਰ ਵਰਗੀਆਂ ਸੇਵਾਵਾਂ ਪ੍ਰਦਾਨ ਕਰ ਰਹੀ ਹੈ।

# ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਸਨਮਾਨ ਸਮਾਰੋਹ

ਦੀਨਾਨਗਰ, 13 ਫਰਵਰੀ (ਪੱਤਰ ਪ੍ਰੇਰਕ)-ਜਗਤ ਪੰਜਾਬੀ ਸਭਾ ਕੈਨੇਡਾ (ਪੰਜਾਬ ਯੂਨਿਟ) ਅਤੇ ਪੰਜਾਬ ਰਾਜ ਖੁਰਾਕ ਕਮਿਸ਼ਨ ਦੇ ਸਾਂਝੇ ਪ੍ਰਬੰਧ ਹੇਠ ਐਸ.ਐਸ.ਐਮ. ਕਾਲਜ, ਦੀਨਾਨਗਰ ਵਿਖੇ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਇੱਕ ਵਿਸ਼ਾਲ ਸਨਮਾਨ ਸਮਾਰੋਹ ਅਤੇ ਭੋਜਨ ਰਾਹੀਂ ਸਿਹਤ ਵਿਸ਼ੇ 'ਤੇ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ। ਸਮਾਗਮ ਵਿੱਚ ਸਮਾਜ, ਸਿੱਖਿਆ, ਪ੍ਰਸ਼ਾਸਨ ਅਤੇ ਸਿਹਤ ਖੇਤਰ ਨਾਲ ਜੁੜੀਆਂ ਅਨੇਕ ਪ੍ਰਮੁੱਖ ਸ਼ਖਸੀਅਤਾਂ ਮੌਜੂਦ ਸਨ। ਸਮਾਗਮ ਵਿੱਚ ਪੰਜਾਬ ਰਾਜ ਖੁਰਾਕ ਕਮਿਸ਼ਨ ਦੇ ਚੇਅਰਮੈਨ ਸ਼੍ਰੀ ਬਾਲ ਮੁਕੰਦ ਸ਼ਰਮਾ ਵਲੋਂ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਗਈ। ਵਿਸ਼ੇਸ਼ ਮਹਿਮਾਨਾਂ ਵਿੱਚ ਸੀ.ਜੇ.ਐਮ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ ਸ਼੍ਰੀ ਹਰਪ੍ਰੀਤ ਸਿੰਘ, ਪੰਜਾਬ ਰਾਜ ਖੁਰਾਕ ਕਮਿਸ਼ਨ ਦੇ ਮੈਂਬਰ ਸ਼੍ਰੀ ਵਿਜੇ ਦੱਤ, ਜਗਤ ਪੰਜਾਬੀ ਸਭਾ ਕੈਨੇਡਾ ਦੇ ਚੇਅਰਮੈਨ ਸ਼੍ਰੀ ਅਜਾਇਬ ਸਿੰਘ ਚੱਠਾ, ਪ੍ਰਧਾਨ ਸ਼੍ਰੀ ਸਰਦੂਲ ਸਿੰਘ ਥਿਆੜਾ ਅਤੇ ਐੱਸ.ਡੀ.ਐਮ ਸ੍ਰੀਮਤੀ ਜਯੋਤਸਨਾ ਸਿੰਘ ਸ਼ਾਮਿਲ ਸਨ। ਮੁੱਖ ਮਹਿਮਾਨ ਸ਼੍ਰੀ ਬਾਲ ਮੁਕੰਦ ਸ਼ਰਮਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਪੰਜਾਬੀ ਮਾਂ ਬੋਲੀ ਸਾਡੀ ਪਹਿਚਾਣ ਦਾ ਅਟੁੱਟ ਹਿੱਸਾ ਹੈ ਅਤੇ ਇਸਦੀ ਰੱਖਿਆ ਅਤੇ ਪ੍ਰਚਾਰ ਲਈ ਹਰ ਸੰਸਥਾ ਅਤੇ ਵਿਅਕਤੀ ਨੂੰ ਅੱਗੇ ਆਉਣਾ ਚਾਹੀਦਾ ਹੈ। ਉਨ੍ਹਾਂ ਜਗਤ ਪੰਜਾਬੀ ਸਭਾ ਦੀ ਸੂਬਾ ਟੀਮ ਦੇ ਯਤਨਾਂ ਦੀ ਪ੍ਰਸ਼ੰਸਾ ਕੀਤੀ। ਇਸ ਦੇ ਨਾਲ ਹੀ ਸਾਡੇ ਬਜ਼ੁਰਗ ਸਾਡਾ ਮਾਣ ਵਿਸ਼ੇ ਹੇਠ ਸਮਾਜ ਦੇ 50 ਸੀਨੀਅਰ ਨਾਗਰਿਕਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਵੀ ਕੀਤਾ ਗਿਆ। ਉਨ੍ਹਾਂ ਕਿਹਾ ਕਿ ਬਜ਼ੁਰਗ ਸਾਡੀ ਅਨੁਭਵ ਅਤੇ ਸੱਭਿਆਚਾਰਕ ਵਿਰਾਸਤ ਦਾ ਖਜ਼ਾਨਾ ਹਨ ਅਤੇ ਉਨ੍ਹਾਂ ਦਾ ਆਦਰ-ਸਤਿਕਾਰ ਕਰਨਾ ਸਾਡੀ ਸਾਂਝੀ ਜ਼ਿੰਮੇਵ ਾਰੀ ਹੈ। ਇਸ ਮੌਕੇ ਪੰਜਾਬ ਸਟੇਟ ਫੂਡ ਕਮਿਸ਼ਨ ਦੇ ਮੈਂਬਰ ਵਿਜੇ ਦੱਤ, ਸੀ.ਜੇ.ਐਮ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ਼੍ਰੀ ਹਰਪ੍ਰੀਤ ਸਿੰਘ ਅਤੇ ਜਗਤ ਪੰਜਾਬੀ ਸਭਾ ਕੈਨੇਡਾ ਦੇ ਚੇਅਰਮੈਨ ਸ਼੍ਰੀ ਅਜਾਇਬ ਸਿੰਘ ਚੱਠਾ



ਵਲੋਂ ਸੰਬੋਧਨ ਕਰਦਿਆਂ ਪੰਜਾਬੀ ਮਾਂ ਬੋਲੀ, ਪੌਸ਼ਟਿਕ ਖਾਣੇ ਅਤੇ ਸਾਡੇ ਬਜ਼ੁਰਗ ਸਾਡਾ ਮਾਣ ਸਬੰਧੀ ਆਪਣੇ ਬੇਸ਼ਕੀਮਤੀ ਵਿਚਾਰ ਦਿੱਤੇ। ਇਸ ਤੋਂ ਪਹਿਲਾਂ ਸਮਾਗਮ ਦੀ ਸ਼ੁਰੂਆਤ ਰਵਾਇਤੀ ਰੀਤੀ ਅਨੁਸਾਰ ਦੀਵਾ ਜਗਾ ਕੇ ਕੀਤੀ ਗਈ ਅਤੇ ਮਹਿਮਾਨਾਂ ਦਾ ਗੁਲਦਸਤੇ ਭੇਂਟ ਕਰਕੇ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ। ਇਸ ਮੌਕੇ ਆਪਣੇ ਸਵਾਗਤੀ ਸੰਬੋਧਨ ਵਿੱਚ ਸ੍ਰੀ ਮੁਕੇਸ਼ ਵਰਮਾ ਅਤੇ ਸੀਨੀਅਰ ਮੀਤ ਪ੍ਰਧਾਨ ਪਰਮਿੰਦਰ ਸਿੰਘ ਸੈਣੀ ਨੇ ਕਿਹਾ ਕਿ ਪੰਜਾਬੀ ਮਾਂ ਬੋਲੀ ਸਾਡੀ ਸੱਭਿਆਚਾਰਕ ਪਹਿਚਾਣ ਦੀ ਰੂਹ ਹੈ ਅਤੇ ਇਸਦੀ ਸੰਭਾਲ ਹਰ ਪੰਜਾਬੀ ਦੀ ਜ਼ਿੰਮੇਵਾਰੀ ਹੈ। ਉਨ੍ਹਾਂ ਜਗਤ ਪੰਜਾਬੀ ਸਭਾ ਵੱਲੋਂ ਭਾਸ਼ਾ ਦੇ ਪ੍ਰਚਾਰ-ਪ੍ਰਸਾਰ ਅਤੇ ਸਮਾਜ ਸੇਵਾ ਲਈ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਵੀ ਵਿਸਥਾਰ ਨਾਲ ਜਾਣਕਾਰੀ ਦਿੱਤੀ। ਸੈਮੀਨਾਰ ਦੌਰਾਨ ਡਾ. ਜੀ.ਐਸ. ਪੰਨੂ ਅਤੇ ਪਰਮਿੰਦਰ ਸਿੰਘ ਸੈਣੀ,ਸਟੇਟ ਐਵਾਰਡੀ, ਜ਼ਿਲ੍ਹਾ ਗਾਈਡੈਂਸ ਕਾਊਸਲਰ ਨੇ ਭੋਜਨ ਰਾਹੀਂ ਸਿਹਤ ਵਿਸ਼ੇ 'ਤੇ ਵਿਸਥਾਰ ਨਾਲ ਚਰਚਾ ਕਰਦੇ ਹੋਏ ਸੰਤੁਲਿਤ ਖੁਰਾਕ ਦੀ ਮਹੱਤਤਾ, ਸਾਫ਼-ਸੁਥਰੇ ਭੋਜਨ ਦੀ ਲੋੜ, ਪੌਸ਼ਟਿਕ ਤੱਤਾਂ ਦੀ ਭੂਮਿਕਾ ਅਤੇ ਮਿਲਾਵਟ ਤੋਂ ਬਚਾਅ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਵਿਦਿਆਰਥੀਆਂ ਅਤੇ ਨਾਗਰਿਕਾਂ ਨੂੰ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ ਪਰਮਜੀਤ ਕੌਰ, ਕਾਲਜ ਪ੍ਰਿੰਸੀਪਲ ਡਾ. ਆਰ.ਕੇ. ਤੁਲੀ, ਸਮਾਜ ਸੇਵਕ ਸੱਜਣ ਸਿੰਘ ਧੰਦਲ, ਮਨਿਸਟੀਰੀਅਲ ਯੂਨੀਅਨ ਪੰਜਾਬ, ਰਾਸ਼ਟਰੀ ਪੁਰਸਕਾਰ ਜੇਤੂ ਪਰਮਜੀਤ ਸਿੰਘ ਕਲਸੀ, ਪ੍ਰੋ. ਪ੍ਰਬੋਧ ਗਰੋਵਰ ਡੀਨ, ਯੁਵਕ ਭਲਾਈ ਵਿਭਾਗ, ਰਣਜੀਤ ਕੌਰ ਭੰਗਵਾਂ, ਤਰੁਣਜੋਤ ਕੌਰ ਲੈਕਚਰਾਰ, ਸਟੇਟ ਅਵਾਰਡੀ ਸੁਰਿੰਦਰ ਮੋਹਨ ਅਤੇ ਕੁਲਦੀਪ ਕੌਰ ਮੈਂਬਰ, ਜਗਤ ਪੰਜਾਬੀ ਸਭਾ ,ਪ੍ਰੋਫ਼ੈਸਰ ਸੋਨੂੰ ਮੰਗੋਤਰਾ ਮੈਂਬਰ ਜਗਤ ਪੰਜਾਬੀ ਸਭਾ ਸਮੇਤ ਕਈ ਮਾਨਯੋਗ ਹਸਤੀਆਂ ਮੌਜੂਦ ਸਨ।

# ਪਿਤਾ ਨਾਲ ਸਬਜ਼ੀ ਵੇਚਣ ਵਿੱਚ ਹੱਥ ਵੰਡਾਉਂਦੇ ਬਾਵਜੂਦ ਕਲਾਸ ਵਿੱਚੋਂ ਫਸਟ ਆਉਂਦੀ ਹੈ ਇਹ ਕੁੜੀ

ਗੁਰਦਾਸਪੁਰ, 13 ਫਰਵਰੀ (ਪੱਤਰ ਪ੍ਰੇਰਕ)-ਗੁਰਦਾਸਪੁਰ ਦੇ ਹਰਦੋਛੰਨੀ ਬਾਈਪਾਸ ਨੇੜੇ ਇੱਕ 13— 14 ਸਾਲ ਦੀ ਕੁੜੀ ਸਬਜ਼ੀ ਅਤੇ ਫਰੂਟ ਵੇਚਦੀ ਨਜ਼ਰ ਆਉਂਦੀਹੈ। ਹਰਪ੍ਰੀਤ ਨਾਂ ਦੀ ਇਹ ਕੁੜੀ ਸਵੇਰੇ 5:30 ਵਜੇ ਉੱਠ ਕੇ ਪਿਤਾ ਦੇ ਲਈ ਚਾਹ ਪਾਣੀ ਬਣਾਉਂਦੀਹੈ ਤੇ ਫਿਰ ਨਿਤਨੇਮ ਕਰਨ ਤੋਂ ਬਾਅਦ ਆਪਣੀ ਸਬਜ਼ੀ ਦੀ ਫੜੀ ਤੇ ਆ ਜਾਂਦੀ ਹੈ। ਦੁਕਾਨ ਸਜਾਉਂਦੀਹੈ ਅਤੇ ਫਿਰ ਸਕੂਲ ਚਲੀ ਜਾਂਦੀ ਹੈ ਅਤੇ ਸਕੂਲੋਂ ਆਉਣ ਤੋਂ ਬਾਅਦ ਫਿਰ ਦੁਕਾਨ ਤੇ ਆ ਕੇ ਸਬਜ਼ੀ, ਫਰੂਟ ਵੇਚਦੀ ਹੈ। ਤੇ ਰਾਤ ਨੂੰ ਆਪਣੀ ਪੜ੍ਹਾਈ ਪੂਰੀ ਕਰਦੀ ਹੈ। ਇਨੀਂ ਮਿਹਨਤ ਕਰਨ ਦੇ ਬਾਵਜੂਦ ਉਹ ਸਕੂਲ ਵਿੱਚ ਆਪਣੀ ਕਲਾਸ ਵਿੱਚੋਂ ਹਰ ਵਾਰ ਅੱਵਲ ਰਹਿੰਦੀ ਹੈ। ਹਰਪ੍ਰੀਤ ਆਪਣੇ ਪਿਤਾ ਦਲਜੀਤ ਸਿੰਘ ਨੂੰ ਮਿਹਨਤ ਕਰਦੇ ਦੇਖਦੀ ਤਾਂ ਉਸ ਦੇ ਮਨ ਵਿੱਚ ਆਪਣੇ ਪਿਤਾ ਦਾ ਹੱਥ ਵੰਡਾਉਣ ਦਾ ਖਿਆਲ ਆਇਆ ਅਤੇ ਇੱਕ ਸਾਲ ਪਹਿਲਾਂ ਉਸਨੇ ਦੁਕਾਨ ਤੇ ਆਉਣਾ ਸ਼ੁਰੂ ਕਰ ਦਿੱਤਾ। ਤੇ ਫਿਰ ਹੌਲੀ ਹੌਲੀ ਇਹ ਉਸ ਦੀ ਰੁਟੀਨ ਬਣ ਗਈ । ਜਿੱਥੇ ਅੱਜਕੱਲ ਦੇ ਬੱਚੇ ਮੋਬਾਇਲ ਵੇਖਣਾ ਪਸੰਦ ਕਰਦੇ ਹਨ ਉੱਥੇ ਹੀ ਹਰਪ੍ਰੀਤ ਮੋਬਾਇਲ ਦੇ ਮੋਹਜਾਲ ਤੋਂ ਬਿਲਕੁਲ ਦੂਰ ਹੈ ਤੇ ਸਿਰਫ ਆਪਣੀ ਦੁਕਾਨ ਅਤੇ ਪੜ੍ਹਾਈ ਵੱਲ ਹੀ ਧਿਆਨ ਦਿੰਦੀ ਹੈ। ਅੱਜ ਦੇ ਦੌਰ ਵਿੱਚ ਅਜਿਹੇ ਬੱਚੇ ਮਾਂ ਬਾਪ ਲਈ ਕਿਸੇ ਹੀਰੇ ਤੋਂ ਘੱਟ ਨਹੀਂ ਹਨ।



# ਨੋਰਾ ਫਤੇਹੀ ਨੇ ਇਤਿਹਾਸ ਰਚਿਆ

## ਫੀਫਾ ਵਿਸ਼ਵ ਕੱਪ 2022 ਅਤੇ ਟੀ-20 ਵਿਸ਼ਵ ਕੱਪ 2026 'ਚ ਪ੍ਰਦਰਸ਼ਨ ਕਰਨ ਵਾਲੀ ਪਹਿਲੀ ਬਾਲੀਵੁੱਡ ਸਟਾਰ ਬਣ ਕੇ, ਅੰਤਰਰਾਸ਼ਟਰੀ ਮੰਚ 'ਤੇ ਚਮਕੀ

**ਮੁੰਬਈ, 13 ਫਰਵਰੀ (ਜਨ ਜਾਗਰਣ ਰਿਪੋਰਟਰ)** : ਬਾਲੀਵੁੱਡ ਦੀ ਸ਼ਕਤੀਸ਼ਾਲੀ ਕਲਾਕਾਰ, ਨੋਰਾ ਫਤੇਹੀ ਨੇ ਅੰਤਰਰਾਸ਼ਟਰੀ ਮੰਚ 'ਤੇ ਇੱਕ ਮੀਲ ਪੱਥਰ ਪ੍ਰਾਪਤ ਕੀਤਾ ਹੈ, ਜੋ ਕਿ ਪਹਿਲਾਂ ਕਿਸੇ ਵੀ ਭਾਰਤੀ ਕਲਾਕਾਰ ਦੁਆਰਾ ਬੇਮਿਸਾਲ ਪ੍ਰਾਪਤੀ ਹੈ। ਨੋਰਾ ਨੇ ਫੀਫਾ ਵਿਸ਼ਵ ਕੱਪ 2022 ਅਤੇ ਆਈਸੀਸੀ ਪੁਰਸ਼ ਟੀ-20 ਵਿਸ਼ਵ ਕੱਪ 2026 ਸਮਾਰੋਹਾਂ ਦੋਵਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤੇ, ਜਿਸ ਨਾਲ ਉਹ ਵਿਸ਼ਵ ਕੱਪ ਦੋਵਾਂ ਸਟੇਜਾਂ 'ਤੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਨ ਵਾਲੀ ਪਹਿਲੀ ਬਾਲੀਵੁੱਡ ਕਲਾਕਾਰ ਬਣ ਗਈ। ਜਦੋਂ ਕਿ ਫੀਫਾ ਵਿਸ਼ਵ ਕੱਪ 2022 ਕਤਰ ਵਿੱਚ ਆਯੋਜਿਤ ਕੀਤਾ ਗਿਆ ਸੀ, ਨੋਰਾ ਨੇ ਸਮਾਪਤੀ ਸਮਾਰੋਹ ਵਿੱਚ ਅਧਿਕਾਰਤ ਗੀਤ, "ਲਾਈਟ ਦ ਸਕਾਈ" ਦੇ ਹਿੱਸੇ ਵਜੋਂ ਪ੍ਰਦਰਸ਼ਨ ਕੀਤਾ। ਇਸ ਸਮਾਗਮ ਨੂੰ ਵਿਸ਼ਵ ਪੱਧਰ 'ਤੇ ਪ੍ਰਸਾਰਿਤ ਕੀਤਾ ਗਿਆ ਅਤੇ ਲੱਖਾਂ ਦਰਸ਼ਕਾਂ ਨੂੰ ਆਕਰਸ਼ਿਤ ਕੀਤਾ ਗਿਆ। ਨੋਰਾ ਨੇ ਨਾ ਸਿਰਫ਼ ਸਟੇਜ 'ਤੇ ਮਨਮੋਹਕ ਨਾਚ ਪੇਸ਼ ਕੀਤੇ, ਸਗੋਂ ਹਿੰਦੀ ਅੰਸ਼ ਵੀ ਪੇਸ਼ ਕੀਤੇ, ਜਿਨ੍ਹਾਂ ਨੂੰ ਪ੍ਰਬੰਧਕਾਂ ਨੇ ਬਹੁ-ਭਾਸ਼ਾਈ ਪੇਸ਼ਕਾਰੀ ਦੇ ਹਿੱਸੇ ਵਜੋਂ ਸ਼ਾਮਲ ਕੀਤਾ। ਇਹ ਭਾਰਤੀ ਮਨੋਰੰਜਨ ਉਦਯੋਗ ਲਈ ਇੱਕ ਵੱਡਾ ਪਲ ਸੀ, ਕਿਉਂਕਿ ਕਿਸੇ ਵੀ ਬਾਲੀਵੁੱਡ ਕਲਾਕਾਰ ਨੂੰ ਕਦੇ ਵੀ ਅਜਿਹੇ ਵੱਡੇ ਅੰਤਰਰਾਸ਼ਟਰੀ ਸਮਾਗਮ ਦਾ ਹਿੱਸਾ ਬਣਨ ਦਾ ਮੌਕਾ ਨਹੀਂ ਮਿਲਿਆ ਸੀ। ਨੋਰਾ ਨੇ ਫਿਰ ਟੀ-20 ਵਿਸ਼ਵ ਕੱਪ 2026 ਦੇ ਉਦਘਾਟਨੀ ਸਮਾਰੋਹ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਹ ਸਮਾਰੋਹ ਖੇਡਾਂ ਅਤੇ ਮਨੋਰੰਜਨ ਦਾ ਇੱਕ ਸ਼ਾਨਦਾਰ ਮਿਸ਼ਰਣ ਸੀ, ਜਿਸ ਵਿੱਚ ਨੋਰਾ ਨੇ ਸਟੇਜ ਨੂੰ ਜੀਵਨ ਵਿੱਚ ਲਿਆਂਦਾ। ਉਸਦੇ ਲਾਈਵ ਡਾਂਸ ਮੂਵਜ਼ ਅਤੇ ਊਰਜਾ ਨੇ ਨਾ ਸਿਰਫ਼ ਸਟੇਡੀਅਮ ਦੇ ਦਰਸ਼ਕਾਂ ਨੂੰ ਸਗੋਂ ਟੀਵੀ ਅਤੇ ਡਿਜੀਟਲ ਦਰਸ਼ਕਾਂ ਨੂੰ ਵੀ ਮੋਹਿਤ ਕਰ ਦਿੱਤਾ। ਇਸ ਮੌਜੂਦਗੀ ਨੇ ਇਹ ਸਪੱਸ਼ਟ ਕਰ ਦਿੱਤਾ ਕਿ ਖੇਡ ਸਮਾਗਮ ਹੁਣ ਸਿਰਫ਼ ਖੇਡਾਂ ਤੱਕ ਸੀਮਤ ਨਹੀਂ ਰਹੇ; ਉਹ ਇੱਕ ਵਿਸ਼ਵਵਿਆਪੀ ਮਨੋਰੰਜਨ ਉਤਸਾਹ ਬਣ ਗਏ ਹਨ। ਮਾਹਿਰਾਂ ਦੇ ਅਨੁਸਾਰ, ਨੋਰਾ ਦੀ ਭਾਗੀਦਾਰੀ ਖੇਡ-ਮਨੋਰੰਜਨ ਅਰਥਵਿਵਸਥਾ ਦੇ ਵਿਸਥਾਰ ਵੱਲ ਇੱਕ ਮਹੱਤਵਪੂਰਨ ਕਦਮ ਹੈ। ਪੌਪ ਸੱਭਿਆਚਾਰ ਅਤੇ ਪ੍ਰਦਰਸ਼ਨ ਕਲਾਵਾਂ ਹੁਣ ਪ੍ਰਮੁੱਖ ਖੇਡ ਸਮਾਗਮਾਂ ਵਿੱਚ ਪ੍ਰਮੁੱਖਤਾ ਨਾਲ ਪ੍ਰਦਰਸ਼ਿਤ ਕੀਤੀਆਂ ਜਾ ਰਹੀਆਂ ਹਨ, ਜਿਸ ਨਾਲ ਸਮਾਗਮ ਦੀ ਵਿਸ਼ਵਵਿਆਪੀ ਅਪੀਲ ਹੋਰ ਵਧਦੀ ਹੈ। ਨੋਰਾ ਫਤੇਹੀ ਦੀ ਇਹ ਵਿਲੱਖਣ ਪ੍ਰਾਪਤੀ ਦਰਸਾਉਂਦੀ ਹੈ ਕਿ ਕਿਵੇਂ ਭਾਰਤੀ ਕਲਾਕਾਰ ਹੁਣ ਵਿਸ਼ਵ ਪੱਧਰ 'ਤੇ ਮਾਨਤਾ ਪ੍ਰਾਪਤ ਕਰ ਰਹੇ ਹਨ।



# 'ਸੁਧਰ ਜਾਓ, ਨਹੀਂ ਤਾਂ ਚੰਗੀ ਤਰ੍ਹਾਂ ਇਲਾਜ ਕਰਾਂਗੇ' ਸਾਹਮਣੇ ਆਇਆ ਰਣਵੀਰ ਸਿੰਘ ਧਮਕੀ ਮਾਮਲੇ 'ਚ ਹੈਰੀ ਬਾਕਸਰ ਦਾ ਆਡੀਓ

**ਮੁੰਬਈ, 13 ਫਰਵਰੀ (ਜਨ ਜਾਗਰਣ ਰਿਪੋਰਟਰ)** : ਫਿਲਮ ਨਿਰਦੇਸ਼ਕ ਰੋਹਿਤ ਸ਼ੈੱਟੀ ਦੇ ਘਰ 'ਤੇ ਹੋਈ ਗੋਲੀਬਾਰੀ ਤੋਂ ਬਾਅਦ, ਰਣਵੀਰ ਸਿੰਘ ਧਮਕੀ ਮਾਮਲੇ ਵਿੱਚ ਨਵੇਂ ਖੁਲਾਸੇ ਸਾਹਮਣੇ ਆ ਰਹੇ ਹਨ। ਸ਼ੁਰੂ ਵਿੱਚ, ਮੁੰਬਈ ਕ੍ਰਾਈਮ ਬ੍ਰਾਂਚ ਨੇ ਖੁਲਾਸਾ ਕੀਤਾ ਕਿ ਬਿਸ਼ਨੋਈ ਗੈਂਗ ਦੇ ਇੱਕ ਮੁੱਖ ਗੁੰਡੇ ਹੈਰੀ ਬਾਕਸਰ ਨੇ ਧਮਕੀ ਭਰੀ ਵੌਇਸਮੇਲ ਭੇਜੀ ਸੀ। ਹੁਣ, ਹੈਰੀ ਬਾਕਸਰ ਦਾ ਇੱਕ ਕਥਿਤ ਆਡੀਓ ਸਾਹਮਣੇ ਆਇਆ ਹੈ ਜਿਸ ਵਿੱਚ ਦੋਸ਼ੀ ਅਦਾਕਾਰ ਨੂੰ ਆਪਣੇ ਤਰੀਕੇ ਸੁਧਾਰਨ ਦੀ ਧਮਕੀ ਦੇ ਰਿਹਾ ਹੈ ਅਤੇ ਇੱਥੋਂ ਤੱਕ ਕਿ ਉਸਨੂੰ ਜਾਨੋਂ ਮਾਰਨ ਦੀ ਧਮਕੀ ਵੀ ਦੇ ਰਿਹਾ ਹੈ। ਹੈਰੀ ਬਾਕਸਰ ਦਾ ਇੱਕ ਕਥਿਤ ਆਡੀਓ ਵਾਇਰਲ ਹੋ ਰਿਹਾ ਹੈ, ਜਿਸ ਵਿੱਚ ਉਹ ਰੋਹਿਤ ਸ਼ੈੱਟੀ ਅਤੇ ਰਣਵੀਰ ਸਿੰਘ ਨੂੰ ਧਮਕੀ ਦਿੰਦੇ ਹੋਏ ਦੇਖਿਆ ਜਾ ਸਕਦਾ ਹੈ। ਮੁੰਬਈ ਕ੍ਰਾਈਮ ਬ੍ਰਾਂਚ ਦੇ ਇੱਕ ਸੀਨੀਅਰ ਅਧਿਕਾਰੀ ਨੇ ਦਾਅਵਾ ਕੀਤਾ ਕਿ ਆਡੀਓ ਦੀ ਪ੍ਰਮਾਣਿਕਤਾ ਦੀ ਜਾਂਚ ਕੀਤੀ ਜਾ ਰਹੀ ਹੈ। ਮੁੰਬਈ ਕ੍ਰਾਈਮ ਬ੍ਰਾਂਚ ਵੀ ਭੇਜਣ ਵਾਲੇ ਦੇ ਸਹੀ ਸਥਾਨ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਕ੍ਰਾਈਮ ਬ੍ਰਾਂਚ ਧਮਕੀ ਭੇਜਣ ਲਈ ਵਰਤੇ ਗਏ VPN ਨੈੱਟਵਰਕ ਦੀ ਵੀ ਜਾਂਚ ਕਰ ਰਹੀ ਹੈ, ਜੋ ਕਿ ਵਿਦੇਸ਼ ਵਿੱਚ ਸਥਿਤ ਜਾਪਦਾ ਹੈ। ਕ੍ਰਾਈਮ ਬ੍ਰਾਂਚ ਇਸ ਸਮੇਂ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ।



ਵਾਇਰਲ ਆਡੀਓ ਸੁਨੇਹੇ ਵਿੱਚ, ਹੈਰੀ ਬਾਕਸਰ ਆਪਣਾ ਜਾਣ-ਪਛਾਣ ਕਰਾਉਂਦਾ ਹੈ ਅਤੇ ਕਹਿੰਦਾ ਹੈ, "ਰਾਮ-ਰਾਮ, ਮੈਂ ਬਿਸ਼ਨੋਈ ਗੈਂਗ ਤੋਂ ਹਰੀ ਬਾਕਸਰ ਹਾਂ। ਅੱਜ ਦਾ ਵੌਇਸ ਨੋਟ ਬਾਲੀਵੁੱਡ ਦੇ ਲੋਕਾਂ ਲਈ ਹੈ, ਖਾਸ ਕਰਕੇ ਰਣਵੀਰ ਸਿੰਘ ਅਤੇ ਰੋਹਿਤ ਸ਼ੈੱਟੀ ਲਈ। ਜੇਕਰ ਤੁਸੀਂ ਸਮੇਂ ਸਿਰ ਸੁਧਾਰ ਨਹੀਂ ਕੀਤਾ, ਤਾਂ ਅਸੀਂ ਤੁਹਾਡੇ ਨਾਲ ਨਜਿੱਠਾਂਗੇ, ਅਸੀਂ ਤੁਹਾਨੂੰ ਇਸ ਤਰ੍ਹਾਂ ਦਾ ਦੁੱਖ ਦੇਵਾਂਗੇ ਕਿ ਤੁਹਾਡੀਆਂ ਸੱਤ ਪੀੜ੍ਹੀਆਂ ਯਾਦ ਰੱਖਣਗੀਆਂ। ਰਣਵੀਰ ਸਿੰਘ ਨੂੰ ਪੁਲਿਸ ਸਟੇਸ਼ਨ ਵਿੱਚ ਰਿਪੋਰਟ ਕਰਨ ਅਤੇ ਅਰਜ਼ੀਆਂ ਦਾਇਰ ਕਰਨ ਦਾ ਬਹੁਤ ਸ਼ੌਕ ਹੈ, ਪਰ ਤੁਸੀਂ ਨਹੀਂ ਜਾਣਦੇ ਕਿ ਸਾਡੇ ਕੋਲ ਮੈਨੇਜਰ ਅਤੇ ਤੁਹਾਡੇ ਅਧੀਨ ਕੰਮ ਕਰਨ ਵਾਲੇ ਹੋਰ ਲੋਕਾਂ ਦੀ ਸਾਰੀ ਜਾਣਕਾਰੀ ਹੈ। ਉਹ ਕਿੱਥੇ ਰਹਿੰਦੇ ਹਨ, ਉਨ੍ਹਾਂ ਦੇ ਪਰਿਵਾਰ ਕਿੱਥੇ ਹਨ, ਅਤੇ ਉਹ ਕਦੋਂ ਦਫ਼ਤਰ ਜਾਂਦੇ ਹਨ। ਜਦੋਂ ਅਸੀਂ ਉਨ੍ਹਾਂ 'ਤੇ ਹਮਲਾ ਕਰਦੇ ਹਾਂ, ਤਾਂ ਤੁਸੀਂ ਸਮਝ ਜਾਓਗੇ।" ਆਡੀਓ ਵਿੱਚ, ਹੈਰੀ ਬਾਕਸਰ ਅੱਗੇ ਕਹਿੰਦਾ ਹੈ, "ਪੁਰਤਗਾਲ ਵਿੱਚ, ਮਾਰਿਨਹਾ ਗ੍ਰਾਂਡੇ ਵਿੱਚ ਜੋ ਗੋਲੀਬਾਰੀ ਹੋਈ ਸੀ, ਉਹ ਵੀ ਸਾਡੇ ਦੁਆਰਾ ਕੀਤੀ ਗਈ ਸੀ। ਉੱਥੋਂ ਦਾ ਕਾਰੋਬਾਰੀ ਸਾਡੇ ਭਾਰਤੀ ਭਰਾਵਾਂ ਨੂੰ ਨੌਕਰੀ 'ਤੇ ਰੱਖਦਾ ਹੈ, ਅਤੇ ਫਿਰ ਉਨ੍ਹਾਂ ਨੂੰ ਤਨਖਾਹ ਦਿੱਤੀ ਜਾਂਦੀ ਹੈ।" ਹੁਣ, ਇਸ ਸਭ ਦੇ ਨਤੀਜੇ ਭਿਆਨਕ ਹੋਣਗੇ। ਇਹ ਸਿਰਫ਼ ਇੱਕ ਟ੍ਰੇਲਰ ਹੈ; ਜੇਕਰ ਕੋਈ ਸਾਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕਰਦਾ ਹੈ, ਤਾਂ ਇਸ ਵਾਰ ਸਾਡੇ ਸਾਰੇ ਦੁਸ਼ਮਣਾਂ ਦੇ ਸਿਰ ਵਿੱਚ ਗੋਲੀ ਮਾਰ ਦਿੱਤੀ ਜਾਵੇਗੀ।

# 'ਦੋ ਦੀਵਾਨੇ ਸ਼ਹਿਰ ਮੇਂ' ਦੇ ਨਿਰਦੇਸ਼ਕ ਨੂੰ ਇੱਕ ਲਿਫਟ 'ਚ ਮਿਲੀ ਸੀ ਮ੍ਰਿਣਾਲ ਠਾਕੁਰ, ਅਦਾਕਾਰਾ ਨੇ ਦੱਸਿਆ ਮੁਲਾਕਾਤ ਦਾ ਪੂਰਾ ਕਿੱਸਾ

**ਮੁੰਬਈ, 13 ਫਰਵਰੀ (ਜਨ ਜਾਗਰਣ ਰਿਪੋਰਟਰ)** : ਬਾਲੀਵੁੱਡ ਅਦਾਕਾਰਾ ਮ੍ਰਿਣਾਲ ਠਾਕੁਰ ਪਿਛਲੇ ਕੁਝ ਸਾਲਾਂ ਤੋਂ ਆਪਣੀ ਸਖ਼ਤ ਮਿਹਨਤ ਨਾਲ ਇੰਡਸਟਰੀ ਵਿੱਚ ਇੱਕ ਵੱਖਰੀ ਪਛਾਣ ਬਣਾ ਰਹੀ ਹੈ। ਇਸ ਸਮੇਂ, ਉਹ ਆਪਣੀ ਆਉਣ ਵਾਲੀ ਫਿਲਮ 'ਦੋ ਦੀਵਾਨੇ ਸਹਿਰ ਮੇਂ' ਦੀ ਰਿਲੀਜ਼ ਦੀ ਬੇਸਬਰੀ ਨਾਲ ਉਡੀਕ ਕਰ ਰਹੀ ਹੈ। ਇਹ ਨਵੀਂ ਫਿਲਮ ਦਰਸ਼ਕਾਂ ਲਈ ਇੱਕ ਰੋਮਾਂਟਿਕ ਕਹਾਣੀ ਲਿਆਏਗੀ। ਇਸ ਦੌਰਾਨ, ਉਸਨੇ ਫਿਲਮ ਦੇ ਨਿਰਦੇਸ਼ਕ ਰਵੀ ਉਦੈਵਰ ਨਾਲ ਪਹਿਲੀ ਮੁਲਾਕਾਤ ਦਾ ਆਪਣਾ ਅਨੁਭਵ ਸਾਂਝਾ ਕੀਤਾ। ਮ੍ਰਿਣਾਲ ਠਾਕੁਰ ਨੇ ਕਿਹਾ, "ਮੈਂ ਪਹਿਲੀ ਵਾਰ ਰਵੀ ਸਰ ਨੂੰ ਉਨ੍ਹਾਂ ਦੇ ਨਵੇਂ ਘਰ ਦੀ ਲਿਫਟ ਵਿੱਚ ਮਿਲੀ ਸੀ। ਮਜ਼ੇਦਾਰ ਗੱਲ ਇਹ ਹੈ ਕਿ ਮੇਰੀ ਮਾਂ ਨੇ ਉਨ੍ਹਾਂ ਨੂੰ ਪਛਾਣ ਲਿਆ, ਭਾਵੇਂ ਮੈਂ ਉਨ੍ਹਾਂ ਨੂੰ ਪਹਿਲਾਂ ਕਦੇ ਨਹੀਂ ਦੇਖਿਆ ਸੀ। ਮੇਰੀ ਮਾਂ ਨੇ ਕਿਹਾ, 'ਹੇ ਮੇਰੇ ਰੱਬ, ਮੈਨੂੰ ਤੁਹਾਡੀ ਫਿਲਮ 'ਮੌਮ' ਬਹੁਤ ਪਸੰਦ ਆਈ।'" 'ਦੋ ਦੀਵਾਨੇ ਸਹਿਰ ਮੇਂ' ਵਿੱਚ ਸ਼ਾਮਲ ਹੋਣ ਦੇ ਆਪਣੇ ਫੈਸਲੇ ਬਾਰੇ, ਮ੍ਰਿਣਾਲ ਨੇ ਅੱਗੇ ਕਿਹਾ, "ਮੈਂ ਰਵੀ ਸਰ ਨੂੰ ਕਿਹਾ ਕਿ ਮੈਂ ਉਨ੍ਹਾਂ ਦੇ ਕੰਮ ਦੀ ਬਹੁਤ ਵੱਡੀ ਪ੍ਰਸ਼ੰਸਕ ਹਾਂ ਅਤੇ ਉਨ੍ਹਾਂ ਨਾਲ ਕੰਮ ਕਰਨਾ ਚਾਹੁੰਦੀ ਹਾਂ। ਰਵੀ ਸਰ ਨੇ ਮੁਸਕਰਾਇਆ ਅਤੇ ਜਵਾਬ ਦਿੱਤਾ ਕਿ ਅਸੀਂ ਜਲਦੀ ਹੀ ਗੱਲ ਕਰਾਂਗੇ। ਕੁਝ ਦਿਨਾਂ ਬਾਅਦ, ਮੈਨੂੰ ਉਨ੍ਹਾਂ ਤੋਂ ਸੁਨੇਹਾ ਮਿਲਿਆ। ਮੈਂ ਉਸ ਸਮੇਂ ਦੁਬਈ ਜਾਣ ਵਾਲੀ ਸੀ, ਇਸ ਲਈ ਮੇਰੇ ਕੋਲ ਜ਼ਿਆਦਾ ਸਮਾਂ ਨਹੀਂ ਸੀ।" ਉਸਨੇ ਅੱਗੇ ਕਿਹਾ, "ਮੈਂ ਕਹਾਣੀ ਦਾ ਇੱਕ ਛੋਟਾ ਜਿਹਾ ਹਿੱਸਾ ਸੁਣਿਆ ਅਤੇ ਫਿਰ ਕੁਝ ਦਿਨਾਂ ਬਾਅਦ ਸਿੱਧਾ ਰਵੀ ਸਰ ਦੇ ਦਫ਼ਤਰ ਗਈ ਜਿੱਥੇ ਮੈਨੂੰ ਪੂਰੀ ਸਕ੍ਰਿਪਟ ਸੁਣਾਈ ਗਈ। ਜਿਵੇਂ ਹੀ ਮੈਂ ਪੂਰੀ ਕਹਾਣੀ ਸੁਣੀ, ਮੈਂ ਫਿਲਮ ਵਿੱਚ ਸ਼ਾਮਲ ਹੋਣ ਲਈ ਪੂਰੀ ਤਰ੍ਹਾਂ ਤਿਆਰ ਸੀ ਅਤੇ ਕਿਹਾ, 'ਚਲੋ ਇਹ ਕਰੀਏ।'" ਫਿਲਮ ਦੀ ਸ਼ੂਟਿੰਗ ਅਪ੍ਰੈਲ ਵਿੱਚ ਸ਼ੁਰੂ ਹੋ ਗਈ। "ਦੋ ਦੀਵਾਨੇ ਸੇਹਰ ਮੇਂ" ਇੱਕ ਰੋਮਾਂਟਿਕ ਡਰਾਮਾ ਫਿਲਮ ਹੈ ਜਿਸ ਵਿੱਚ ਮ੍ਰਿਣਾਲ ਦੇ ਨਾਲ ਸਿਧਾਂਤ ਚਤੁਰਵੇਦੀ ਅਭਿਨੀਤ ਹਨ, ਅਤੇ ਇਸਨੂੰ ਜ਼ੀ ਸਟੂਡੀਓਜ਼ ਅਤੇ ਭੰਸਾਲੀ ਪ੍ਰੋਡਕਸ਼ਨ ਦੇ ਸਹਿਯੋਗ ਨਾਲ ਬਣਾਇਆ ਜਾ ਰਿਹਾ ਹੈ। ਨਿਰਮਾਤਾਵਾਂ ਵਿੱਚ ਸੰਜੇ ਲੀਲਾ ਭੰਸਾਲੀ, ਪ੍ਰੇਰਨਾ ਸਿੰਘ ਅਤੇ ਉਮੇਸ਼ ਕੁਮਾਰ ਬਾਂਸਲ ਸ਼ਾਮਲ ਹਨ।



# ਮੈਂ ਮਿਹਨਤ, ਜਨੂੰਨ ਅਤੇ ਪਿਆਰ ਨਾਲ ਨਿਭਾਇਆ 'ਦਿਲ ਧੋਖਾ ਔਰ ਡਿਜ਼ਾਇਰ' 'ਚ ਅਪਣਾ ਕਿਰਦਾਰ : ਆਕਾਂਕਸ਼ਾ ਚਮੋਲਾ

**ਮੁੰਬਈ, 13 ਫਰਵਰੀ (ਜਨ ਜਾਗਰਣ ਰਿਪੋਰਟਰ)** : ਅਦਾਕਾਰਾ ਅਤੇ ਬਿੱਗ ਬੌਸ 19 ਦੇ ਜੇਤੂ ਗੌਰਵ ਖੰਨਾ ਦੀ ਪਤਨੀ, ਆਕਾਂਕਸ਼ਾ ਚਮੋਲਾ ਨੇ ਆਪਣਾ OTT ਡੈਬਿਊ ਕਰ ਲਿਆ ਹੈ। ਉਹ ਸਟ੍ਰੀਮਿੰਗ ਪਲੇਟਫਾਰਮ ਸ਼ੇਮਾਰੂਮੀ ਦੀ ਵੈੱਬ ਸੀਰੀਜ਼ 'ਦਿਲ ਧੋਖਾ ਔਰ ਡਿਜ਼ਾਇਰ' ਵਿੱਚ ਇੱਕ ਵਿਲੱਖਣ ਭੂਮਿਕਾ ਵਿੱਚ ਦਿਖਾਈ ਦਿੱਤੀ ਅਤੇ ਇਸ ਨੂੰ ਲੈ ਕੇ ਬਹੁਤ ਉਤਸ਼ਾਹਿਤ ਹੈ। ਆਕਾਂਕਸ਼ਾ ਨੇ ਕਿਹਾ ਕਿ ਉਹ ਸਹੀ ਸਮੇਂ ਦੀ ਉਡੀਕ ਕਰ ਰਹੀ ਸੀ। 'ਦਿਲ ਧੋਖਾ ਔਰ ਡਿਜ਼ਾਇਰ' ਨਾਲ ਆਪਣਾ ਡਿਜੀਟਲ ਡੈਬਿਊ ਕਰਨ ਵਾਲੀ ਆਕਾਂਕਸ਼ਾ ਨੇ ਇਸ ਪ੍ਰੋਜੈਕਟ ਲਈ ਆਪਣੇ ਉਤਸ਼ਾਹ ਦਾ ਪ੍ਰਗਟਾਵਾ ਕੀਤਾ ਅਤੇ ਕਿਹਾ ਕਿ ਉਹ ਆਪਣੇ ਕੰਮ ਦੇ ਵਿਕਲਪਾਂ ਪ੍ਰਤੀ ਬਹੁਤ ਧਿਆਨ ਰੱਖਦੀ ਹੈ। ਆਕਾਂਕਸ਼ਾ ਨੇ ਕਿਹਾ, "ਮੇਰੇ ਸਫ਼ਰ ਦੇ ਇਸ ਮੋੜ 'ਤੇ ਓਟੀਟੀ ਸਪੇਸ ਵਿੱਚ ਦਾਖਲ ਹੋਣਾ ਬਹੁਤ ਖਾਸ ਮਹਿਸੂਸ ਹੋ ਰਿਹਾ ਹੈ। ਮੈਂ ਇਸ ਵੈੱਬ ਸੀਰੀਜ਼ ਵਿੱਚ ਬਹੁਤ ਮਿਹਨਤ, ਜਨੂੰਨ ਅਤੇ ਪਿਆਰ ਪਾਇਆ ਹੈ। ਮੈਨੂੰ ਉਮੀਦ ਹੈ ਕਿ ਦਰਸ਼ਕ ਮਾਲਿਨੀ ਅਤੇ ਉਸਦੇ ਸਫ਼ਰ ਨੂੰ ਉਸੇ ਪਿਆਰ ਨਾਲ ਅਪਣਾਉਣਗੇ।" ਲੜੀ ਵਿੱਚ, ਆਕਾਂਕਸ਼ਾ ਮਾਲਿਨੀ ਦਾ ਕਿਰਦਾਰ ਨਿਭਾਉਂਦੀ ਹੈ, ਜੋ ਕਹਾਣੀ ਦਾ ਕੇਂਦਰ ਹੈ। ਮਾਲਿਨੀ ਮਜ਼ਬੂਤ ਅਤੇ ਕਮਜ਼ੋਰ, ਦਲੇਰ ਹੈ ਪਰ ਫਿਰ ਵੀ ਜਟਿਲਤਾਵਾਂ ਵਿੱਚ ਉਲਝੀ ਹੋਈ ਹੈ। ਆਕਾਂਕਸ਼ਾ ਕਹਿੰਦੀ ਹੈ, "ਇਹ ਭੂਮਿਕਾ ਮੈਨੂੰ ਭਾਵਨਾਤਮਕ ਤੌਰ 'ਤੇ ਚੁਣੌਤੀ ਦਿੰਦੀ ਹੈ। ਮਾਲਿਨੀ ਅਸਲੀ ਹੈ ਅਤੇ ਇਸ ਵਿੱਚ ਬਹੁਤ ਸਾਰੀਆਂ ਕਮੀਆਂ ਹਨ।" ਉਸਨੇ ਅੱਗੇ ਕਿਹਾ, "ਮੈਂ ਸਹੀ ਸਕ੍ਰਿਪਟ ਅਤੇ ਸਹੀ ਭੂਮਿਕਾ ਦੀ ਉਡੀਕ ਕਰ ਰਹੀ ਸੀ, ਅਤੇ ਹੁਣ ਮੈਨੂੰ ਲੱਗਦਾ ਹੈ ਕਿ ਇੰਤਜ਼ਾਰ ਇਸ ਦੇ ਯੋਗ ਸੀ।



# 'ਸਨਮ ਰੇ' 'ਚ ਅੱਜ ਵੀ ਬਰਕਰਾਰ ਹੈ ਪੁਲਕਿਤ ਅਤੇ ਯਾਮੀ ਦੀ ਕੈਮਿਸਟਰੀ ਦਾ ਜਾਦੂ, ਨੇਟੀਜ਼ਨਾਂ ਨੇ ਸੀਕਵਲ ਦੀ ਮੰਗ

**ਮੁੰਬਈ, 13 ਫਰਵਰੀ (ਜਨ ਜਾਗਰਣ ਰਿਪੋਰਟਰ)** : ਇਹ ਵਿਸ਼ਵਾਸ ਕਰਨਾ ਔਖਾ ਹੈ ਕਿ 'ਸਨਮ ਰੇ' ਦੀ ਰਿਲੀਜ਼ ਤੋਂ ਇੱਕ ਦਹਾਕਾ ਬੀਤ ਗਿਆ ਹੈ, ਪਰ ਫਿਲਮ ਅਜੇ ਵੀ ਦਰਸ਼ਕਾਂ ਦੇ ਦਿਲਾਂ ਵਿੱਚ ਇੱਕ ਖਾਸ ਸਥਾਨ ਰੱਖਦੀ ਹੈ। ਦਸ ਸਾਲ ਪਹਿਲਾਂ ਰਿਲੀਜ਼ ਹੋਈ, ਇਸ ਰੋਮਾਂਟਿਕ ਡਰਾਮੇ ਨੇ ਆਪਣੀ ਭਾਵਨਾਤਮਕ ਕਹਾਣੀ, ਸੁਹਾਵਣਾ ਸੰਗੀਤ ਅਤੇ ਦਿਲ ਨੂੰ ਛੂਹ ਲੈਣ ਵਾਲੀ ਪ੍ਰੇਮ ਕਹਾਣੀ ਨਾਲ ਲੋਕਾਂ ਦੇ ਦਿਲਾਂ ਨੂੰ ਛੂਹ ਲਿਆ। ਫਿਲਮ ਵਿੱਚ ਪੁਲਕਿਤ ਸਮਰਾਟ ਅਤੇ ਯਾਮੀ ਗੌਤਮ ਦੀ ਔਨ-ਸਕ੍ਰੀਨ ਕੈਮਿਸਟਰੀ ਅਜੇ ਵੀ ਯਾਦ ਹੈ। ਇਸ ਜੋੜੀ ਨੇ ਇੱਕ ਕੁਦਰਤੀ, ਸੱਚਾ ਅਤੇ ਡੂੰਘਾ ਭਾਵਨਾਤਮਕ ਸਬੰਧ ਦਿਖਾਇਆ, ਜਿਸ ਨਾਲ ਹਰ ਦ੍ਰਿਸ਼ ਖਾਸ ਬਣ ਗਿਆ। ਉਨ੍ਹਾਂ ਦੇ ਪ੍ਰਦਰਸ਼ਨ ਇੰਨੇ ਸੱਚੇ ਮਹਿਸੂਸ ਹੋਏ ਕਿ ਦਰਸ਼ਕਾਂ ਨੂੰ ਕਹਾਣੀ ਨਾਲ ਜੁੜਿਆ ਮਹਿਸੂਸ ਹੋਇਆ। ਉਨ੍ਹਾਂ ਦੀ ਸਕ੍ਰੀਨ ਮੌਜੂਦਗੀ ਅਤੇ ਦਿੱਖ ਫਿਲਮ ਦੇ ਰੋਮਾਂਟਿਕ ਸੁਰ ਨਾਲ ਪੂਰੀ ਤਰ੍ਹਾਂ ਮੇਲ ਖਾਂਦੀ ਹੈ, ਜਿਸ ਨਾਲ ਉਨ੍ਹਾਂ ਦੀ ਜੋੜੀ ਹੋਰ ਵੀ ਪ੍ਰਭਾਵਸ਼ਾਲੀ ਹੋ ਗਈ। ਪੁਲਕਿਤ ਸਮਰਾਟ ਦੀ ਤੀਬਰ ਅਤੇ ਭਾਵਨਾਤਮਕ ਅਦਾਕਾਰੀ, ਉਸਦੇ ਨਰਮ ਅਤੇ ਸੰਵੇਦਨਸ਼ੀਲ ਪੱਖ ਨੂੰ ਦਰਸਾਉਂਦੀ, ਫਿਲਮ ਦਾ ਕੇਂਦਰ ਸੀ। ਯਾਮੀ ਗੌਤਮ ਨਾਲ ਉਸਦੀ ਕੈਮਿਸਟਰੀ ਫਿਲਮ ਦੇ ਸਭ ਤੋਂ ਵੱਧ ਚਰਚਾ ਵਿੱਚ ਆਉਣ ਵਾਲੇ ਮੁੱਖ ਹਿੱਸਿਆਂ ਵਿੱਚੋਂ ਇੱਕ ਸੀ। ਉਰਵਸ਼ੀ ਰੌਤੇਲਾ ਨੇ ਵੀ ਇੱਕ ਮਹੱਤਵਪੂਰਨ ਮੌਜੂਦਗੀ ਮਹਿਸੂਸ ਕੀਤੀ, ਜਿਸ ਨਾਲ ਫਿਲਮ ਭਾਵਨਾਵਾਂ, ਵਿਛੋੜੇ ਅਤੇ ਤਾਂਘ ਦੀ ਕਹਾਣੀ ਬਣ ਗਈ। "ਸਨਮ ਰੇ" ਆਪਣੇ ਸੁਰੀਲੇ ਸੰਗੀਤ ਲਈ ਵੀ ਜਾਣੀ ਜਾਂਦੀ ਹੈ। ਇਸਦੇ ਗੀਤ ਰਿਲੀਜ਼ ਹੋਣ 'ਤੇ ਹਿੱਟ ਹੋ ਗਏ ਅਤੇ ਅੱਜ ਵੀ ਲੋਕਾਂ ਦੀਆਂ ਪਲੇਲਿਸਟਾਂ ਦਾ ਹਿੱਸਾ ਬਣੇ ਹੋਏ ਹਨ। ਇਹ ਗੀਤ ਸਕੂਲ ਅਤੇ ਕਾਲਜ ਦੇ ਦਿਨਾਂ, ਪਹਿਲੇ ਪਿਆਰ ਅਤੇ ਉਨ੍ਹਾਂ ਮਾਸੂਮ ਯਾਦਾਂ ਦੀਆਂ ਯਾਦਾਂ ਨੂੰ ਤਾਜ਼ਾ ਕਰਦੇ ਹਨ ਜੋ ਸਮੇਂ ਦੇ ਨਾਲ ਹੋਰ ਵੀ ਕੀਮਤੀ ਹੋ ਜਾਂਦੀਆਂ ਹਨ। ਦਿਲਚਸਪ ਗੱਲ ਇਹ ਹੈ ਕਿ ਫਿਲਮ ਦੀ 10ਵੀਂ ਵਰ੍ਹੇਗੰਢ ਨੂੰ ਮਨਾਉਣ ਲਈ ਰਿਲੀਜ਼ ਕੀਤੀ ਗਈ ਜਸ਼ਨ ਰੀਲ ਨੇ ਸੋਸ਼ਲ ਮੀਡੀਆ 'ਤੇ ਯਾਦਾਂ ਦਾ ਹੜ੍ਹ ਲਿਆ ਦਿੱਤਾ। ਟਿੱਪਣੀ ਭਾਗ ਵਿੱਚ, ਪ੍ਰਸ਼ੰਸਕਾਂ ਨੇ ਖੁੱਲ੍ਹ ਕੇ "ਸਨਮ ਰੇ 2" ਦੀ ਮੰਗ ਕੀਤੀ। ਬਹੁਤ ਸਾਰੇ ਉਪਭੋਗਤਾਵਾਂ ਨੇ ਇਸਨੂੰ "ਸਿਰਫ਼ ਇੱਕ ਫਿਲਮ ਨਹੀਂ, ਸਗੋਂ ਇੱਕ ਭਾਵਨਾ" ਕਿਹਾ ਅਤੇ ਟੀ-ਸੀਰੀਜ਼ ਅਤੇ ਭੂਸ਼ਣ ਕੁਮਾਰ ਨੂੰ ਟੈਗ ਕੀਤਾ, ਉਨ੍ਹਾਂ ਨੂੰ ਇੱਕ ਸੀਕਵਲ ਬਣਾਉਣ ਦੀ ਅਪੀਲ ਕੀਤੀ। ਰਾਜੇਸ਼ ਚੌਹਾਨ ਨੇ ਲਿਖਿਆ, "10 ਸਾਲ ਬਾਅਦ ਵੀ, ਮੈਂ ਅਜੇ ਵੀ 'ਸਨਮ ਰੇ 2' ਦੀ ਉਡੀਕ ਕਰ ਰਿਹਾ ਹਾਂ। ਟੀ-ਸੀਰੀਜ਼, ਕਿਰਪਾ ਕਰਕੇ ਇਸਨੂੰ ਪੁਲਕਿਤ ਅਤੇ ਯਾਮੀ ਨਾਲ ਰੀਮੇਕ ਕਰੋ।" ਸੌਰਭ ਪਾਠਕ ਨੇ ਟਿੱਪਣੀ ਕੀਤੀ, "ਜੇਕਰ ਕੋਈ ਫਿਲਮ ਸੀਕਵਲ ਦੀ ਹੱਕਦਾਰ ਹੈ, ਤਾਂ ਉਹ 'ਸਨਮ ਰੇ' ਹੈ।" ਅਨੁਜ ਪ੍ਰਜਾਪਤੀ ਨੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਲਿਖਿਆ, "'ਸਨਮ ਰੇ' ਸਿਰਫ਼ ਇੱਕ ਫਿਲਮ ਨਹੀਂ ਸੀ, ਇਹ ਇੱਕ ਭਾਵਨਾ ਸੀ। ਕਿਰਪਾ ਕਰਕੇ ਇਸ ਜੋੜੀ ਨੂੰ ਵਾਪਸ ਇਕੱਠੇ ਲਿਆਓ।" ਮਯੂਰ ਪੰਚਾਲ ਨੇ ਲਿਖਿਆ, "'ਸਨਮ ਰੇ 2' ਲਈ ਇੱਕ ਪਟੀਸ਼ਨ ਸ਼ੁਰੂ ਕਰੋ।" ਰਿਗਵੇਦ ਸਵਾਮੀ ਨੇ ਲਿਖਿਆ, "ਪਿਆਰੇ ਭੂਸ਼ਣ ਕੁਮਾਰ, ਪੁਰਾਣੀਆਂ ਯਾਦਾਂ, ਸੰਗੀਤ ਅਤੇ ਪਿਆਰ ਸਭ ਅਜੇ ਵੀ ਜ਼ਿੰਦਾ ਹਨ। ਕਿਰਪਾ ਕਰਕੇ 'ਸਨਮ ਰੇ 2' 'ਤੇ ਵਿਚਾਰ ਕਰੋ।" ਹੋਰ ਪੋਸਟਾਂ 'ਤੇ ਪ੍ਰਸ਼ੰਸਕਾਂ ਦਾ ਉਤਸ਼ਾਹ ਘੱਟ ਸਪੱਸ਼ਟ ਨਹੀਂ ਸੀ। ਜਿੰਦਲ ਕੇਸ਼ਵ ਨੇ ਲਿਖਿਆ, "ਇਹ ਫਿਲਮ ਮੈਨੂੰ ਮੇਰੇ ਸਕੂਲ/ਕਾਲਜ ਦੇ ਦਿਨਾਂ ਦੀ ਯਾਦ ਦਿਵਾਉਂਦੀ ਹੈ। ਮੈਨੂੰ ਇੱਕ ਸੀਕਵਲ ਦੀ ਲੋੜ ਹੈ।" ਅਰਨਵ ਔਨਲਾਈਨ ਨੇ ਕਿਹਾ, "ਮੈਨੂੰ ਜਲਦੀ ਹੀ ਇੱਕ ਸਨਮ ਰੇ ਸੀਕਵਲ ਦੀ ਲੋੜ ਹੈ।" ਰੋਹਿਤ ਖੁਰਾਨਾ ਨੇ ਸਾਂਝਾ ਕੀਤਾ, "ਵਿਸ਼ਵਾਸ ਨਹੀਂ ਹੋ ਰਿਹਾ ਕਿ 10 ਸਾਲ ਹੋ ਗਏ ਹਨ... ਇਹ ਫਿਲਮ ਸੱਚਮੁੱਚ ਇੱਕ ਪੰਥ ਪਸੰਦੀਦਾ ਹੈ।" ਸਿਨਹਾ ਰਾਘਵ ਨੇ ਟਿੱਪਣੀ ਕੀਤੀ, ਇਸ ਫਿਲਮ ਨੂੰ ਦੁਬਾਰਾ ਰਿਲੀਜ਼ ਕੀਤਾ ਜਾਣਾ ਚਾਹੀਦਾ ਹੈ। ਵਿਹੰਤ ਨੇ ਲਿਖਿਆ, ਇਸ ਦਾ ਮਾਹੌਲ, ਗਾਣੇ, ਭਾਵਨਾਵਾਂ... ਸਭ ਕੁਝ ਸ਼ਾਨਦਾਰ ਹੈ। ਪਾਰਥ ਡੇਵ ਨੇ ਲਿਖਿਆ, ਸਾਨੂੰ ਸੱਚਮੁੱਚ ਯਾਮੀ ਅਤੇ ਪੁਲਕਿਤ ਨੂੰ ਦੁਬਾਰਾ ਵੱਡੇ ਪਰਦੇ 'ਤੇ ਇਕੱਠੇ ਦੇਖਣ ਦੀ ਜ਼ਰੂਰਤ ਹੈ! ਰਾਹੁਲ ਚੌਧਰੀ ਨੇ ਕਿਹਾ, ਪੁਲਕਿਤ ਅਤੇ ਯਾਮੀ ਇਕੱਠੇ ਬਹੁਤ ਪਿਆਰੇ ਲੱਗਦੇ ਹਨ, ਹੈ ਨਾ? ਨੇਟੀਜ਼ਨਾਂ ਦੀਆਂ ਇਹ ਸੋਸ਼ਲ ਮੀਡੀਆ ਪੋਸਟਾਂ ਦਰਸਾਉਂਦੀਆਂ ਹਨ ਕਿ ਇੱਕ ਦਹਾਕੇ ਬਾਅਦ ਵੀ, ਲੋਕ 'ਸਨਮ ਰੇ' ਨੂੰ ਸਿਰਫ਼ ਇੱਕ ਫਿਲਮ ਵਜੋਂ ਨਹੀਂ, ਸਗੋਂ ਇੱਕ ਭਾਵਨਾ ਵਜੋਂ ਯਾਦ ਰੱਖਦੇ ਹਨ। ਪ੍ਰਸ਼ੰਸਕਾਂ ਵੱਲੋਂ ਲਗਾਤਾਰ ਪਿਆਰ, ਇਸਦੇ ਗੀਤਾਂ ਦੀ ਪ੍ਰਸਿੱਧੀ ਅਤੇ 'ਸਨਮ ਰੇ 2' ਦੀ ਵੱਧਦੀ ਮੰਗ ਸਾਬਤ ਕਰਦੀ ਹੈ ਕਿ ਕੁਝ ਪ੍ਰੇਮ ਕਹਾਣੀਆਂ ਸਮੇਂ ਦੇ ਨਾਲ ਫਿੱਕੀਆਂ ਨਹੀਂ ਪੈਂਦੀਆਂ, ਸਗੋਂ ਡੂੰਘੀਆਂ ਹੁੰਦੀਆਂ ਜਾਂਦੀਆਂ ਹਨ।



# ਸੱਤ ਸਾਲਾਂ ਬਾਅਦ ਕੀ ਸ਼ਾਹਿਦ ਕਪੂਰ ਦੇ ਸਕਣਗੇ ਬਲਾਕਬਸਟਰ ਫਿਲਮ ? 'ਓ ਰੋਮੀਓ' ਨਾਲ ਸ਼ਕਤੀਸ਼ਾਲੀ ਵਾਪਸੀ ਦੀਆਂ ਉਮੀਦਾਂ

**ਮੁੰਬਈ, 13 ਫਰਵਰੀ (ਜਨ ਜਾਗਰਣ ਰਿਪੋਰਟਰ)** : ਸ਼ਾਹਿਦ ਕਪੂਰ, ਤ੍ਰਿਪਤੀ ਡਿਮਰੀ ਅਤੇ ਅਵਿਨਾਸ਼ ਤਿਵਾੜੀ ਦੀ ਰੋਮਾਂਟਿਕ-ਐਕਸ਼ਨ ਡਰਾਮਾ 'ਓ ਰੋਮੀਓ' ਸਿਨੇਮਾਘਰਾਂ ਵਿੱਚ ਰਿਲੀਜ਼ ਹੋ ਗਈ ਹੈ। ਐਕਸ਼ਨ ਨਾਲ ਭਰਪੂਰ ਇਸ ਫਿਲਮ ਵਿੱਚ ਕਈ ਦ੍ਰਿਸ਼ ਹਨ ਜੋ ਕਿਸੇ ਨੂੰ ਵੀ ਡਰਾ ਸਕਦੇ ਹਨ। ਇਹ ਫਿਲਮ ਘੱਟ ਰੋਮਾਂਸ ਅਤੇ ਜ਼ਿਆਦਾ ਬੇਰਹਿਮੀ ਨਾਲ ਭਰੀ ਹੋਈ ਹੈ, ਇਸ ਲਈ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ 'ਓ ਰੋਮੀਓ' ਅਦਾਕਾਰ ਦੀ 2019 ਵਿੱਚ ਰਿਲੀਜ਼ ਹੋਈ 'ਕਬੀਰ ਸਿੰਘ' ਨਾਲ ਇੱਕ ਸ਼ਾਨਦਾਰ ਸਮਾਨਤਾ ਰੱਖਦੀ ਹੈ। ਪਰ ਕੀ 'ਓ ਰੋਮੀਓ' 'ਕਬੀਰ ਸਿੰਘ' ਵਰਗੀ ਬਲਾਕਬਸਟਰ ਹੋਵੇਗੀ ? 'ਕਬੀਰ ਸਿੰਘ' ਤੋਂ ਬਾਅਦ, ਸ਼ਾਹਿਦ ਕਪੂਰ ਨੇ ਤਿੰਨ ਫਿਲਮਾਂ ਰਿਲੀਜ਼ ਕੀਤੀਆਂ ਜੋ ਫਲਾਪ ਤੋਂ ਲੈ ਕੇ ਔਸਤ ਤੱਕ ਸਨ। ਸ਼ਾਹਿਦ ਕਪੂਰ ਅਤੇ ਮ੍ਰਿਣਾਲ ਠਾਕੁਰ ਦੀ ਫਿਲਮ "ਜਰਸੀ" 2022 ਵਿੱਚ ਰਿਲੀਜ਼ ਹੋਈ ਸੀ। ਇਹ ਫਿਲਮ ਇੱਕ ਪ੍ਰੇਰਨਾਦਾਇਕ ਕਹਾਣੀ ਸੀ ਜਿਸ ਵਿੱਚ ਸ਼ਾਹਿਦ ਕਪੂਰ ਦੁਆਰਾ ਨਿਭਾਇਆ ਗਿਆ ਅਰਜੁਨ ਤਲਵਾਰ ਆਪਣੇ ਪੁੱਤਰ ਰਾਹੀਂ ਆਪਣੇ ਸੁਪਨੇ ਨੂੰ ਪੂਰਾ ਕਰਦਾ ਹੈ ਅਤੇ ਉਸਦੇ ਰਾਹੀਂ ਆਪਣੇ ਅਸਫਲ ਕਰੀਅਰ ਨੂੰ ਮੁੜ ਸੁਰਜੀਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਹ ਫਿਲਮ ਇੱਕ ਪਰਿਵਾਰ-ਮੁਖੀ ਫਿਲਮ ਹੈ, ਜੋ ਸੰਘਰਸ਼ਾਂ ਅਤੇ ਸਫਲਤਾ ਪ੍ਰਾਪਤ ਕਰਨ ਦੇ ਸੁਪਨਿਆਂ ਨਾਲ ਭਰੀ ਹੋਈ ਹੈ। ਕਹਾਣੀ ਦਿਲ ਨੂੰ ਛੂਹ ਲੈਣ ਵਾਲੀ ਸੀ, ਪਰ ਰੁਪਏ 60-95 ਕਰੋੜ ਦੇ ਬਜਟ ਨਾਲ ਬਣੀ ਫਿਲਮ ਨੇ ਬਾਕਸ ਆਫਿਸ 'ਤੇ ਲਗਭਗ ਰੁਪਏ 30 ਕਰੋੜ ਦੀ ਕਮਾਈ ਕੀਤੀ, ਜਿਸ ਤੋਂ ਬਾਅਦ ਨਿਰਮਾਤਾਵਾਂ ਨੇ OTT ਰਾਹੀਂ ਬਜਟ ਨੂੰ ਮੁੜ ਪ੍ਰਾਪਤ ਕਰਨ ਦਾ ਫੈਸਲਾ ਕੀਤਾ। "ਜਰਸੀ" ਤੋਂ ਬਾਅਦ, ਸ਼ਾਹਿਦ ਕਪੂਰ ਨੇ ਇੱਕ ਵਾਰ ਫਿਰ OTT-ਰਿਲੀਜ਼ ਹੋਈ ਫਿਲਮ "ਬਲਡੀ ਡੈਡੀ" ਵਿੱਚ ਇੱਕ ਭਿਆਨਕ ਅਤੇ ਹਿੰਸਕ ਕਿਰਦਾਰ ਨਿਭਾਇਆ। ਫਿਲਮ ਦਾ ਬਜਟ ਰੁਪਏ 200 ਕਰੋੜ ਸੀ, ਪਰ ਇਸਨੂੰ ਥੀਏਟਰ ਦੀ ਬਜਾਏ OTT 'ਤੇ ਰਿਲੀਜ਼ ਕੀਤਾ ਗਿਆ। ਹਿੰਦੀ ਸਿਨੇਮਾ ਨਾਲ ਜੁੜੇ ਬਹੁਤ ਸਾਰੇ ਲੋਕਾਂ ਨੇ OTT 'ਤੇ ਰੁਪਏ 200 ਕਰੋੜ ਦੀ ਫਿਲਮ ਰਿਲੀਜ਼ ਕਰਨ ਦੇ ਤਰਕ 'ਤੇ ਸਵਾਲ ਉਠਾਏ। ਰਿਪੋਰਟਾਂ ਵਿੱਚ ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਸ਼ਾਹਿਦ ਨੂੰ ਫਿਲਮ ਲਈ ਰੁਪਏ 40 ਕਰੋੜ ਦੀ ਭਾਰੀ ਫੀਸ ਮਿਲੀ ਸੀ, ਪਰ OTT ਪਲੇਟਫਾਰਮਾਂ 'ਤੇ ਫਿਲਮ ਦੀ ਰੇਟਿੰਗ ਔਸਤ ਸੀ। "ਬਲਡੀ ਡੈਡੀ" ਨੂੰ OTT ਪਲੇਟਫਾਰਮਾਂ 'ਤੇ ਔਸਤ ਹੁੰਗਾਰਾ ਮਿਲਿਆ। "ਬਲਡੀ ਡੈਡੀ" ਤੋਂ ਬਾਅਦ, ਸ਼ਾਹਿਦ "ਤੇਰੀ ਬਾਤੋਂ ਮੈਂ ਐਸਾ ਉਲਝਾ ਜੀਆ" ਵਿੱਚ ਕ੍ਰਿਤੀ ਸੈਨਨ ਨਾਲ ਰੋਮਾਂਟਿਕ ਨਜ਼ਰ ਆਏ। ਇਹ ਫਿਲਮ ਇੱਕ ਪ੍ਰੇਮ ਕਹਾਣੀ ਸੀ, ਪਰ ਇਹ ਕਾਫ਼ੀ ਵੱਖਰੀ ਸੀ। ਕ੍ਰਿਤੀ ਨੇ ਫਿਲਮ ਵਿੱਚ ਇੱਕ ਰੋਬੋਟ ਦੀ ਭੂਮਿਕਾ ਨਿਭਾਈ, ਅਤੇ ਸ਼ਾਹਿਦ ਨੂੰ ਉਸ ਨਾਲ ਪਿਆਰ ਹੋ ਗਿਆ। ਫਿਲਮ ਦਾ ਸੰਗ੍ਰਹਿ ਪਹਿਲੇ ਹਫ਼ਤੇ ਪ੍ਰਭਾਵਸ਼ਾਲੀ ਸੀ, ਪਰ ਦਸਵੇਂ ਦਿਨ ਤੋਂ ਬਾਅਦ, ਇਹ ਪਛੜਨਾ ਸ਼ੁਰੂ ਹੋ ਗਿਆ। ਹਾਲਾਂਕਿ, ਫਿਲਮ ਆਪਣੇ ਬਜਟ ਨੂੰ ਮੁੜ ਪ੍ਰਾਪਤ ਕਰਨ ਵਿੱਚ ਕਾਮਯਾਬ ਰਹੀ, ਲਗਭਗ ਰੁਪਏ 100-150 ਕਰੋੜ ਦੀ ਕਮਾਈ ਕੀਤੀ, ਜੋ ਰੁਪਏ 75 ਕਰੋੜ ਦੇ ਬਜਟ 'ਤੇ ਬਣੀ ਸੀ। ਇਹ ਫਿਲਮ ਔਸਤ ਹਿੱਟ ਸੀ। "ਕਬੀਰ ਸਿੰਘ" ਤੋਂ ਬਾਅਦ ਰਿਲੀਜ਼ ਹੋਈਆਂ ਸ਼ਾਹਿਦ ਕਪੂਰ ਦੀਆਂ ਫਿਲਮਾਂ ਜਾਂ ਤਾਂ ਫਲਾਪ ਰਹੀਆਂ ਜਾਂ ਔਸਤ ਹਿੱਟ। ਕਬੀਰ ਸਿੰਘ ਸ਼ਾਹਿਦ ਦੇ ਕਰੀਅਰ ਦੀ ਇੱਕ ਅਜਿਹੀ ਫਿਲਮ ਸੀ ਜਿਸਨੇ ਜ਼ਹਿਰੀਲੇ ਅਤੇ ਸਮਾਜ ਲਈ ਖ਼ਤਰਾ ਕਹੇ ਜਾਣ ਦੇ ਬਾਵਜੂਦ, ਬਾਕਸ ਆਫਿਸ 'ਤੇ ਲਗਭਗ ਰੁਪਏ 400 ਕਰੋੜ ਦੀ ਕਮਾਈ ਕੀਤੀ। ਇਹ ਸੱਤ ਸਾਲਾਂ ਵਿੱਚ ਅਦਾਕਾਰ ਦੀ ਪਹਿਲੀ ਬਲਾਕਬਸਟਰ ਫਿਲਮ ਸੀ। ਫਿਲਮ ਦਾ ਬਜਟ ਰੁਪਏ 60 ਕਰੋੜ ਸੀ, ਪਰ ਇਸਨੇ ਪ੍ਰਸ਼ੰਸਕਾਂ ਦੇ ਦਿਲ ਜਿੱਤ ਲਏ। ਹੁਣ ਇਹ ਦੇਖਣਾ ਬਾਕੀ ਹੈ ਕਿ ਕੀ "ਓ ਰੋਮੀਓ", ਜੋ ਕਿ ਇੱਕ ਹਿੰਸਕ ਕਹਾਣੀ ਅਤੇ ਰੋਮਾਂਸ ਵਾਲੀ ਫਿਲਮ ਹੈ, ਉਸਨੂੰ "ਕਬੀਰ ਸਿੰਘ" ਵਰਗੀ ਸਫਲਤਾ ਦਿਵਾਏਗੀ ਜਾਂ ਨਹੀਂ।




# ਸਿਧਾਂਤ ਚਤੁਰਵੇਦੀ ਨੇ 'ਦੋ ਦੀਵਾਨੇ ਸਹਿਰ ਮੇਂ' ਨਾਲ ਸ਼ੁਰੂ ਕੀਤਾ ਰੋਮਾਂਟਿਕ ਹੀਰੋ ਵਜੋਂ ਆਪਣਾ ਸਫ਼ਰ

